ੴ ਸਤਿਗੁਰ ਪ੍ਰਸਾਦਿ।।

# ਕੁਦਰਤ ਦੀ ਕਲਾ

(ਭਾਗ ਪਹਿਲਾ)

ਲੇਖਕ :-
ਸੰਤਪੈਨ ਗਿਆਨੀ ਸੁਖਬੀਰ ਸਿੰਘ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

ISBN : 81-7601-028-6
ISBN : 81-7601-029-4 (ਸੈੱਟ ਦੋ ਭਾਗ)

ਦੂਜੀ ਵਾਰ ਮਾਰਚ 1998
ਤੀਜੀ ਵਾਰ ਅਪ੍ਰੈਲ 2003

ਭੇਟਾ : 100-00

ਪ੍ਰਕਾਸ਼ਕ-
ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974
ਫੈਕਸ : (0183) 2557973
E-Mail : csjs@jla.vsnl.net.in
Visit our Website : www.csjs.com

(Printed In India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

# ਸਮਰਪਣ

ਓਸ ਕਰਤਾ ਪੁਰਖ ਦੀ ਕੁਦਰਤ ਨੂੰ,

ਜਿਸ ਦੀ ਕਲਾ ਬਾਰੇ ਅੱਜ ਤਕ

ਨਾ ਕੋਈ ਪੂਰਨ ਤੌਰ ਤੇ ਜਾਣ ਸਕਿਆ ਹੈ

ਅਤੇ ਨਾ ਕੋਈ ਜਾਣ ਸਕੇਗਾ।

-ਸੰਤਰੇਨ ਗਿ: ਸੁਖਬੀਰ ਸਿੰਘ

# ਦੋ ਸ਼ਬਦ — ਲੇਖਕ ਵੱਲੋਂ

ਸਾਰੇ ਸੰਸਾਰ ਦੀ ਬਣਤਰ ਪ੍ਰਭੂ ਦੀ ਕਲਾ ਦਾ ਨਮੂਨਾ ਹੈ। ਇਕ ਪਾਣੀ ਦੇ ਕਤਰੇ ਤੋਂ ਮਾਤਾ ਦੇ ਗਰਭ ਵਿੱਚ ਮਨੁੱਖੀ ਸਰੀਰ ਦਾ ਵਜੂਦ ਬਣਦਾ ਹੈ। ਇਸ ਨੂੰ ਪ੍ਰਭੂ ਦੀ ਕੁਦਰਤ ਹੀ ਕਿਹਾ ਜਾ ਸਕਦਾ ਹੈ। ਇਕ ਨਿੱਕੇ ਖ਼ਸਖ਼ਸ ਦੇ ਦਾਣੇ ਜਿੰਨੇ ਬੀਜ ਵਿੱਚ, ਪ੍ਰਭੂ ਦੀ ਕਲਾ ਦੁਆਰਾ, ਇਕ ਬਹੁਤ ਵੱਡਾ ਦਰਖ਼ਤ ਛੁਪਿਆ ਹੈ। ਫਿਰ ਇਕ ਬਹੁਤ ਵੱਡੇ ਦਰਖ਼ਤ ਦਾ ਬੀਜ ਇਕ ਨਿੱਕੇ ਰਾਈ ਦੇ ਦਾਣੇ ਜਿੰਨੇ ਅਕਾਰ ਵਿੱਚ ਆਉਂਦਾ ਹੈ। ਇਹ ਸਿਲਸਲਾ ਨਿਰੰਤਰ ਇਕ ਪ੍ਰਵਾਹ ਵਾਂਗ ਚਲਦਾ ਹੀ ਜਾਂਦਾ ਹੈ। ਇਹੋ ਹੀ ਕੁਦਰਤ ਦੀ ਕਲਾ ਹੈ। ਇਸ ਕਲਾ ਦਾ ਸੰਪੂਰਨ ਭੇਦ ਅੱਜ ਤਕ ਨਾ ਕਿਸੇ ਗਿਆਨੀ ਨੇ ਪਾਇਆ ਹੈ ਅਤੇ ਨਾ ਹੀ ਕਿਸੇ ਵਿਗਿਆਨੀ ਨੇ ਪਾਇਆ ਹੈ। ਜੇ ਉਸ ਦਾ ਅੰਤ ਲਭਿਆ ਜਾ ਸਕਦਾ ਤਾਂ ਉਸ ਨੂੰ ਬਿਅੰਤ, ਬਿਅੰਤ ਕਰਕੇ ਕਿਸ ਨੇ ਯਾਦ ਕਰਨਾ ਸੀ? ਪਰ ਜਿਥੋਂ ਤਕ ਮਨ, ਬੁਧ, ਚਿੱਤ ਅਤੇ ਅਹੰ ਦਾ ਜ਼ੋਰ ਚਲਦਾ ਹੈ, ਉਥੋਂ ਤਕ ਹਰ ਬੰਦੇ ਨੇ ਉਸ ਬਾਰੇ ਜਾਣਨ ਦਾ ਜਤਨ ਕੀਤਾ ਹੈ ਅਤੇ ਕਰ ਰਹੇ ਹਨ। ਇਸ "ਕੁਦਰਤ ਦੀ ਕਲਾ" ਨਾਮਕ ਪੁਸਤਕ ਵਿੱਚ ਆਪ ਦੇ ਸੇਵਕ ਨੇ ਇਕ ਨਿਮਾਣਾ ਜਿਹਾ ਜਤਨ ਕੀਤਾ ਹੈ ਕਿ ਮਨੁੱਖ, ਆਪਣੇ ਅੰਦਰ ਚਲ ਰਹੀ ਉਸ ਪ੍ਰਭੂ ਦੀ ਸੈਭੰ ਕਲਾ ਬਾਰੇ ਜਾਣਕਾਰੀ ਹਾਸਿਲ ਕਰ ਸਕੇ। ਇਸ ਪੁਸਤਕ ਵਿੱਚ (ਜਿਵੇਂ ਕਿ ਟਾਈਟਲ ਉਪਰ ਬਣੀ ਤਸਵੀਰ ਹੈ। ਉਸੇ ਹੀ ਢੰਗ ਨਾਲ ਦਰਸਾਇਆ ਗਿਆ ਹੈ) ਕਿ ਜੀਵ, ਕੁਦਰਤ ਦੁਆਰਾ ਕਿਵੇਂ ਸੰਸਾਰ ਵਿੱਚ ਆਉਂਦਾ ਹੈ। ਫਿਰ ਸੰਸਾਰ ਵਿੱਚ ਕਿਸ ਢੰਗ ਨਾਲ ਰਹਿੰਦਾ ਹੈ। ਫਿਰ ਦੁਬਾਰਾ ਕੁਦਰਤ ਵਿੱਚ ਕਿਵੇਂ ਲੀਨ ਹੋਇਆ ਜਾ ਸਕਦਾ ਹੈ। ਇਸ ਢੰਗ ਦੀ ਜਾਣਕਾਰੀ ਇਸ ਪੁਸਤਕ ਵਿੱਚ ਦਰਸਾਈ ਗਈ ਹੈ।

ਵੈਸੇ ਤਾਂ ਮੈਂ ਕੋਈ ਲਿਖਾਰੀ ਨਹੀਂ ਸੀ। ਪਰ ਸੁਹਿਰਦ ਪਾਠਕ ਪ੍ਰੇਮੀਆਂ ਨੇ ਮੈਨੂੰ ਲਿਖਣ ਲਈ ਮਜਬੂਰ ਕਰ ਦਿੱਤਾ ਹੈ। ਅਕਸਰ ਮੈਂ ਸਟੇਜ ਉੱਪਰ ਗੁਰਮਤਿ ਵਿਚਾਰ ਕਥਾ ਕਰਨ ਦਾ ਤਜਰਬਾ ਰੱਖਦਾ ਹਾਂ। ਇਸੇ

ਵਾਸਤੇ ਦੇਸ਼ ਵਿਦੇਸ਼ ਵਿੱਚ ਵਿਚਰਨ ਦਾ ਬਹੁਤ ਮੌਕਾ ਮਿਲਿਆ ਹੈ। ਜਿਸ ਢੰਗ ਦੀ ਵਿਚਾਰ ਕਥਾ ਸਟੇਜ ਉਪਰੋਂ ਸਰੋਤਿਆਂ ਨੂੰ ਸੁਣਾਉਂਦਾ ਰਿਹਾ ਹਾਂ। ਉਸ ਨੂੰ ਸੁਣਕੇ ਮੇਰੇ ਬਹੁਤ ਸਾਰੇ ਮਿੱਤਰਾਂ ਅਤੇ ਸੁਹਿਰਦ ਗੁਰਮਤਿ ਪ੍ਰੇਮੀ, ਪ੍ਰੇਮਿਕਾਵਾਂ ਨੇ ਬਹੁਤ ਜ਼ੋਰ ਦਿੱਤਾ ਕਿ ਜੋ ਵਿਚਾਰ ਸਟੇਜ ਉੱਪਰੋਂ ਸੁਣਾਉਂਦੇ ਹੋ। ਉਨ੍ਹਾਂ ਨੂੰ ਲਿਖਤੀ ਰੂਪ ਵੀ ਦਿਓ। ਸੋ ਭਾਵੇਂ ਲਿਖਣ ਲਈ ਮੈਨੂੰ ਕੋਈ ਤਜਰਬਾ ਨਹੀਂ ਸੀ ਫਿਰ ਵੀ ਮੈਂ "ਇਕ ਸੌ ਅੱਠ ਮਣਕੇ" ਨਾਮੀ ਇਕ ਪੁਸਤਕ ਲਿਖ ਕੇ ਗੁਰਮਤਿ ਪ੍ਰੇਮੀਆਂ ਤਕ ਪਹੁੰਚਾਉਣ ਦਾ ਨਿਮਾਣਾ ਜਿਹਾ ਜਤਨ ਕੀਤਾ। ਉਸ ਪੁਸਤਕ ਨੂੰ ਏਨਾ ਜ਼ਿਆਦਾ ਮਾਣ ਮਿਲਿਆ ਹੈ ਕਿ ਮੈਂ ਸੁਪਨਾ ਵੀ ਨਹੀਂ ਲੈ ਸਕਦਾ ਸੀ ਕਿ ਮੇਰੀ ਲਿਖਤ ਨੂੰ ਵੀ ਏਨਾ ਮਾਣ ਮਿਲ ਜਾਵੇਗਾ। ਭਾਵੇਂ ਉਸ ਪੁਸਤਕ ਨੂੰ ਮੈਂ ਸਰੋਤਿਆਂ ਦੀ ਤਸੱਲੀ ਮੁਤਾਬਕ ਨਹੀਂ ਲਿਖ ਸਕਿਆ। ਉਸੇ ਹੀ ਪ੍ਰੇਮ ਅਤੇ ਮਾਣ ਨੂੰ ਮਦੇ-ਨਜ਼ਰ ਰੱਖ ਕੇ ਮੈਂ ਇਹ ਦੂਜੀ ਪੁਸਤਕ "ਕੁਦਰਤ ਦੀ ਕਲਾ" ਆਪਣੇ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰ ਰਿਹਾ ਹਾਂ। ਬਹੁਤ ਵੱਡੀ ਆਸ ਕਰਦਾ ਹਾਂ ਕਿ ਆਪ ਆਪਣੇ ਸੇਵਕ ਦੀਆਂ ਭੁੱਲਾਂ ਨੂੰ ਨਜ਼ਰ-ਅੰਦਾਜ਼ ਕਰਕੇ, ਇਸ ਤੁਛ ਸੇਵਾ ਨੂੰ ਵੀ ਮਾਣ ਬਖ਼ਸ਼ੋਗੇ।

ਮੇਰੀ ਦਿਲੀ ਪ੍ਰਾਰਥਨਾ ਹੈ ਕਿ ਗੁਰੂ ਬਾਬਾ ਇਸ ਪੁਸਤਕ ਰਾਹੀਂ "ਪਾਠਕਾਂ ਨੂੰ ਕੁਦਰਤ ਨਾਲ ਇਕ-ਮਿਕ ਹੋਣ ਦਾ ਵਸੀਲਾ ਬਣਨ ਅਤੇ ਮੇਰੀ ਤੁਛ ਸੇਵਾ ਪ੍ਰਵਾਨ ਹੋਵੇ।"

*ਆਪ ਦਾ ਚਰਨ ਸੇਵਕ*
*ਸੰਤਰੇਨ ਗਿਆਨੀ ਸੁਖਬੀਰ ਸਿੰਘ*
*ਲਿੰਕ ਰੋਡ ਮਿੱਠਾਪੁਰ ਤੋਂ ਖੁਰਲਾ ਕਿੰਗਰਾ*
*ਡਾਕਖਾਨਾ ਖੁਰਲਾ ਕਿੰਗਰਾ (ਜਲੰਧਰ) ਪੰਜਾਬ*
*ਟੈਲੀਫੋਨ - 0181-273174*

Sāntren Giani Sukhbir Singh
53- PRINCES STREET, DERBY.
D.E. 23, 8 N.S. ENGLAND.
TEL: 0044-1332-296070

# ਤੱਤਕਰਾ

## ਕੁਦਰਤ ਦੀ ਕਲਾ (ਭਾਗ 1)



★ ★ ★

# ਕੁਦਰਤ ਦਾ ਅਰੰਭ
# ਅਤੇ
# ਕੁਦਰਤ ਦੀ ਕਲਾ

ਪ੍ਰਭੂ ਦੀ ਕੁਦਰਤ (ਕਲਾ) ਹੈ ਕਿ ਮਾਤਾ ਦੇ ਗਰਭ ਵਿਚ ਇਕ ਪਾਣੀ ਦੇ ਕਤਰੇ ਤੋਂ ਬੱਚੇ ਦਾ ਵਜੂਦ ਤਿਆਰ ਹੁੰਦਾ ਹੈ। ਇਸੇ ਪਾਣੀ ਦੇ ਕਤਰੇ ਵਿੱਚ ਹੀ ਪਹਿਲਾਂ ਚੇਤਨਾ ਸਮਾਉਂਦੀ ਹੈ। ਉਸ ਚੇਤਨਾ ਦੇ ਇਰਦ ਗਿਰਦ ਹੀ ਮਾਤਾ ਦੇ ਖ਼ੂਨ ਦੁਆਰਾ ਵਜੂਦ ਬਣਨਾ ਅਰੰਭ ਹੁੰਦਾ ਹੈ। ਠੀਕ, ਜਿਹੜੀ ਸੁਆਸ ਨਾੜੀ ਮਾਤਾ ਦੀ ਹੈ, ਉਸੇ ਹੀ ਸੁਆਸ ਨਾੜੀ ਦਾ ਦੂਜਾ ਹਿੱਸਾ ਮਾਤਾ ਦੀ ਨਾਭੀ ਦੇ ਥੱਲੇ ਹੈ। ਉਥੇ ਹੀ ਸੁਆਸ ਨਾੜੀ ਨਾਲ ਮਾਤਾ ਦੇ ਗਰਭ ਵਿੱਚ ਬੱਚੇ ਦਾ ਵਜੂਦ ਬਣਦਾ ਹੈ। ਜੋ ਸੁਆਸ ਮਾਤਾ ਲੈਂਦੀ ਹੈ, ਉਹੀ ਆਕਸੀਜਨ ਬੱਚੇ ਨੂੰ ਪ੍ਰਾਪਤ ਹੁੰਦੀ ਹੈ। ਕੁਦਰਤ ਦੇ ਨਿਯਮ ਅਨੁਸਾਰ ਨੌਂ ਮਹੀਨੇ ਤਕ ਸੁਆਸ ਅਤੇ ਭੋਜਨ, ਜੋ ਮਾਤਾ ਖਾਂਦੀ ਹੈ, ਉਹੀ ਭੋਜਨ ਅਤੇ ਸੁਆਸ ਬੱਚੇ ਨੂੰ ਮਿਲਦੇ ਹਨ। ਦਰਅਸਲ ਮਾਤਾ ਦੀ ਮੂਲ ਨਾਭੀ ਤੋਂ ਬੱਚੇ ਦੀ ਮੂਲ ਨਾਭੀ ਤਿਆਰ ਹੁੰਦੀ ਹੈ। ਜਦੋਂ ਬੱਚੇ ਦੀ ਪੈਦਾਇਸ਼ ਹੁੰਦੀ ਹੈ ਤਾਂ ਉਸ ਵੇਲੇ ਕੁਦਰਤ ਦਾ ਨਿਯਮ ਇਕਦਮ ਬਦਲਦਾ ਹੈ। ਪੇਟ ਦੀ ਨਾਭੀ ਕੱਟੀ ਵੀ ਜਾਂਦੀ ਹੈ ਅਤੇ ਬੰਦ ਵੀ ਹੋ ਜਾਂਦੀ ਹੈ। ਜਿਥੇ ਬੱਚੇ ਦੀ ਨਾਭੀ ਬੰਦ ਹੁੰਦੀ ਹੈ। ਉਥੇ ਹੀ ਮੂਲ ਜੋਤ ਜਾਂ ਮੂਲ ਚੇਤਨਾ ਹੁੰਦੀ ਹੈ। ਇਸੇ ਵਾਸਤੇ ਹੀ ਨਾਭੀ ਵਾਲਾ ਅਸਥਾਨ ਬੜਾ ਕੀਮਤੀ ਹੈ। ਕਿਉਂਕਿ ਮੂਲ ਸ਼ਕਤੀ ਇਸ ਜਗ੍ਹਾ ਤੇ ਹੈ। ਨਾਭੀ ਤੋਂ ਥੱਲੇ ਹੀ ਮੂਲ ਕਾਮ ਇੰਦਰਾ ਹੈ। ਉਂਝ ਤਾਂ ਸਰੀਰ ਦੇ ਹਰੇਕ ਇੰਦਰੇ ਤੋਂ ਕਾਮਨਾ ਹੀ ਪੈਦਾ ਹੁੰਦੀ ਹੈ। ਪਰ ਮੂਲ ਰੂਪ ਵਿਚ ਕਾਮਨਾ ਦਾ ਕੇਂਦਰ ਨਾਭੀ ਤੋਂ ਹੇਠ ਹੈ। ਜੇਕਰ ਬੰਦਾ ਮੂਲ ਕੇਂਦਰ ਭਾਵ ਪ੍ਰਮਾਤਮਾ ਨਾਲ ਜੁੜਨਾ ਚਾਹਵੇ ਤਾਂ ਇਸੇ ਕਾਮ ਸ਼ਕਤੀ ਵਿਚੋਂ ਹੀ ਰਾਮ ਸ਼ਕਤੀ ਪੈਦਾ ਹੋ ਸਕਦੀ ਹੈ। ਸਾਧਨਾ ਕਰਨ ਦੀ ਵਿਧੀ ਆਉਣੀ ਚਾਹੀਦੀ ਹੈ।

ਜਿਸ ਦਮ ਬੱਚੇ ਦਾ ਜਨਮ ਹੁੰਦਾ ਹੈ, ਉਸੇ ਦਮ ਬੱਚੇ ਦੀ ਨਾਭੀ

ਬੰਦ ਹੋ ਜਾਂਦੀ ਹੈ ਅਤੇ ਕੁਦਰਤ ਦੇ ਨਿਯਮ ਅਨੁਸਾਰ, ਸੈਭੰ ਹੀ ਸੁਆਸ, ਨਾਸਾਂ ਦੁਆਰਾ ਚਲਣ ਲਗ ਪੈਂਦੇ ਹਨ। ਇਹ ਸੁਆਸਾਂ ਦੀ ਨਾੜੀ ਮਸਤਕ ਤੋਂ ਹੁੰਦੀ ਹੋਈ ਨਾਭੀ ਤਕ ਜਾਂਦੀ ਹੈ। ਇਸ ਵਾਸਤੇ ਸਰੀਰ ਦੇ ਦੋ ਭਾਗ ਬੜੇ ਕੀਮਤੀ ਹਨ। ਇਕ ਨਾਭੀ ਅਤੇ ਦੂਜਾ ਮਸਤਕ। ਕਿਉਂਕਿ ਸੁਆਸ ਦੀ ਨਾੜੀ ਦਾ ਦੂਜਾ ਭਾਗ ਨੱਕ ਤੋਂ ਹੁੰਦਾ ਹੋਇਆ ਬਾਹਰ ਦੇ ਵਿਰਾਟ ਬ੍ਰਹਮੰਡ ਨਾਲ ਜੁੜਿਆ ਹੋਇਆ ਹੈ। ਨਾਭੀ ਦੇ ਹੇਠ ਮੂਲ ਚੇਤਨਾ ਸੁੱਤੀ ਹੋਈ ਹੈ। ਉਹ ਚੇਤਨਾ ਅਸਲ ਵਿਚ ਉਸੇ ਵਿਰਾਟ ਤੋਂ ਟੁੱਟੀ ਹੋਈ ਅੰਸ਼ ਹੈ ਜੋ ਮਾਤਾ ਦੇ ਗਰਭ ਰਾਹੀਂ ਬੱਚੇ ਵਿੱਚ ਆਈ ਹੈ। ਜਿੰਨੀ ਦੇਰ ਬੱਚਾ ਗਰਭ ਵਿਚ ਹੁੰਦਾ ਹੈ। ਓਨੀ ਦੇਰ ਬੱਚੇ ਦੀ ਚੇਤਨਾ ਪੂਰੇ ਵਿਰਾਟ ਨਾਲ ਇਕਮਿੱਕ ਹੀ ਰਹਿੰਦੀ ਹੈ। ਇਹ ਵੀ ਇਕ ਕੁਦਰਤ ਦਾ ਨਿਯਮ ਹੀ ਹੈ। ਜੇ ਗਰਭ ਵਿਚ ਵੀ ਚੇਤਨਾ, ਪ੍ਰਮਾਤਮਾ ਨਾਲੋਂ ਅਲੱਗ ਹੋ ਜਾਵੇ ਤਾਂ ਬੱਚਾ ਗਰਭ ਦੇ ਨਰਕ ਕੁੰਡ ਵਿਚ ਦੋ ਘੜੀਆਂ ਵੀ ਨਹੀਂ ਕੱਢ ਸਕਦਾ। ਮਾਤਾ ਦੇ ਗਰਭ ਵਿੱਚ ਬੱਚੇ ਦੀ ਲਿਵ ਧੁਰ ਆਪਣੇ ਮੂਲ ਸਰੂਪ ਪ੍ਰਮਾਤਮਾ ਨਾਲ ਜੁੜੀ ਹੋਈ ਹੈ। ਇਸੇ ਵਾਸਤੇ ਹੀ ਕੋਈ ਦੁਖ ਨਹੀਂ। ਜਨਮਦਿਆਂ ਸਾਰ ਹੀ ਸੁਰਤ ਟੁੱਟ ਜਾਂਦੀ ਹੈ। ਧਿਆਨ ਖਿੰਡ ਜਾਂਦਾ ਹੈ —

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**

(ਪੰਨਾ ੯੨੧)

ਤਮਾਮ ਰਿਸ਼ੀਆਂ ਮੁਨੀਆਂ ਅਤੇ ਗੁਰੂ ਪੀਰਾਂ ਨੇ ਮਾਤਾ ਦੇ ਗਰਭ ਵਿੱਚ ਬੱਚੇ ਨੂੰ ਬ੍ਰਹਮ ਗਿਆਨੀ ਮੰਨਿਆ ਹੈ। ਕਿਉਂਕਿ ਧਿਆਨ ਟਿਕਿਆ ਹੋਇਆ ਹੈ। ਸੁਰਤ ਟਿਕੀ ਹੋਈ ਹੈ। ਧਿਆਨ! ਯਾਨੀ ਕਿ ਸੁਰਤ ਇੰਦਰਿਆਂ ਰਾਹੀਂ ਟੁਟਦੀ ਹੈ। ਮਾਤਾ ਦੇ ਗਰਭ ਵਿੱਚ ਅਜੇ ਇੰਦਰੇ ਕੰਮ ਨਹੀਂ ਕਰਦੇ। ਇਸ ਵਾਸਤੇ ਸੁਰਤ ਧੁਰ ਤਕ ਟਿਕੀ ਰਹਿੰਦੀ ਹੈ। ਧਿਆਨ ਜੁੜਿਆ ਰਹਿੰਦਾ ਹੈ। ਪਰ ਇਸ ਪਰਮ ਰਸ ਦਾ ਬੋਧ ਵੀ ਨਹੀਂ ਹੁੰਦਾ। ਕਿਉਂਕਿ ਗਰਭ ਵਿੱਚ ਬੁਧ ਅਜੇ ਵਿਕਸਤ ਹੀ ਨਹੀਂ ਹੁੰਦੀ। ਉਸ ਵਕਤ ਇਹ ਬੋਧ ਹੋਵੇ ਤਾਂ ਜਨਮ ਹੋਣ ਵੇਲੇ ਵੀ ਬੱਚੇ ਦਾ ਧਿਆਨ ਨਹੀਂ ਟੁੱਟ ਸਕਦਾ। ਮਾਤਾ ਦੇ ਗਰਭ ਵਿੱਚ ਬੱਚੇ ਦੀ ਸੁਰਤੀ ਇਸ ਤਰ੍ਹਾਂ ਹੈ, ਜਿਵੇਂ ਕਿਸੇ ਦੀ ਜੇਬ ਵਿੱਚ ਕੋਹੇਨੂਰ ਹੀਰਾ ਹੋਵੇ ਪਰ ਉਸ ਨੂੰ ਕੋਹੇਨੂਰ ਹੀਰੇ ਦਾ ਪਤਾ ਹੀ ਨਾ ਹੋਵੇ, ਸਮਝ ਹੀ ਨਾ ਹੋਵੇ। ਤਾਂ ਉਸ ਕੋਹੇਨੂਰ ਹੀਰੇ ਦਾ ਹੋਣਾ ਨਾ ਹੋਣਾ ਇਕ ਬਰਾਬਰ ਹੈ। ਧਿਆਨ

ਤਾਂ ਉਸ ਵਕਤ ਬੱਚੇ ਦਾ ਟਿਕਿਆ ਹੋਇਆ ਹੈ। ਪਰ ਸਮਝ ਨਹੀਂ। ਬੋਧ ਨਹੀਂ ਹੈ।

**ਭਾਈ ਗੁਰਦਾਸ** ਜੀ ਮਹਾਰਾਜ ਨੇ ਬੱਚੇ ਦੀ ਉਸ ਵਕਤ ਦੀ ਦਸ਼ਾ ਨੂੰ ਬੜਾ ਸੁੰਦਰ ਬਿਆਨ ਕੀਤਾ ਹੈ। ਜਿਸ ਵਕਤ ਬੱਚੇ ਦਾ ਜਨਮ ਹੁੰਦਾ ਹੈ। ਭਾਈ ਗੁਰਦਾਸ ਜੀ ਦੇ ਕੋਲ ਵਕਤ ਦੇ ਅਜ਼ੀਮ ਵੈਦ ਹਕੀਮ ਪਹੁੰਚੇ। ਉਨ੍ਹਾਂ ਨੇ ਭਾਈ ਸਾਹਿਬ ਤੋਂ ਪੁਛਿਆ ਕਿ ਤੁਸੀਂ ਬਹੁਤ ਵੱਡੇ ਆਤਮ ਖੋਜੀ ਹੋ, ਦਾਰਸ਼ਨਿਕ ਹੋ, ਅੰਤਰਦਰਸ਼ੀ ਵੀ ਹੋ। ਸਾਡਾ ਇਕ ਸਵਾਲ ਹੱਲ ਕਰੋ। ਭਾਈ ਸਾਹਿਬ ਕਹਿਣ ਲਗੇ, ਦਸੋ? ਤਾਂ ਉਨ੍ਹਾਂ ਵੈਦਾਂ ਹਕੀਮਾਂ ਨੇ ਪੁਛਿਆ ਕਿ ਸਾਨੂੰ ਦੱਸੋ ਕਿ ਮਨੁੱਖੀ ਬੱਚਾ ਜੰਮਦਾ ਹੋਇਆ ਕਿਉਂ ਰੋਂਦਾ ਹੈ? ਅਸੀਂ ਸਰੀਰ ਦੇ ਤਲ ਉਪਰ ਬੜੀ ਖੋਜ ਕੀਤੀ ਹੈ। ਰੋਣ ਦਾ ਸਬੰਧ ਤਾਂ ਦੁਖ ਨਾਲ ਹੈ। ਪਰ ਜਨਮ ਦਾ ਦੁਖ ਕੀ ਹੈ? ਹਾਲਾਂ ਕਿ ਪੰਛੀਆਂ ਦੇ ਬੱਚੇ ਅੰਡਿਆਂ ਵਿਚੋਂ ਆਉਂਦੇ ਹਨ। ਪਰ ਚਹਿਚਹਾਉਂਦੇ ਹੋਏ ਆਉਂਦੇ ਹਨ। ਚਾਰ ਪੈਰੇ ਪਸ਼ੂਆਂ ਦੇ ਬੱਚੇ ਸੰਸਾਰ ਤੇ ਖਾਮੋਸ਼ੀ ਨਾਲ ਆਉਂਦੇ ਹਨ। ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੂੰ ਕੋਈ ਦੁਖ ਪ੍ਰਤੀਤ ਨਹੀਂ ਹੁੰਦਾ। ਪਰ ਇੱਕ ਮਨੁੱਖੀ ਬੱਚਾ ਹੈ, ਜੋ ਇਸ ਧਰਤੀ ਤੇ ਰੋਂਦਾ ਹੋਇਆ ਹੀ ਆਉਂਦਾ ਹੈ ਅਤੇ ਰੋਂਦਾ ਹੋਇਆ ਹੀ ਜਾਂਦਾ ਹੈ। ਇਹ ਮਨੁੱਖ, ਧਰਤੀ ਦਾ ਸਰਦਾਰ ਹੈ। ਇਹ ਸਭ ਤੋਂ ਉੱਚੀ ਜੀਵ ਸ਼੍ਰੇਣੀ ਹੈ। ਇਹ ਰੋਂਦਾ ਹੋਇਆ ਕਿਉਂ ਆਉਂਦਾ ਹੈ? ਉਹ ਸਾਰੇ ਵੈਦ ਹਕੀਮ ਭਾਈ ਸਾਹਿਬ ਨੂੰ ਕਹਿੰਦੇ ਹਨ ਕਿ ਅਸੀਂ ਇਹ ਜਾਣਦੇ ਹਾਂ ਕਿ ਜੇਕਰ ਰੋਣ ਦਾ ਸਬੰਧ ਦੁਖ ਨਾਲ ਹੈ ਤਾਂ ਮਾਂ ਦੇ ਗਰਭ ਵਿੱਚ ਜੋ ਦੁਖ ਹੈ। ਉਸ ਦੁਖ ਨਾਲੋਂ ਵੱਡਾ ਦੁਖ ਹੋਰ ਕੋਈ ਨਹੀਂ। ਪਰ ਉਥੇ ਤਾਂ ਬੱਚਾ ਕੋਈ ਦੁਖ ਪ੍ਰਤੀਤ ਨਹੀਂ ਕਰਦਾ। ਹਾਲਾਂ ਕਿ ਤਨ ਵਿੱਚ ਵੀ ਤੰਦਰੁਸਤੀ ਹੈ। ਉਹੀ ਬੱਚੇ ਰੋਂਦੇ ਹਨ ਜੋ ਤੰਦਰੁਸਤ ਹਨ। ਜੋ ਤੰਦਰੁਸਤ ਨਹੀਂ ਉਹ ਰੋਂਦੇ ਵੀ ਨਹੀਂ। ਬੱਚੇ ਦੀ ਪਹਿਲੀ ਚੀਖ ਵਿਚ ਮਾਪਿਆਂ ਦੀ ਖ਼ੁਸ਼ੀ ਛਿਪੀ ਹੁੰਦੀ ਹੈ। ਜਨਮਦੇ ਸਾਰ ਬੱਚਾ ਨਾ ਰੋਵੇ ਤਾਂ ਪਰਿਵਾਰ ਨੂੰ ਫ਼ਿਕਰ ਲਗਦਾ ਹੈ ਕਿ ਬੱਚਾ ਰੋਇਆ ਕਿਉਂ ਨਹੀਂ ਹੈ? ਹੁਣ ਉਹ ਵੈਦ ਭਾਈ ਸਾਹਿਬ ਤੋਂ ਪੁਛਦੇ ਹਨ ਕਿ ਤੁਸੀਂ ਦਸੋ ਜਨਮਦੇ ਸਾਰ ਮਨੁੱਖੀ ਬੱਚਾ ਕਿਉਂ ਰੋਂਦਾ ਹੈ? ਭਾਈ ਸਾਹਿਬ ਉਨ੍ਹਾਂ ਸਾਰੇ ਵੈਦਾਂ ਹਕੀਮਾਂ ਨੂੰ ਜਵਾਬ ਦੇਂਦੇ ਹਨ ਕਿ ਜਿਹੜੀ ਗੱਲ ਮੈਨੂੰ ਲੱਭੀ ਹੈ, ਸ਼ਾਇਦ ਤੁਹਾਡੀ ਵਿਚਾਰਧਾਰਾ ਨਾਲ ਉਹ ਤਾਲ ਮੇਲ ਨਾ ਖਾਏ। ਕਿਉਂਕਿ ਤੁਸੀਂ ਤਨ ਦੇ ਖੋਜੀ ਹੋ। ਮੈਂ ਮਨ ਦਾ ਖੋਜੀ ਹਾਂ। ਜੋ ਤਨ ਦੇ ਤਲ ਉੱਪਰ

ਬੀਮਾਰੀਆਂ ਲੱਭਦਾ ਹੈ, ਉਹ ਡਾਕਟਰ, ਵੈਦ ਜਾਂ ਹਕੀਮ ਹੈ। ਜਿਹੜਾ ਇਸ ਤੋਂ ਅੱਗੇ ਚਲਾ ਜਾਵੇ, ਯਾਨੀ ਕਿ ਆਤਮਾ ਦੇ ਤਲ ਉੱਪਰ ਝਾਤ ਮਾਰ ਸਕੇ, ਉਹ ਸੰਤ, ਭਗਤ ਜਾਂ ਬ੍ਰਹਮ ਗਿਆਨੀ ਹੈ। ਉਹ ਨਿਰਾ ਸਰੀਰ ਨੂੰ ਹੀ ਨਹੀਂ ਵੇਖਦਾ ਬਲਕਿ ਬਹੁਤ ਗਹਿਰਾ ਆਤਮ-ਦਰਸ਼ਨ ਕਰਦਾ ਹੈ। ਇਸ ਵਾਸਤੇ ਉਹ ਆਤਮ-ਦਰਸ਼ੀ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਨਵਜਾਤ ਬੱਚੇ ਦੇ ਰੋਣ ਦਾ ਕਾਰਨ ਕੋਈ ਆਤਮ-ਦਰਸ਼ੀ ਹੀ ਦੇ ਸਕਦਾ ਹੈ। ਕਿਉਂਕਿ ਤੁਸੀਂ ਲੋਕ ਬੱਚੇ ਦੇ ਦੁਖ ਨੂੰ ਤਨ ਦੇ ਤਲ ਉਪਰ ਲੱਭਦੇ ਹੋ। ਪਰ ਬੱਚਾ ਤਾਂ ਆਤਮਾ ਦੇ ਤਲ ਤੋਂ ਰੋਂਦਾ ਹੈ। ਪਰਿਵਾਰ ਨੂੰ ਉਸ ਦੇ ਰੋਣ ਵਿੱਚ ਖੁਸ਼ੀ ਹੈ। ਪਰ ਬੱਚਾ ਆਤਮਾ ਕਰਕੇ ਧੁਰ ਪ੍ਰਮਾਤਮਾ ਨਾਲੋਂ ਟੁੱਟ ਗਿਆ ਹੈ। ਇਸ ਵਾਸਤੇ –

**ਰੋਵੈ ਰਤਨੁ ਗਵਾਇਕੈ ਮਾਇਆ ਮੋਹੁ ਅਨ੍ਹੇਰੁ ਗੁਬਾਰਾ॥**
**ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ॥**

*(ਵਾਰ ੩੭ ਪਉੜੀ ੭, ਭਾ: ਗੁਰਦਾਸ ਜੀ)*

ਭਾਈ ਸਾਹਿਬ ਕਹਿੰਦੇ ਹਨ ਕਿ ਉਹ ਇਕ ਨਿਰਮੋਲਕ ਰਤਨ ਗਵਾ ਬੈਠਾ ਹੈ। ਇਸ ਵਾਸਤੇ ਉਹ ਰੋਇਆ ਹੈ। ਕਿਉਂਕਿ ਬੜਾ ਕੀਮਤੀ ਰਤਨ ਉਸ ਕੋਲੋਂ ਚਲਾ ਗਿਆ ਹੈ। ਉਹ ਕੀਮਤੀ ਰਤਨ ਸੀ, ਉਸ ਦਾ ਟਿਕਿਆ ਹੋਇਆ ਧਿਆਨ। ਟਿਕੀ ਹੋਈ ਸੁਰਤ। ਉਹ ਖਿੰਡ ਗਈ ਹੈ। ਉਸ ਦਾ ਧਿਆਨ ਖਿੰਡਾਉ ਵਿੱਚ ਬਦਲ ਗਿਆ ਹੈ। ਜੋ ਸੁਰਤ ਦੀ ਇਕਾਗਰਤਾ ਸੀ, ਉਹ ਭਟਕਣਾ ਵਿੱਚ ਬਦਲ ਗਈ ਹੈ। ਇਸ ਤੋਂ ਬਾਅਦ ਤਾਂ ਤਰ੍ਹਾਂ ਤਰ੍ਹਾਂ ਦੀ ਸੰਸਾਰਕ ਵਾਸ਼ਨਾ ਜਨਮ ਲਏਗੀ। ਇਕਾਗਰਤਾ ਦੇ ਟੁੱਟ ਜਾਣ ਕਰਕੇ ਬੱਚਾ ਜ਼ਾਰੋ ਜ਼ਾਰ ਰੋਂਦਾ ਹੈ। ਸਹਿਜੇ ਸਹਿਜੇ ਇਹ ਧਿਆਨ ਯਾਨੀ ਕਿ ਸੁਰਤ ਸੰਸਾਰ ਵਿੱਚ ਐਸੀ ਖਿਲਰਦੀ ਹੈ ਕਿ ਸੰਸਾਰ ਦੇ ਸੌ ਤਰ੍ਹਾਂ ਦੇ ਰੋਣੇ ਸ਼ੁਰੂ ਹੋ ਜਾਂਦੇ ਹਨ। ਫਿਰ ਉਹ ਪਹਿਲੇ ਦਿਨ ਦਾ ਪਵਿੱਤਰ ਰੋਣਾ ਜਿਹੜਾ ਸਿਰਫ਼ ਪ੍ਰਮਾਤਮਾ ਨਾਲੋਂ ਟੁੱਟ ਜਾਣ ਕਰਕੇ ਹੀ ਰੋਇਆ ਸੀ, ਉਹ ਮੱਠਾ ਪੈਂਦਾ ਪੈਂਦਾ ਅਖੀਰ ਭੁਲ ਜਾਂਦਾ ਹੈ। ਸੰਸਾਰ ਦੇ ਅਨੰਤ ਰੋਣਿਆਂ ਦੇ ਹੇਠਾਂ ਉਹ ਪਵਿੱਤਰ ਰੋਣਾ ਦੱਬ ਕੇ ਹੀ ਰਹਿ ਜਾਂਦਾ ਹੈ। ਅੱਜ ਇਕ ਚਾਲੀ ਸਾਲ ਦੇ ਆਦਮੀ ਨੂੰ ਕਹੀਏ ਕਿ ਤੂੰ ਉਸ ਤਰ੍ਹਾਂ ਰੋਕੇ ਵਿਖਾ, ਜਿਵੇਂ ਪਹਿਲੇ ਦਿਨ ਦਾ ਮਾਸੂਮ ਬੱਚਾ ਰੋਂਦਾ ਹੈ, ਤਾਂ ਉਹ ਕਦੇ ਵੀ ਨਹੀਂ ਰੋ ਸਕੇਗਾ। ਪਰ ਉਸ ਆਦਮੀ ਨੂੰ ਇਹ ਕਹੀਏ ਕਿ ਇਕ ਦਿਨ ਤੇਰਾ ਵੀ ਜਨਮ ਹੋਇਆ ਸੀ ਅਤੇ ਤੂੰ ਵੀ

ਵਾਲਾ ਮਨੁੱਖ ਸ਼ਿਕਾਰੀ ਅਤੇ ਕੁੱਤਾ ਵੀ ਮਰ ਗਿਆ। ਗਗਨ ਦੇ ਗੌਉਂਗਾ ਵਿੱਚ ਉੱਡਣ ਵਾਲੀ ਇੱਲ ਵੀ ਮਰ ਗਈ। ਪਾਣੀ ਦੇ ਪਤਾਲ ਵਿੱਚ ਰਹਿਣ ਵਾਲੀ ਮੱਛੀ ਵੀ ਮਰ ਗਈ। ਦਰਅਸਲ ਜਦੋਂ ਜੀਵ ਪ੍ਰਾਣੀ ਦਾ ਸਮਾਂ ਮੁੱਕ ਜਾਂਦਾ ਹੈ ਤਾਂ ਉਹ ਪਤਾ ਨਹੀਂ ਕਿਥੇ ਖ਼ਤਮ ਹੋ ਜਾਏ। ਪਾਣੀ ਦੇ ਜ਼ੀਵਾਂ ਨੂੰ ਧਰਤੀ ਤੇ ਲਿਆ ਕੇ ਮਾਰਦਾ ਹੈ। ਅਕਾਸ਼ ਦੀਆਂ ਬੁਲੰਦੀਆਂ ਵਿੱਚ ਉੱਡਣ ਵਾਲਿਆਂ ਨੂੰ ਥੱਲੇ ਪਟਕਾ ਮਾਰਦਾ ਹੈ। ਥਲਾਂ ਵਿੱਚ ਰਹਿਣ ਵਾਲਿਆਂ ਨੂੰ ਉਪਰ ਲਿਆ ਕੇ ਮਾਰਦਾ ਹੈ। ਸ਼ਾਇਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਇਸੇ ਤਰ੍ਹਾਂ ਦੀ ਇਹ ਵਜ਼ਾਹਤ ਕੀਤੀ ਹੈ ਕਿ —

**ਜਲ ਕਹਾ ਥਲ ਕਹਾ, ਗਗਨ ਕੇ ਗੌਂਗ ਕਹਾ,**
**ਕਾਲ ਕੇ ਬਨਾਏ ਸਭ ਕਾਲ ਹੀ ਚਬਾਹਿਗੇ॥** *(ਦਸਮ ਗ੍ਰੰਥ)*

ਦਰਅਸਲ ਇਹ ਕਹਾਣੀ ਮਨੁੱਖ ਦੇ ਅੰਤਸ਼ਕਰਣ ਦੀ ਵਿਆਖਿਆ ਕਰ ਰਹੀ ਹੈ। ਮਨੁੱਖ ਦਾ ਮਨ ਸ਼ਿਕਾਰੀ ਹੈ। ਮਨ ਦੇ ਮਰਨ ਨਾਲ ਹਉਮੈ ਅਹੰਕਾਰ ਦਾ ਬਾਰਾਂਸਿੰਗਾ ਮਰ ਜਾਂਦਾ ਹੈ। ਯਾਨੀ, ਕਿ ਦੇਹ ਅਭਿਮਾਨ ਵੀ ਮਰਦਾ ਹੈ। ਮਨ ਦੇ ਮਰਨ ਨਾਲ ਕ੍ਰੋਧ ਦਾ ਸੱਪ ਵੀ ਮਰ ਜਾਂਦਾ ਹੈ। ਵਰਨਾ ਜਿਵੇਂ ਸੱਪ ਦੀ ਪੂਛ ਉਪਰ ਹੀ ਪੈਰ ਆਉਣ ਨਾਲ ਸੱਪ ਡਸਦਾ ਹੈ। ਇਵੇਂ ਬੰਦੇ ਦੇ ਪੈਰ ਉਪਰ ਵੀ ਪੈਰ ਆ ਜਾਏ ਤਾਂ ਬੰਦਾ ਡੱਸਦਾ ਹੈ। ਸੱਪ ਦੇ ਡੱਸੇ ਹੋਏ ਦਾ ਤਾਂ ਇਲਾਜ ਹੈ, ਪਰ ਬੰਦੇ ਦੇ ਡੱਸੇ ਹੋਏ ਦਾ ਤਾਂ ਇਲਾਜ ਹੀ ਨਹੀਂ ਹੁੰਦਾ। ਮਨ ਦਾ ਸ਼ਿਕਾਰੀ ਮਰੇ ਤਾਂ ਲੋਭ ਦਾ ਕੁੱਤਾ ਵੀ ਮਰਦਾ ਹੈ। ਮਨ ਦਾ ਸ਼ਿਕਾਰੀ ਮਰੇ ਤਾਂ ਤ੍ਰਿਸ਼ਨਾ ਦੀ ਮੱਛੀ ਅਤੇ ਲਾਲਸਾ ਦੀ ਇੱਲ ਵੀ ਮਰ ਜਾਂਦੀ ਹੈ। ਕਬੀਰ ਸਾਹਿਬ ਨੇ ਸ਼ਾਇਦ ਆਪਣੇ ਸਲੋਕਾਂ ਵਿੱਚ ਇਹੀ ਬਿਆਨ ਕੀਤਾ ਹੈ —

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥**
**ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥**
*(ਪੰਨਾ ੧੩੬੯)*

ਹੋਈ ਹੈ। ਸਰੀਰ ਦੀ ਨਾਭੀ, ਮਨੁੱਖੀ ਸਰੀਰ ਦਾ ਕੇਂਦਰ ਹੈ। ਨਾਭੀ ਦੇ ਥੱਲੇ ਜੀਵਨ ਸ਼ਕਤੀ ਹੈ। ਮਨੁੱਖ ਦੇ ਸਰੀਰ ਦੇ ਦੋ ਭਾਗ ਬੜੇ ਕੀਮਤੀ ਹਨ। ਇਕ ਨਾਭੀ ਅਤੇ ਇਕ ਮਸਤਕ। ਜੀਵਨ ਊਰਜਾ ਦੇ ਦੋ ਕਿਨਾਰੇ ਹਨ। ਇਕ ਨਾਭੀ ਵਿੱਚ ਹੈ ਅਤੇ ਦੂਜਾ ਮਸਤਕ ਵਿਚ ਹੈ। ਸੁਆਸ ਨਾੜੀ ਦੇ ਵਿਚ ਜੀਵਨ ਸ਼ਕਤੀ ਠੀਕ ਇਕ ਸੱਪ ਵਾਂਗ ਕੁੰਡਲ ਮਾਰ ਕੇ ਸੁੱਤੀ ਹੋਈ ਹੈ। ਜਿਵੇਂ ਇਕ ਸੱਪ ਕੁੰਡਲ ਮਾਰ ਕੇ, ਆਪਣਾ ਸਿਰ ਉਨ੍ਹਾਂ ਕੁੰਡਲਾਂ ਵਿਚ ਛਾਹ ਕੇ ਬੈਠਦਾ ਹੈ। ਆਪਣਾ ਮੂੰਹ ਆਪਣੇ ਕੁੰਡਲਾਂ ਵਿਚ ਲੁਕਾ ਕੇ ਬੈਠਦਾ ਹੈ। ਬ੍ਰਹਮ ਗਿਆਨੀ ਲੋਕਾਂ ਦਾ ਅਨੁਭਵ ਹੈ ਕਿ ਜੀਵਨ ਸ਼ਕਤੀ, ਨਾਭੀ ਦੇ ਹੇਠਾਂ ਕੁੰਡਲ ਮਾਰ ਕੇ ਬੈਠੀ ਹੈ। ਉਹ ਸੁੱਤੀ ਹੋਈ ਹੈ। ਯੋਗੀ ਜਨ ਉਸ ਸ਼ਕਤੀ ਨੂੰ ਕੁੰਡਲਨੀ ਆਖਦੇ ਹਨ। ਉਸ ਸ਼ਕਤੀ ਨੂੰ ਜਗਾਉਣਾ ਪੈਂਦਾ ਹੈ। ਸਿਰਮੌਰ ਭਗਤ ਕਬੀਰ ਸਾਹਿਬ ਜੀ ਮਹਾਰਾਜ ਨੇ ਆਪਣੇ ਬਿਆਨ ਵਿਚ ਉਸ ਜੀਵਨ ਸ਼ਕਤੀ ਦੀ ਰੂਪ ਰੇਖਾ ਇਸ ਤਰ੍ਹਾਂ ਉਲੀਕੀ ਹੈ ਕਿ —

**ਖਟ ਨੇਮ ਕਰਿ ਕੋਠੜੀ ਬਾਂਧੀ, ਬਸਤੁ ਅਨੂਪੁ ਬੀਚ ਪਾਈ॥**
**ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ, ਕਰਤੇ ਬਾਰ ਨ ਲਾਈ॥੧॥**
**ਅਬ ਮਨ ਜਾਗਤ ਰਹੁ ਰੇ ਭਾਈ॥ ... ॥**

*(ਪੰਨਾ ੩੩੯)*

ਭਾਵ ਕਿ ਪਰੀਪੂਰਨ ਪ੍ਰਮਾਤਮਾ ਨੇ ਸਰੀਰ ਦੇ ਵਿਚ ਛੇ ਨਿਯਮਾਂ ਵਿਚ ਇਕ ਕੋਠੀ ਬਣਾਈ ਹੈ। ਉਸ ਕੋਠੀ ਵਿਚ ਉਹ ਅਨੂਪਮ ਵਸਤ ਯਾਨੀ ਕਿ ਪਰਮ ਊਰਜਾ ਰੱਖ ਦਿੱਤੀ ਹੈ। ਸੁਆਸਾਂ ਦੇ ਤਾਲੇ ਕੁੰਜੀ ਵਿਚ ਉਹ ਊਰਜਾ ਬੰਦ ਹੈ। ਹੁਣ ਤਾਂ ਮਨ ਨੂੰ ਸੁਚੇਤ ਹੋ ਕੇ ਆਪਣੀ ਪਰਮ ਮੂਲ ਸ਼ਕਤੀ ਨੂੰ ਜਗਾਉਣਾ ਪਏਗਾ। ਬੰਦਾ, ਬਹੁਤਾ ਸੁੱਤਾ ਹੋਇਆ ਹੈ। ਸੁੱਤੇ ਸੁੱਤੇ ਹੀ ਜੀਵਨ ਗੁਜ਼ਰ ਜਾਂਦਾ ਹੈ। ਸੋ ਇਸ ਜੀਵਨ ਸ਼ਕਤੀ ਨੂੰ ਸੁਰਜੀਤ ਕਰਨਾ ਹੈ। ਜਗਾਉਣਾ ਹੈ। ਇਸ ਸਾਧਨਾ ਦੀ ਵਿਚਾਰ ਕਬੀਰ ਸਾਹਿਬ ਜੀ ਦੇ ਇਸ ਸ਼ਬਦ ਦੁਆਰਾ ਹੀ ਕਰਦੇ ਹਾਂ —

**ਖਟ ਨੇਮ ਕਰਿ ਕੋਠਰੀ ਬਾਂਧੀ...॥**

ਸਾਡੇ ਸਰੀਰ ਵਿਚ ਛੇ ਚੱਕਰ ਹਨ। ਉਨ੍ਹਾਂ ਛੇ ਚੱਕਰਾਂ ਦੇ ਅਧਾਰ ਉਪਰ ਸਾਡੇ ਸਰੀਰ ਦੀ ਕੋਠੜੀ ਬਣੀ ਹੈ। ਫਿਰ — **ਬਸਤੁ ਅਨੂਪੁ ਬੀਚ ਪਾਈ॥**

ਕੋਠੜੀ ਵਿਚ ਅਨੂਪਮ ਵਸਤੂ ਹੈ। ਉਸ ਅਨੂਪਮ ਵਸਤੂ ਨੂੰ ਮਸਤਕ

ਦੇ ਕੇਂਦਰ ਵਿਚੋਂ ਹੀ ਅਨੁਭਵ ਕੀਤਾ ਜਾ ਸਕਦਾ ਹੈ। ਪਰ ਜੀਵਨ ਚੇਤਨਾ ਨਾਭੀ ਦੇ ਹੇਠਾਂ ਸੁੱਤੀ ਹੋਈ ਹੈ। ਨਾਭੀ ਤੋਂ ਉਠਾ ਕੇ ਮਸਤਕ ਤਕ ਲੈ ਕੇ ਆਉਣਾ ਹੈ। ਇਹ ਇਕ ਕਠਿਨ ਘਾਲ ਕਰਨ ਦੀ ਲੋੜ ਹੈ। ਬਿਨਾ ਮੁਸ਼ੱਕਤ ਅਤੇ ਘਾਲਣਾ ਤੋਂ ਗੱਲ ਨਹੀਂ ਬਣ ਸਕਦੀ। ਉਹ ਪਰਮਜੋਤੀ ਭਾਵੇਂ ਰੋਮ ਰੋਮ ਵਿਚ ਸਮਾਈ ਹੋਈ ਹੈ। ਪਰ ਮਸਤਕ ਵਿਚ ਉਸ ਦਾ ਕੇਂਦਰੀ ਦਰਸ਼ਨ ਹੁੰਦਾ ਹੈ। ਸੁਰਤ ਦੁਆਰਾ ਉਸ ਪਰਮਜੋਤੀ ਦਾ ਦਰਸ਼ਨ ਕੀਤਾ ਜਾ ਸਕਦਾ ਹੈ। ਉਹ ਜੀਵਨ ਚੇਤਨਾ ਨਾਭੀ ਦੇ ਥੱਲੇ ਸੁੱਤੀ ਹੈ। ਗੁਰਬਾਣੀ ਵਿੱਚ ਇਸੇ ਨੂੰ ਆਖਿਆ ਹੈ ਕਿ —

**ਏਕਾ ਸੇਜ ਵਿਛੀ ਧਨ ਕੰਤਾ॥**
**ਧਨ ਸੂਤੀ ਪਿਰੁ ਸਦ ਜਾਗੰਤਾ॥** *(ਪੰਨਾ ੭੩੭)*

ਪਤੀ ਤਾਂ ਜਾਗਦਾ ਹੈ, ਪਰ ਪਤਨੀ ਸੁੱਤੀ ਹੋਈ ਹੈ। ਪ੍ਰਮਾਤਮਾ ਸਦਾ ਹੀ ਜਾਗ੍ਰਿਤ ਹੈ, ਪਰ ਸਾਡੀ ਚੇਤਨਾ ਸੁੱਤੀ ਹੋਈ ਹੈ —

**ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ॥**
**ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ॥੨॥**

*(ਪੰਨਾ ੮੫੨)*

ਮਨੁੱਖ ਦੇ ਮਸਤਕ ਵਿੱਚ ਇਕ ਐਸਾ ਅਸਥਾਨ ਹੈ, ਜਿਥੇ ਤ੍ਰਿਕੁਟੀ ਹੈ। ਉਹ ਇਕ ਐਸੀ ਦੁਨੀਆ ਹੈ ਜਿਥੇ ਸੱਚ ਹੀ ਸੱਚ ਹੈ। ਜੋ ਸੱਚ ਹੈ, ਉਹੀ ਪਰਮਾਨੰਦ ਹੈ। ਸੋ ਛੇਵਾਂ ਚੱਕਰ ਮਸਤਕ ਵਿੱਚ ਹੈ। ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਮਾਤਮਾ ਦੇ ਅੰਮ੍ਰਿਤ ਸਾਗਰ ਦਾ ਜੋ ਕਿਨਾਰਾ ਹੈ। ਯਾਨੀ ਕਿ ਘਾਟ ਹੈ। ਉਹ ਮੇਰੇ ਮਸਤਕ ਵਿੱਚ ਹੈ ਜਿਥੇ ਤ੍ਰਿਕੁਟੀ ਬਣਦੀ ਹੈ, ਮੈਂ ਉਥੇ ਆਪਣਾ ਆਸਣ ਲਾ ਲਿਆ ਹੈ।

ਭਾਰਤ ਵਿਚ ਤ੍ਰਿਬੇਣੀ ਤੀਰਥ ਦੀ ਬੜੀ ਮਹਾਨਤਾ ਹੈ। ਇਹ ਤੀਰਥ ਅਲਾਹਾਬਾਦ ਵਿਚ ਹੈ। ਇਥੇ ਤਿੰਨ ਨਦੀਆਂ ਦਾ ਮੇਲ ਹੁੰਦਾ ਹੈ। ਭਗਤ ਬੇਣੀ ਜੀ ਨੂੰ ਕਿਸੇ ਨੇ ਕਿਹਾ ਕਿ ਤ੍ਰਿਬੇਣੀ ਤੀਰਥ ਤੇ ਚਲੀਏ, ਕੁੰਭ ਦਾ ਮੇਲਾ ਹੈ ਅਤੇ ਕੁੰਭ ਦੇ ਇਸ਼ਨਾਨ ਦਾ ਬੜਾ ਮਹਾਤਮ ਹੈ। ਚਲੋ! ਤ੍ਰਿਬੇਣੀ ਤੀਰਥ ਉੱਪਰ ਚਲ ਕੇ ਇਸ਼ਨਾਨ ਕਰਦੇ ਹਾਂ। ਤ੍ਰਿਬੇਣੀ ਨੂੰ ਤਿੰਨ ਨਦੀਆਂ ਦਾ ਸੰਗਮ ਮੰਨਿਆ ਜਾਂਦਾ ਹੈ। ਇਹ ਸੰਗਮ ਬੜਾ ਪਵਿੱਤਰ ਘਾਟ ਮੰਨਿਆ ਜਾਂਦਾ ਹੈ। ਹਾਲਾਂ ਕਿ ਤਿੰਨ ਨਦੀਆਂ ਉੱਥੇ ਨਹੀਂ ਹਨ, ਦੋ ਨਦੀਆਂ ਹਨ,

ਗੰਗਾ ਤੇ ਜਮੁਨਾ।

ਅਲਾਹਾਬਾਦ ਦਾ ਪੁਰਾਣਾ ਨਾਮ ਪ੍ਰਯਾਗ ਰਾਜ ਸੀ। ਇਹ ਔਰੰਗਜ਼ੇਬ ਨੇ ਪ੍ਰਯਾਗ ਰਾਜ ਨਾਮ ਮਿਟਾ ਕੇ ਅਲਾਹਾਬਾਦ ਰੱਖ ਦਿੱਤਾ ਸੀ। ਅਯੁਧਿਆ ਦਾ ਨਾਮ ਵੀ ਮਿਟਾ ਕੇ ਫ਼ੈਜ਼ਾਬਾਦ ਰਖਿਆ। ਮਥੁਰਾ ਦਾ ਨਾਮ ਮਿਟਾ ਕੇ ਸਿਕੰਦਰਾਬਾਦ ਰਖਿਆ। ਪਰ ਇਹ ਨਾਮ ਚਲ ਨਾ ਸਕਿਆ। ਪ੍ਰਯਾਗ ਰਾਜ ਨਾਮ ਮਿਟ ਗਿਆ ਅਤੇ ਅਲਾਹਾਬਾਦ ਪ੍ਰਚਲਤ ਹੋ ਗਿਆ। ਮੁਗ਼ਲ ਰਾਜ ਵੇਲੇ ਤਮਾਮ ਪੁਰਾਣੇ ਹਿੰਦੂ ਤੀਰਥਾਂ ਅਤੇ ਸ਼ਹਿਰਾਂ ਦੇ ਨਾਮ ਬਦਲੇ ਗਏ ਸਨ। ਕਈਆਂ ਨੂੰ ਨੇਸਤੋ ਨਬੂਦ ਕਰ ਦਿੱਤਾ ਗਿਆ।

ਅਲਾਹਾਬਾਦ ਵਿੱਚ ਗੰਗਾ ਤੇ ਜਮੁਨਾ ਨਦੀਆਂ ਮਿਲਦੀਆਂ ਹਨ। ਹਰੇਕ ਨਦੀ ਦੇ ਪਾਣੀ ਦਾ ਰੰਗ ਵੱਖ ਵੱਖ ਹੁੰਦਾ ਹੈ, ਪਾਣੀਆਂ ਦਾ ਸੁਆਦ ਵੀ ਅਲੱਗ ਅਲੱਗ ਹੁੰਦਾ ਹੈ। ਜਮਨਾ ਦਾ ਪਾਣੀ ਨੀਲਾ ਹੈ। ਗੰਗਾ ਦਾ ਪਾਣੀ ਚਿੱਟਾ ਹੈ। ਦੋਵਾਂ ਪਾਣੀਆਂ ਦਾ ਜਦ ਮੇਲ ਹੋ ਜਾਂਦਾ ਹੈ ਤਾਂ ਦੂਰ ਤਕ ਪਤਾ ਲਗਦਾ ਹੈ ਕਿ ਉਹ ਪਾਣੀ ਗੰਗਾ ਦਾ ਹੈ। ਉਹ ਜਮਨਾ ਦਾ ਹੈ। ਉਸ ਸੰਗਮ ਤੇ ਇਸ਼ਨਾਨ ਕਰਨ ਦੀ ਬੜੀ ਪੁਰਾਣੀ ਮਹਾਨਤਾ ਚਲੀ ਆਉਂਦੀ ਹੈ। ਉਸ ਸੰਗਮ ਨੂੰ ਤ੍ਰਿਬੇਣੀ ਕਿਹਾ ਜਾਂਦਾ ਹੈ। ਤਿੰਨ ਨਦੀਆਂ ਦਾ ਸੰਗਮ "ਤ੍ਰਿਬੇਣੀ" ਹੈ। ਲੇਕਿਨ ਉਥੇ ਤਿੰਨ ਨਦੀਆਂ ਹੈ ਨਹੀਂ। ਤੀਜੀ ਬਾਰੇ ਪੁੱਛੋ ਤਾਂ ਉਥੋਂ ਦੇ ਪਾਂਡੇ ਜਵਾਬ ਦੇਂਦੇ ਹਨ ਕਿ ਤੀਜੀ ਨਦੀ ਥਲਿਉਂ ਗੁਪਤ ਰੂਪ ਵਿੱਚ ਆ ਰਹੀ ਹੈ, ਇਥੇ ਆ ਕੇ ਮਿਲਦੀ ਹੈ। ਬਾਕੀ ਤਾਂ ਉਸ ਸੰਗਮ ਤ੍ਰਿਬੇਣੀ ਬਾਰੇ ਪਤਾ ਨਹੀਂ। ਪਰ ਇਕ ਗੱਲ ਬੜੀ ਵਧੀਆ ਸਮਝ ਵਿੱਚ ਆਉਂਦੀ ਹੈ। ਉਸ ਥਾਂ ਨੂੰ ਤ੍ਰਿਬੇਣੀ ਕਿਉਂ ਆਖਿਆ ਹੈ? ਭਗਤ ਬੇਣੀ ਜੀ ਇਸ ਗੁੰਝਲ ਨੂੰ ਖੋਲ੍ਹਦੇ ਹਨ। ਉਹ ਕਹਿੰਦੇ ਹਨ ਕਿ —

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥**
**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੨॥**

*(ਪੰਨਾ ੯੭੪)*

ਨੱਕ ਦੀ ਖੱਬੀ ਸੁੱਰ ਨੂੰ ਇੜਾ ਆਖਿਆ ਜਾਂਦਾ ਹੈ। ਜੋਤਿਸ਼ ਵਿਦਿਆ ਦੇ ਗ੍ਰੰਥਾਂ ਵਿੱਚ ਤੇ ਆਲਮ, ਵਿਦਵਾਨ ਅਤੇ ਸ਼ਰੀਰ ਸ਼ਾਸਤਰੀ ਜਿਨ੍ਹਾਂ ਕੋਲ ਸਰੀਰ ਦੇ ਭੇਦਾਂ ਦੀ ਬੜੀ ਜਾਣਕਾਰੀ ਹੈ। ਉਹ ਕਹਿੰਦੇ ਹਨ ਕਿ ਤਨ ਵਿਚ ਬੜੇ ਭੇਦ ਹਨ। ਨਾਮ ਜਪਦਿਆਂ ਜਪਦਿਆਂ ਤਨ ਦੇ ਬੜੇ

ਗੰਗਾ ਤੇ ਜਮੁਨਾ।

ਅਲਾਹਾਬਾਦ ਦਾ ਪੁਰਾਣਾ ਨਾਮ ਪ੍ਰਯਾਗ ਰਾਜ ਸੀ। ਇਹ ਔਰੰਗਜ਼ੇਬ ਨੇ ਪ੍ਰਯਾਗ ਰਾਜ ਨਾਮ ਮਿਟਾ ਕੇ ਅਲਾਹਾਬਾਦ ਰੱਖ ਦਿੱਤਾ ਸੀ। ਅਯੁਧਿਆ ਦਾ ਨਾਮ ਵੀ ਮਿਟਾ ਕੇ ਫ਼ੈਜ਼ਾਬਾਦ ਰਖਿਆ। ਮਥੁਰਾ ਦਾ ਨਾਮ ਮਿਟਾ ਕੇ ਸਿਕੰਦਰਾਬਾਦ ਰਖਿਆ। ਪਰ ਇਹ ਨਾਮ ਚਲ ਨਾ ਸਕਿਆ। ਪ੍ਰਯਾਗ ਰਾਜ ਨਾਮ ਮਿਟ ਗਿਆ ਅਤੇ ਅਲਾਹਾਬਾਦ ਪ੍ਰਚਲਤ ਹੋ ਗਿਆ। ਮੁਗ਼ਲ ਰਾਜ ਵੇਲੇ ਤਮਾਮ ਪੁਰਾਣੇ ਹਿੰਦੂ ਤੀਰਥਾਂ ਅਤੇ ਸ਼ਹਿਰਾਂ ਦੇ ਨਾਮ ਬਦਲੇ ਗਏ ਸਨ। ਕਈਆਂ ਨੂੰ ਨੇਸਤੋ ਨਬੂਦ ਕਰ ਦਿੱਤਾ ਗਿਆ।

ਅਲਾਹਾਬਾਦ ਵਿੱਚ ਗੰਗਾ ਤੇ ਜਮੁਨਾ ਨਦੀਆਂ ਮਿਲਦੀਆਂ ਹਨ। ਹਰੇਕ ਨਦੀ ਦੇ ਪਾਨੀ ਦਾ ਰੰਗ ਵੱਖ ਵੱਖ ਹੁੰਦਾ ਹੈ, ਪਾਣੀਆਂ ਦਾ ਸੁਆਦ ਵੀ ਅਲੱਗ ਅਲੱਗ ਹੁੰਦਾ ਹੈ। ਜਮਨਾ ਦਾ ਪਾਣੀ ਨੀਲਾ ਹੈ। ਗੰਗਾ ਦਾ ਪਾਨੀ ਚਿੱਟਾ ਹੈ। ਦੋਵਾਂ ਪਾਨੀਆਂ ਦਾ ਜਦ ਮੇਲ ਹੋ ਜਾਂਦਾ ਹੈ ਤਾਂ ਦੂਰ ਤਕ ਪਤਾ ਲਗਦਾ ਹੈ ਕਿ ਉਹ ਪਾਨੀ ਗੰਗਾ ਦਾ ਹੈ। ਉਹ ਜਮਨਾ ਦਾ ਹੈ। ਉਸ ਸੰਗਮ ਤੇ ਇਸ਼ਨਾਨ ਕਰਨ ਦੀ ਬੜੀ ਪੁਰਾਣੀ ਮਹਾਨਤਾ ਚਲੀ ਆਉਂਦੀ ਹੈ। ਉਸ ਸੰਗਮ ਨੂੰ ਤ੍ਰਿਬੇਣੀ ਕਿਹਾ ਜਾਂਦਾ ਹੈ। ਤਿੰਨ ਨਦੀਆਂ ਦਾ ਸੰਗਮ "ਤ੍ਰਿਬੇਣੀ" ਹੈ। ਲੇਕਿਨ ਉਥੇ ਤਿੰਨ ਨਦੀਆਂ ਹੈ ਨਹੀਂ। ਤੀਜੀ ਬਾਰੇ ਪੁੱਛੋ ਤਾਂ ਉਥੋਂ ਦੇ ਪਾਂਡੇ ਜਵਾਬ ਦੇਂਦੇ ਹਨ ਕਿ ਤੀਜੀ ਨਦੀ ਥਲਿਉਂ ਗੁਪਤ ਰੂਪ ਵਿੱਚ ਆ ਰਹੀ ਹੈ, ਇਥੇ ਆ ਕੇ ਮਿਲਦੀ ਹੈ। ਬਾਕੀ ਤਾਂ ਉਸ ਸੰਗਮ ਤ੍ਰਿਬੇਣੀ ਬਾਰੇ ਪਤਾ ਨਹੀਂ। ਪਰ ਇਕ ਗੱਲ ਬੜੀ ਵਧੀਆ ਸਮਝ ਵਿੱਚ ਆਉਂਦੀ ਹੈ। ਉਸ ਥਾਂ ਨੂੰ ਤ੍ਰਿਬੇਣੀ ਕਿਉਂ ਆਖਿਆ ਹੈ? ਭਗਤ ਬੇਣੀ ਜੀ ਇਸ ਗੁੰਝਲ ਨੂੰ ਖੋਲ੍ਹਦੇ ਹਨ। ਉਹ ਕਹਿੰਦੇ ਹਨ ਕਿ —

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥**
**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੨॥**

*(ਪੰਨਾ ੯੭੪)*

ਨੱਕ ਦੀ ਖੱਬੀ ਸੁੱਰ ਨੂੰ ਇੜਾ ਆਖਿਆ ਜਾਂਦਾ ਹੈ। ਜੋਤਿਸ਼ ਵਿਦਿਆ ਦੇ ਗ੍ਰੰਥਾਂ ਵਿੱਚ ਤੇ ਆਲਮ, ਵਿਦਵਾਨ ਅਤੇ ਸ਼ਰੀਰ ਸ਼ਾਸਤਰੀ ਜਿਨ੍ਹਾਂ ਕੋਲ ਸਰੀਰ ਦੇ ਭੇਦਾਂ ਦੀ ਬੜੀ ਜਾਣਕਾਰੀ ਹੈ। ਉਹ ਕਹਿੰਦੇ ਹਨ ਕਿ ਤਨ ਵਿਚ ਬੜੇ ਭੇਦ ਹਨ। ਨਾਮ ਜਪਦਿਆਂ ਜਪਦਿਆਂ ਤਨ ਦੇ ਬੜੇ

ਹੁਣ ਕਬੀਰ ਸਾਹਿਬ ਦੇ ਜ਼ਮਾਨੇ ਵਿੱਚ ਕੋਈ ਇਹ ਮੰਨਣ ਨੂੰ ਥੋੜ੍ਹਾ ਤਿਆਰ ਸੀ ਕਿ ਕਰੋੜਾਂ ਹੀ ਸੂਰਜ ਹਨ। ਉਹ ਤਾਂ ਮੰਨਦੇ ਸਨ ਪਈ ਇਕੋ ਹੀ ਸੂਰਜ ਹੈ। ਉਹੀ ਚਾਨਣਾ ਕਰਦਾ ਹੈ। ਏਨਾ ਬੋਧ ਕਿਸੇ ਨੂੰ ਵੀ ਨਹੀਂ ਸੀ। ਬਾਣੀ ਵਿਚ ਅਨੇਕਾਂ ਹੀ ਸ਼ਬਦ ਹਨ। ਜਿਨ੍ਹਾਂ ਵਿੱਚ ਮੰਨਿਆ ਗਿਆ ਹੈ ਕਿ ਕਰੋੜਾਂ ਹੀ ਸੂਰਜ ਹਨ। ਅੱਜ ਤੋਂ ਚਾਲ੍ਹੀ-ਪੰਜਾਹ ਸਾਲ ਪਹਿਲਾਂ ਵੀ ਕਈ ਨਾਸਤਕ ਲੋਕ ਮਜ਼ਾਕ ਉਡਾਉਂਦੇ ਸਨ ਕਿ ਇਹ ਜੋ ਗੁਰਬਾਣੀ ਵਿਚ ਲਿਖਿਆ ਹੈ ਕਿ ਕਰੋੜਾਂ ਸੂਰਜ ਹਨ, ਕਰੋੜਾਂ ਚੰਦ, ਕਰੋੜਾਂ ਹੀ ਧਰਤੀਆਂ ਹਨ। ਇਹ ਐਵੇਂ ਹੀ ਲਿਖਿਆ ਹੈ। ਗੁਰਬਾਣੀ ਨੂੰ ਤਾਂ ਮੰਨਦੇ ਨਹੀਂ ਸਨ। ਪਰ ਅੱਜ ਸਾਇੰਸ ਨੇ ਸਿੱਧ ਕਰ ਦਿੱਤਾ ਹੈ ਕਿ ਕਰੋੜਾਂ ਨਹੀਂ, ਅਰਬਾਂ ਹੀ ਸੂਰਜ ਹਨ। ਬਹੁਤ ਵੱਡਾ ਪਸਾਰਾ ਹੈ। ਕਈ ਸੂਰਜ ਹਨ ਤੇ ਕਈ ਇਸ ਤਰ੍ਹਾਂ ਦੇ ਸੂਰਜ ਹਨ ਕਿ ਜਿਨ੍ਹਾਂ ਦੀ ਰੌਸ਼ਨੀ ਲੱਖਾਂ ਸਾਲਾਂ ਤੋਂ ਚਲੀ ਹੋਈ ਹੈ ਪਰ ਅਜੇ ਤੱਕ ਧਰਤੀ ਤੇ ਨਹੀਂ ਪਹੁੰਚੀ। ਅੰਦਾਜ਼ਾ ਲਾਉ ਕਿ ਕਿੰਨੀ ਦੂਰੀ ਹੋਵੇਗੀ। ਜਦੋਂ ਕਿ ਰੌਸ਼ਨੀ ਚਲਦੀ ਬਹੁਤ ਤੇਜ਼ ਹੈ। ਉਸਦੀ ਸਪੀਡ ਬੜੀ ਤਿੱਖੀ ਹੈ। ਪਰ ਅਜੇ ਤੱਕ ਪਹੁੰਚੀ ਹੀ ਨਹੀਂ। ਇਸ ਦਾ ਮਤਲਬ ਹੈ ਕਿ ਇਸ ਸੂਰਜ ਦੇ ਪਿੱਛੇ ਕੋਈ ਹੋਰ ਸੂਰਜ ਹੈ। ਉਸਦੇ ਪਿੱਛੇ ਕੋਈ ਹੋਰ ਅਤੇ ਉਸਦੇ ਪਿੱਛੇ ਪਿੱਛੇ ਕੋਈ ਹੋਰ ਹੈ। ਇਹ ਤਾਂ ਅਨੰਤ ਪਸਾਰਾ ਹੈ। ਲੇਕਿਨ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਂ ਨੂੰ ਕਿਵੇਂ ਪਤਾ ਲਗਿਆ ਕਿ ਸੂਰਜ ਅਨੰਤ ਹਨ, ਪ੍ਰਿਥਵੀਆਂ ਅਨੰਤ ਹਨ, ਅਨੰਤ ਪਸਾਰਾ ਹੈ। ਹੁਣ ਕਬੀਰ ਸਾਹਿਬ ਤਾਂ ਕੋਈ ਸਾਇੰਸਦਾਨ ਨਹੀਂ ਸਨ। ਗੁਰੂ ਨਾਨਕ ਦੇਵ ਜੀ ਇਕ ਗੱਲ ਬੜੀ ਸਪੱਸ਼ਟ ਕਹਿ ਰਹੇ ਹਨ ਕਿ ਜਿਹੜਾ ਨਾਮ ਜਪ ਕੇ ਅੰਦਰੋਂ ਉਜਾਗਰ ਕਰਦਾ ਹੈ। ਜਦੋਂ ਅੰਦਰਲਾ ਸ਼ਬਦ ਜੋ ਅਨਹਦ ਹੈ ਉਹ ਸੁਣ ਪੈਂਦਾ ਹੈ ਤਾਂ ਤਨ ਵਿਚੋਂ ਹੀ ਅਨੰਤ ਪਸਾਰੇ ਦਾ ਭੇਦ ਖੁਲ੍ਹ ਜਾਂਦਾ ਹੈ —

**ਸੁਣਿਐ ਜੋਗ ਜੁਗਤਿ ਤਨਿ ਭੇਦ॥** *(ਪੰਨਾ ੨)*

ਤਨ ਦੇ ਭੇਦ ਦਾ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ। ਬੱਸ ਉਸ ਤਨ ਦੇ ਭੇਦ ਦੇ ਅਧਾਰ ਉਤੇ ਹੀ ਭਗਤਾਂ ਨੇ ਦਸਿਆ ਕਿ ਹਰ ਮਨੁੱਖ ਦੇ ਮੱਥੇ ਵਿੱਚ ਤ੍ਰਿਕੁਟੀ ਹੈ। ਯਾਨੀ ਕਿ ਤ੍ਰਿਬੇਣੀ ਹੈ। ਤਿੰਨ ਬੇਣੀਆਂ ਦਾ ਜੋੜ ਹੈ, ਸੰਗਮ ਹੈ। ਇਸੇ ਤ੍ਰਿਕੁਟੀ ਵਾਲੀ ਥਾਂ ਤੇ ਬ੍ਰਾਹਮਣ ਅਕਸਰ ਤਿਲਕ ਲਾਉਂਦੇ ਹਨ। ਇਸ ਤਿਲਕ ਦੇ ਪਿੱਛੇ ਵੀ ਧਾਰਨਾ ਤੇ ਕੁਝ ਹੋਰ ਸੀ ਪਰ ਲੋਕਾਂ ਨੇ

ਸਮਝੀ ਨਹੀਂ। ਇਹ ਇਸ਼ਾਰਾ ਸੀ ਪਈ ਤ੍ਰਿਕੁਟੀ ਮਥੇ ਵਿਚ ਹੈ। ਉਹ ਜੋ ਪਵਿੱਤਰ ਸੰਗਮ, ਜਿਸ ਦੀ ਬੜੀ ਮਹਾਨਤਾ ਹੈ, ਉਹ ਮੱਥੇ ਵਿੱਚ ਹੈ —

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥**
**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥**

*(ਪੰਨਾ ੯੭੪)*

**ਇੜਾ** — ਯੋਗੀ ਜਨਾਂ ਦਾ ਇਹ ਮੰਨਣਾ ਹੈ ਕਿ ਇੜਾ ਮਨੁੱਖ ਦੀ ਖੱਬੀ ਨਾਸਕਾ (ਸੁਰ) ਹੈ। ਖੱਬੀ ਨਾਸਕਾ ਦੀ ਨਾੜੀ ਨੱਕ ਤੋਂ ਲੈ ਕੇ ਕੰਗਰੋੜ (ਰੀੜ੍ਹ) ਦੀ ਹੱਡੀ ਦੇ ਖੱਬੇ ਪਾਸੇ ਹੁੰਦੀ ਹੋਈ, ਨਾਭੀ ਵੱਲੋਂ ਵਲ ਖਾ ਕੇ ਫਿਰ ਵਾਪਸ ਦਿਮਾਗ਼ ਵਿਚ ਪਹੁੰਚਦੀ ਹੈ। ਮਸਤਕ ਵਿੱਚ ਆ ਕੇ ਦੂਜੀਆਂ ਦੋ ਨਾੜੀਆਂ ਹੋਰ ਇਸ ਨਾਲ ਜੁੜਦੀਆਂ ਹਨ। ਇੜਾ ਨੂੰ ਚੰਦਰਮਾ ਦੀ ਨਾੜੀ ਵੀ ਮੰਨਿਆ ਜਾਂਦਾ ਹੈ। ਇਸ ਕਰਕੇ ਇਸ ਦਾ ਦੂਜਾ ਨਾਮ ਚੰਦਰ ਨਾੜੀ ਵੀ ਹੈ। ਇਸ ਇੜਾ-ਨਾੜੀ ਦੁਆਰਾ, ਯੋਗੀ ਲੋਗ ਪ੍ਰਾਣਾਯਾਮ ਦਾ ਅਭਿਆਸ ਕਰਦੇ ਹਨ। ਯੋਗੀਆਂ ਦਾ ਵਿਸ਼ਵਾਸ ਹੈ ਕਿ ਇੜਾ ਚੰਦਰਮਾ ਦੀ ਨਾੜੀ ਹੈ। ਇਸ ਵਾਸਤੇ ਸੋਮਵਾਰ ਵਾਲੇ ਦਿਨ ਖੱਬੀ ਨਾਸਕਾ ਤੋਂ ਅੰਮ੍ਰਿਤ ਝਰਦਾ ਹੈ। ਸੋਮ ਨਾਮ ਵੀ ਚੰਦਰਮਾ ਦਾ ਹੀ ਹੈ —

**ਸੋਮਵਾਰਿ ਸਸਿ ਅੰਮ੍ਰਿਤੁ ਝਰੈ** *(ਪੰਨਾ ੩੪੪)*

ਚੰਦਰ ਨਾੜੀ ਯਾਨੀ ਕਿ ਇੜਾ ਨਾੜੀ ਦਾ ਦੇਵਤਾ ਚੰਦਰਮਾ ਨੂੰ ਮੰਨਿਆ ਜਾਂਦਾ ਹੈ।

**ਪਿੰਗਲਾ** — ਹਠ ਯੋਗ ਮਤ ਅਨੁਸਾਰ ਸਰੀਰ ਦੀਆਂ ਤਿੰਨ ਪ੍ਰਧਾਨ ਨਾੜੀਆਂ ਹਨ। ਇੜਾ ਪਿੰਗਲਾ ਅਤੇ ਸੁਖਮਨਾ। ਇਨ੍ਹਾਂ ਤਿੰਨਾਂ ਵਿਚੋਂ ਇਕ ਪਿੰਗਲਾ ਹੈ। ਪਿੰਗਲਾ ਨੱਕ ਦੇ ਸੱਜੇ ਪਾਸੇ ਦੀ ਨਾਸਕਾ (ਸੁਰ) ਹੈ। ਨੱਕ ਤੋਂ ਸ਼ੁਰੂ ਹੋ ਕੇ ਇਹ ਸਰੀਰ ਦੇ ਸੱਜੇ ਪਾਸੇ ਚਲਦੀ ਹੈ। ਇਸ ਨੂੰ ਸੂਰਯ ਨਾੜੀ ਵੀ ਕਿਹਾ ਜਾਂਦਾ ਹੈ। ਇਸ ਦਾ ਦੇਵਤਾ ਸੂਰਜ ਹੈ। ਇਹ ਪਿੰਗਲਾ ਨਾੜੀ ਵੀ ਸਰੀਰ ਵਿਚੋਂ ਹੁੰਦੀ ਹੋਈ ਵਾਪਸ ਦਿਮਾਗ਼ ਵਿੱਚ ਆਉਂਦੀ ਹੈ। ਮਸਤਕ ਵਿੱਚ ਇਹ ਇੜਾ ਯਾਨੀ ਕਿ ਚੰਦਰ ਨਾੜੀ ਨਾਲ ਜੁੜਦੀ ਹੈ।

**ਸੁਖਮਨਾ** — ਹਠਯੋਗ ਮਤ ਅਨੁਸਾਰ ਸੁਖਮਨਾ ਨਾੜੀ, ਇੜਾ ਅਤੇ ਪਿੰਗਲਾ ਦੇ ਵਿਚਕਾਰ ਸਥਿਤ ਹੈ। ਸੁਖਮਨਾ ਦੇ ਸੱਜੇ ਪਾਸੇ ਪਿੰਗਲਾ ਹੈ ਅਤੇ ਖੱਬੇ ਪਾਸੇ ਇੜਾ ਹੈ। ਸੁਖਮਨਾ ਨੱਕ ਤੋਂ ਸ਼ੁਰੂ ਹੋ ਕੇ ਸਰੀਰ ਵਿਚੋਂ ਹੁੰਦਿਆਂ ਹੋਇਆਂ ਦਿਮਾਗ਼ ਵਿੱਚ ਪਹੁੰਚਦੀ ਹੈ। ਮਸਤਕ ਵਿਚ ਇਹ ਇੜਾ ਤੇ

ਪਿੰਗਲਾ ਨਾਲ ਜੁੜਦੀ ਹੈ। ਮਸਤਕ ਵਿੱਚ ਜਿਸ ਥਾਂ ਤੇ ਇਨ੍ਹਾਂ ਤਿੰਨਾਂ ਨਾੜੀਆਂ ਦਾ ਜੋੜ ਜੁੜਦਾ ਹੈ। ਉਸ ਨੂੰ ਤ੍ਰਿਕੁਟੀ ਕਿਹਾ ਜਾਂਦਾ ਹੈ। ਬ੍ਰਾਹਮਣ ਆਪਣੇ ਮਸਤਕ ਵਿੱਚ ਜਿੱਥੇ ਤਿਲਕ ਲਾਉਂਦਾ ਹੈ, ਉਹ ਥਾਂ ਤ੍ਰਿਕੁਟੀ ਹੈ। ਸੁਖਮਨਾ ਨਾੜੀ ਚੰਦਰਮਾ, ਸੂਰਜ ਅਤੇ ਅਗਨਿ ਰੂਪਾ ਹੈ। ਜਦੋਂ ਅਭਿਆਸ ਨਾਲ ਇਸ ਵਿੱਚ ਸੁਆਸ ਚਲਾਈਦੇ ਹਨ ਤਾਂ ਅਨਹਦ ਨਾਦ ਸੁਣਦਾ ਹੈ। ਫਿਰ ਅਨੰਦ ਦੀ ਪ੍ਰਾਪਤੀ ਹੁੰਦੀ ਜਾਂਦੀ ਹੈ। ਇਸ ਨਾੜੀ ਦਾ ਮਾਰਗ ਹੀ **ਬ੍ਰਹਮ ਮਾਰਗ** ਹੈ। ਦੂਜਾ ਨਾਮ ਮਹਾਪੱਥ ਹੈ। ਕਬੀਰ ਸਾਹਿਬ ਜ਼ਿਕਰ ਕਰਦੇ ਹਨ ਕਿ —

**ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥੧॥**

(ਪੰਨਾ ੮੬੮

ਗੁਰੂ ਨਾਨਕ ਦੇਵ ਜੀ ਦਾ ਸਿਧ ਗੋਸਟ ਵਿੱਚ ਕਥਨ ਹੈ ਕਿ —

**ਸੁਖਮਨਾ ਇੜਾ ਪਿੰਗੁਲਾ ਬੂਝੈ ॥** (ਪੰਨਾ ੮੬੮

**ਤ੍ਰਿਬੇਣੀ** — ਮਸਤਕ ਵਿੱਚ ਆ ਕੇ ਇੜਾ ਪਿੰਗਲਾ ਅਤੇ ਸੁਖਮਨਾ ਤਿੰਨਾਂ ਨਾੜੀਆਂ ਦਾ ਜੋੜ ਹੈ। ਭਗਤਾਂ ਮਹਾ ਪੁਰਖਾਂ ਵਾਸਤੇ ਉਹੀ ਤ੍ਰਿਬੇਣੀ ਹੈ। ਉਹੀ ਪਵਿੱਤਰ ਸੰਗਮ ਹੈ। ਭਗਤ ਬੇਣੀ ਜੀ ਕਹਿੰਦੇ ਹਨ ਕਿ ਮੇਰੇ ਮਸਤਕ ਵਿੱਚ ਤ੍ਰਿਬੇਣੀ ਤੀਰਥ ਹੈ। ਮੇਰਾ ਮਨ, ਉਥੇ ਇਸ਼ਨਾਨ ਕਰਦਾ ਹੈ। ਭਾਵ ਕਿ ਮੇਰਾ ਧਿਆਨ ਮਸਤਕ ਵਿਚ ਟਿਕਦਾ ਹੈ। ਇਥੇ ਹੀ ਮੇਰਾ ਕਪਾਟ ਖੁਲ੍ਹਦਾ ਹੈ। ਇਹ ਕਪਾਟ (ਦਰਵਾਜ਼ਾ) ਹੈ। ਜੋ ਪ੍ਰਮਾਤਮਾ ਦੇ ਘਰ ਦਾ ਦਰਵਾਜ਼ਾ ਹੈ। ਇਥੋਂ ਹੀ ਮੈਂ ਪਰਮਜੋਤ ਦੇ ਦਰਸ਼ਨ ਕਰਦਾ ਹਾਂ —

**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥**

ਭਗਤ ਬੇਣੀ ਜੀ ਦੇ ਇਸੇ ਭਾਵ ਨੂੰ ਕਬੀਰ ਸਾਹਿਬ ਜੀ ਨੇ ਆਪਣੇ ਅਨੁਭਵ ਨਾਲ ਇਸ ਤਰ੍ਹਾਂ ਦਰਸਾਇਆ ਹੈ —

**ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ ॥**
**ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ ॥**

ਭਾਵ ਕਿ ਮਸਤਕ ਵਿੱਚ ਜਿਥੇ ਤ੍ਰਿਕੁਟੀ ਹੈ, ਉਥੇ ਮੇਰੀ ਬੁਧੀ ਐਸੀ ਸਮਾਈ ਕਿ ਆਪਣੇ ਆਪ ਵਿਚੋਂ ਹੀ ਪ੍ਰਭੂ ਦੇ ਦਰਸ਼ਨ ਹੋ ਗਏ ਹਨ। ਕਬੀਰ ਸਾਹਿਬ ਜੀ ਦਾ ਕਥਨ ਹੈ ਕਿ ਮੇਰੇ ਮਸਤਕ ਵਿੱਚ ਹੀ ਗੰਗਾ ਹੈ, ਜਮੁਨਾ ਹੈ। ਉਨ੍ਹਾਂ ਦੇ ਵਿਚਕਾਰ ਹੀ ਸਰਸਵਤੀ ਹੈ। ਉਹੀ ਮੇਰਾ ਪਵਿੱਤਰ ਇਸ਼ਨਾਨ

ਕਰਨ ਦਾ ਘਾਟ ਹੈ। ਉਸੇ ਘਾਟ ਉਤੇ ਪ੍ਰਭੂ ਮਿਲਦਾ ਹੈ। ਮੈਂ ਉਸ ਘਾਟ ਤਕ ਪਹੁੰਚ ਗਿਆ ਹਾਂ ਅਤੇ ਆਪਣਾ ਅਸਲੀ ਟਿਕਾਣਾ ਲਭ ਲਿਆ ਹੈ—

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥**
**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥**

*(ਪੰਨਾ ੧੩੭੨)*

ਖੱਬੀ ਨਾਸਕਾ ਗੰਗਾ ਹੈ। ਸੱਜੀ ਜਮਨਾ ਹੈ। ਉੱਪਰੋਂ ਜੋ ਗੁਪਤ ਸੁਖਮਨਾ ਆ ਰਹੀ ਹੈ ਉਹ ਸਰਸਵਤੀ ਹੈ। ਸੁਰਸਤੀ ਦਿਸਦੀ ਨਹੀਂ। ਹੂ-ਬ-ਹੂ ਅਲਾਹਾਬਾਦ (ਪਿਰਾਗ ਰਾਜ) ਵਿਚ ਇਸੇ ਤਰ੍ਹਾਂ ਦੀ ਤ੍ਰਿਬੇਣੀ ਹੈ। ਪਈ ਗੰਗਾ ਹੈ। ਜਮਨਾ ਹੈ। ਦੋਵੇਂ ਮਿਲਦੀਆਂ ਹਨ। ਪਾਂਡਿਆਂ ਕੋਲੋਂ ਪੁਛੀਏ ਤਾਂ ਉਹ ਕਹਿੰਦੇ ਹਨ ਕਿ ਸੁਰਸਤੀ ਗੁਪਤ ਥਲਿਓਂ ਆ ਕੇ ਮਿਲਦੀ ਹੈ।

ਗੱਲ ਸਿਰਫ਼ ਇੰਨੀ ਹੈ ਕਿ ਜਿਹੜੀ ਸੁਖਮਨਾ ਨਾੜੀ ਹੈ। ਉਹ ਇੜਾ ਪਿੰਗਲਾ ਨਾਲ ਗੁਪਤ ਹੀ ਮਿਲਦੀ ਹੈ। ਮਥੇ ਵਿੱਚ ਇਨ੍ਹਾਂ ਤਿੰਨਾਂ ਦਾ ਸੰਗਮ ਹੁੰਦਾ ਹੈ। ਇਸ ਵਾਸਤੇ ਮਸਤਕ ਬੜਾ ਕੀਮਤੀ ਹੈ ਅਤੇ ਪਵਿੱਤਰ ਵੀ ਹੈ। ਮਨੁੱਖੀ ਤਨ ਦੀ ਬਨਾਵਟ ਪ੍ਰਭੂ ਨੇ ਇਸ ਤਰ੍ਹਾਂ ਦੀ ਬਣਾਈ ਹੈ ਕਿ **ਕਿਸੇ** ਹੋਰ ਤਨ ਵਿੱਚ ਇਹ ਬਨਾਵਟ ਨਹੀਂ ਹੈ। ਮਨੁੱਖੀ ਤਨ ਦੀ ਬਨਾਵਟ **ਇਸ** ਤਰ੍ਹਾਂ ਦੀ ਹੈ ਕਿ ਇਸ ਵਿਚੋਂ ਪਰਮਜੋਤ ਦੇ ਦਰਸ਼ਨ ਹੋ ਸਕਦੇ ਹਨ। **ਕਿਸੇ** ਹੋਰ ਸਰੀਰ ਵਿੱਚ ਇਹ ਬਰਕਤ ਨਹੀਂ ਹੈ। ਜਦੋਂ ਵੀ ਮੁਕਤੀ **ਮਿਲੇਗੀ,** ਮਨੁੱਖਾ ਸਰੀਰ ਤੋਂ ਮਿਲੇਗੀ। ਕਿਸੇ ਹੋਰ ਸਰੀਰ ਤੋਂ ਨਹੀਂ। **ਇਸ ਵਾਸਤੇ ਹੀ** ਮਨੁੱਖਾ ਜਨਮ ਬੜਾ ਦੁਰਲੱਭ ਹੈ —

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈਬਾਰ॥**

ਇਸ ਵਾਸਤੇ ਇਸ ਜਨਮ ਦੇ ਮੁਕਾਬਲੇ ਹੀਰੇ ਵੀ ਕੀ ਮੁੱਲ ਰੱਖਦੇ ਹਨ? ਹੀਰੇ ਵੀ ਇਸ ਦੇ ਸਮਾਨ ਕੁਝ ਨਹੀਂ। ਅਕਸਰ ਬੰਦਾ ਉਸ ਪਰਮਜੋਤ ਨੂੰ ਪ੍ਰਾਪਤ ਕੀਤੇ ਬਿਨਾ ਹੀ ਇਸ ਹੀਰੇ ਜਨਮ ਨੂੰ ਕੌਡੀਆਂ ਦੇ ਭਾਅ ਰਲਾ ਛੱਡਦਾ ਹੈ —

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥** *(ਪੰਨਾ ੧੫੬)*

ਬੱਸ ਐਵੇਂ ਹੀ ਜਨਮ ਚਲਾ ਗਿਆ ਹੈ।

ਸ ਉਹ ਪਰਮਜੋਤ ਜੋ ਸ਼ਕਤੀ ਹੈ। ਉਹ ਮਸਤਕ ਵਿੱਚ ਜਿਥੇ ਗੰਗਾ

ਜਮੁਨਾ ਤੇ ਸੁਰਸਤੀ ਦਾ ਸੰਗਮ ਹੈ। ਤ੍ਰਿਬੇਣੀ ਹੈ। ਉਸ ਤੀਰਥ ਦੇ ਘਾਟ ਉੱਪਰੋਂ ਮਿਲਦਾ ਹੈ —

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥**
**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥**

*(ਪੰਨਾ ੧੩੭੨)*

ਤੀਰਥਾਂ ਦੇ ਘਾਟਾਂ ਦੀ ਬੜੀ ਮਹਿਮਾ ਹੈ। ਲੋਕ ਅਕਸਰ ਘਾਟ ਉੱਪਰ ਹੀ ਇਸ਼ਨਾਨ ਕਰਦੇ ਹਨ। ਬਨਾਰਸ ਜਾਈਏ ਤਾਂ ਉਥੇ ਕਈ ਘਾਟ ਹਨ। ਪਰ ਮਣੀ ਕਣਿਕਾ ਜਾਈਏ ਤਾਂ ਉਸ ਘਾਟ ਦੀ ਲੋਕ ਬੜੀ ਮਹਿਮਾ ਕਰਦੇ ਹਨ। ਲੋਕਾਂ ਦੀ ਬਹੁਤੀ ਭੀੜ ਉਥੇ ਇਸ਼ਨਾਨ ਕਰਦੀ ਹੈ। ਪਾਂਡੇ, ਮਣੀ ਕਣਿਕਾ ਘਾਟ ਦਾ ਵਿਸ਼ੇਸ਼ ਮਹਾਤਮ ਦਸਦੇ ਹਨ। ਜਿਵੇਂ ਦਰਬਾਰ ਸਾਹਿਬ ਅੰਮ੍ਰਿਤਸਰ ਜਾਈਏ ਤਾਂ ਦੁੱਖ ਭੰਜਨੀ ਬੇਰੀ ਦਾ ਜੋ ਘਾਟ ਹੈ। ਉਥੇ ਬਹੁਤੇ ਲੋਕ ਇਸ਼ਨਾਨ ਕਰਦੇ ਹਨ। ਉਥੇ ਬਹੁਤੀ ਭੀੜ ਹੁੰਦੀ ਹੈ। ਦਰਅਸਲ ਦੁਖ ਭੰਜਨੀ ਬੇਰੀ ਦਾ ਬਹੁਤ ਮਹਾਤਮ ਸਮਝਿਆ ਜਾਂਦਾ ਹੈ। ਜਲ ਭਾਵੇਂ ਉਹੀ ਹੈ ਜੋ ਸਾਰੇ ਸਰੋਵਰ ਵਿਚ ਹੈ। ਪਰ ਦੁਖ ਭੰਜਨੀ ਬੇਰੀ ਕਰਕੇ ਲੋਕ ਜ਼ਿਆਦਾ ਉਥੇ ਇਸ਼ਨਾਨ ਕਰਦੇ ਹਨ।

ਸਤਿਗੁਰ ਦੀ ਬਾਣੀ ਕਹਿੰਦੀ ਹੈ ਭਾਵੇਂ ਸਾਰੇ ਸਰੀਰ ਵਿੱਚ ਹੀ ਪ੍ਰਭੂ ਦੀ ਜੋਤ ਹੈ। ਪਰ ਮਸਤਕ ਵਿੱਚ ਉਸ ਦਾ ਮੂਲ ਟਿਕਾਣਾ ਹੈ। ਮਸਤਕ ਦਾ ਘਾਟ ਬੜਾ ਪਵਿੱਤਰ ਹੈ। ਮਸਤਕ ਵਿੱਚ ਸਹਜ, ਸੁੰਨ ਦਾ ਘਾਟ ਹੈ। ਸਹਜ ਯਾਨੀ ਕਿ ਗਿਆਨ, ਪ੍ਰਕਾਸ਼ ਅਤੇ ਅਡੋਲਤਾ। ਸੁੰਨ, ਭਾਵ ਕਿ ਨਿਰਵਿਚਾਰ ਯਾਨੀ ਕਿ ਅਫੁਰ ਅਵਸਥਾ —

**ਸੁੰਨ ਸਮਾਧਿ ਅਨਹਦ ਤਹ ਨਾਦ॥**

*ਘਾਟ* — ਭਾਵ ਕਿ ਉਹ ਕਿਨਾਰਾ ਜਿਥੋਂ ਪ੍ਰਭੂ ਦੇ ਅੰਮ੍ਰਿਤ ਸਰੋਵਰ ਵਿਚੋਂ ਇਸ਼ਨਾਨ ਕਰਨਾ ਹੈ—

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥**
**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥**

ਇਥੇ ਕਬੀਰੈ ਦਾ ਅਰਥ ਹੈ ਪ੍ਰਮਾਤਮਾ। ਕਬੀਰ, ਅਰਬੀ ਦਾ ਲਫ਼ਜ਼ ਹੈ। ਅਰਬੀ ਵਿਚ ਕਬੀਰ ਦੇ ਅਰਥ ਬਣਦੇ ਹਨ, 'ਵੱਡਾ' —

**ਹਕਾ ਕਬੀਰ ਕਰੀਮ ਤੂ ਬੇ ਐਬ ਪਰਵਦਗਾਰ॥**

ਹੱਕਾ— ਹੇ ਪ੍ਰਮਾਤਮਾ ਤੂੰ ਹੱਕ ਹੈ। ਯਾਨੀ ਕਿ ਸੱਚ ਹੈ —

**ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ॥**

ਹੱਕਾ ਕਬੀਰ ਕਰੀਮ ਤੂ — ਭਾਵ ਕਿ ਤੂੰ ਸੱਚ ਅਤੇ ਵੱਡਾ ਬਖ਼ਸ਼ੰਦ ਹੈ। ਇਰਾਨ ਜਾਂ ਅਰਬ ਦੇਸ਼ਾਂ ਵਿਚ ਵੱਡੀ ਚੀਜ਼ ਨੂੰ ਕਬੀਰ ਕਹਿੰਦੇ ਹਨ। "**ਈਂ ਕਬੀਰਸਤ**" ਯਾਨੀ ਕਿ ਇਹ ਚੀਜ਼ ਵੱਡੀ ਹੈ। ਕੋਈ ਮਕਾਨ ਬਹੁਤ ਵੱਡਾ ਹੈ ਤਾਂ ਉਹ ਕਹਿੰਦੇ ਹਨ "**ਈਂਮਕਾਂ ਕਬੀਰਸਤ**"। ਬਜ਼ੁਰਗ ਨੂੰ ਵੀ ਕਬੀਰ ਹੀ ਆਖਿਆ ਜਾਂਦਾ ਹੈ। ਕਬੀਰ ਵੱਡੇ ਨੂੰ ਕਹਿੰਦੇ ਹਨ। ਕਬੀਰ ਬਜ਼ੁਰਗ ਨੂੰ ਵੀ ਕਹਿੰਦੇ ਹਨ। ਕਬੀਰ, ਪੁਰਾਣੇ ਨੂੰ ਵੀ ਕਹਿੰਦੇ ਹਨ।

ਕਬੀਰ ਜੀ ਕਹਿੰਦੇ ਹਨ ਕਿ ਮਸਤਕ ਦੀ ਤ੍ਰਿਬੇਣੀ ਦੇ ਸੰਗਮ ਉਤੇ ਜੋ ਘਾਟ ਹੈ। ਪ੍ਰਮਾਤਮਾ ਦਾ ਵਾਸਾ ਉਸ ਘਾਟ 'ਤੇ ਹੈ —

**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥**

ਉਸ ਵੱਡੇ ਕਬੀਰ ਯਾਨੀ ਕਿ ਪ੍ਰਮਾਤਮਾ ਨੇ ਉਸ ਘਾਟ 'ਤੇ ਵਾਸਾ ਕੀਤਾ ਹੋਇਆ ਹੈ। ਰਿਸ਼ੀ ਮੁਨੀ ਉਸੇ ਘਾਟ ਦੇ ਬਾਟ (ਰਸਤੇ) ਨੂੰ ਖੋਜਦੇ ਫਿਰਦੇ ਹਨ —

**ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥**
**ਤਹਾਂ ਨਿਰੰਜਨੁ ਰਮਈਆ ਹੋਇ॥** *(ਪੰਨਾ ੬੭੪)*

ਹੁਣ ਸੁਆਲ ਹੈ ਕਿ ਮਸਤਕ ਦੀ ਤ੍ਰਿਬੇਣੀ ਦੇ ਪਵਿੱਤਰ ਘਾਟ ਤਕ ਸੁਰਤ ਕਿਵੇਂ ਪਹੁੰਚੇ? ਉਹ ਜੋ ਅਲਾਹਾਬਾਦ ਦਾ ਤ੍ਰਿਬੇਣੀ ਸੰਗਮ ਹੈ, ਉਥੇ ਤਾਂ ਕੋਈ ਵੀ ਚਲਾ ਜਾਏਗਾ। ਕੋਈ ਵੱਡੀ ਗੱਲ ਨਹੀਂ। ਗੱਡੀਆਂ, ਬੱਸਾਂ ਜਾ ਰਹੀਆਂ ਹਨ। ਕੋਈ ਵੀ ਸਧਾਰਨ ਬੰਦਾ ਚਾਰ ਪੈਸੇ ਕਿਰਾਏ ਦੇ ਲਾ ਕੇ ਉਥੇ ਪਹੁੰਚ ਜਾਏਗਾ। ਪਰ ਮਸਤਕ ਦੇ ਸਹਜ ਘਾਟ ਤਕ ਕੋਈ ਵੀ ਬਾਹਰ ਦਾ ਸਾਧਨ ਕਾਮਯਾਬ ਨਹੀਂ ਹੈ।

ਗੁਰਬਾਣੀ ਵਿੱਚ ਸ਼ਬਦ ਨੂੰ ਤੀਰ ਨਾਲ ਤਸ਼ਬੀਹ ਦਿੱਤੀ ਗਈ ਹੈ। ਤੀਰ ਕਮਾਨ ਦੀ ਪ੍ਰੀਭਾਸ਼ਾ ਇਹ ਹੈ ਕਿ ਨਿਸ਼ਾਨਚੀ ਜਦੋਂ ਤੀਰ ਕਿਸੇ ਨਿਸ਼ਾਨੇ 'ਤੇ ਮਾਰਦਾ ਹੈ ਤਾਂ ਨਿਸ਼ਾਨਾ ਮਿਥ ਕੇ ਮਾਰਦਾ ਹੈ। ਜੇਕਰ ਤੀਰ ਠੀਕ ਨਿਸ਼ਾਨੇ 'ਤੇ ਨਾ ਲੱਗੇ ਤਾਂ ਨਿਸ਼ਾਨਚੀ ਦੀ ਕਮਜ਼ੋਰੀ ਗਿਣੀ ਜਾਂਦੀ ਹੈ। ਕਿਉਂਕਿ ਨਿਸ਼ਾਨਾ ਆਪਣੀ ਥਾਂ ਤੇ ਨਿਹਚਲ ਹੈ। ਤੀਰ ਹੀ ਇਧਰ ਉਧਰ ਹੋ ਗਿਆ ਹੈ। ਤੀਰ ਹੀ ਨਹੀਂ ਲਗ ਸਕਿਆ।

ਪਰ ਗੁਰਮਤ ਦੀ ਪ੍ਰੀਭਾਸ਼ਾ ਵਿਚ ਨਿਸ਼ਾਨਚੀ ਦਾ ਕੋਈ ਕਸੂਰ ਨਹੀਂ ਹੁੰਦਾ। ਕਿਉਂਕਿ ਸ਼ਬਦ ਦਾ ਬਾਣ ਮਾਰਨ ਵਾਲਾ ਗੁਰੂ ਹੈ। ਜੇਕਰ ਸ਼ਬਦ ਦਾ ਤੀਰ ਸਿੱਖ ਦੇ ਮਨ ਵਿੱਚ ਨਹੀਂ ਲਗਾ ਤਾਂ ਦੋਸ਼ ਗੁਰੂ ਦਾ ਨਹੀਂ। ਦੋਸ਼ ਮਨ ਦਾ ਹੈ। ਦੋਸ਼ ਸਿੱਖ ਦਾ ਹੈ। ਗੁਰੂ ਦੇ ਸ਼ਬਦ ਦਾ ਤੀਰ ਤਾਂ ਸਿੱਧਾ ਹੀ ਆਉਂਦਾ ਹੈ। ਪਰ ਸਿੱਖ, ਮਨ ਹੀ ਇਧਰ-ਉਧਰ ਕਰ ਛੱਡਦਾ ਹੈ। ਦਰਅਸਲ ਸ਼ਬਦ ਤੋਂ ਸਿੱਖ ਆਪਣੇ ਆਪ ਨੂੰ ਬਚਾਉਂਦਾ ਹੈ। ਸ਼ਬਦ ਦੇ ਬਾਣ ਦੀ ਦਰਦ ਮਨ ਹੀ ਜਾਣਦਾ ਹੈ। ਸ਼ਬਦ ਦਾ ਤੀਰ ਠੀਕ ਟਿਕਾਣੇ 'ਤੇ ਲਗ ਜਾਏ ਤਾਂ ਸਿੱਖ ਦੇ ਅੰਦਰ ਇਕ ਵਿਸ਼ੇਸ਼ ਤਰ੍ਹਾਂ ਦੀ ਪਿਆਸ ਉੱਠ ਖਲੋਂਦੀ ਹੈ। ਇਹੀ ਪਛਾਣ ਹੈ, ਸ਼ਬਦ ਦੇ ਤੀਰ ਲਗਣ ਦੀ —

**ਅੰਤਰਿ ਪਿਆਸ ਉਠੀ ਪ੍ਰਭ ਕੇਰੀ**
**ਸੁਣਿ ਗੁਰ ਬਚਨ ਮਨਿ ਤੀਰ ਲਗਈਆ॥** *(ਪੰਨਾ ੮੩੫)*

ਸ਼ਬਦ ਦਾ ਬਾਣ ਵਜਿਆ ਹੈ ਤਾਂ ਪ੍ਰਭੂ ਦੇ ਮਿਲਣ ਦੀ ਪਿਆਸ ਅੰਦਰ ਪੈਦਾ ਹੋਵੇਗੀ। ਅੱਜ ਤਕ ਸ਼ਬਦ ਤੋਂ ਬਿਨਾਂ ਇਹ ਪਿਆਸ ਨਾ ਕੋਈ ਜਗਾ ਸਕਿਆ ਹੈ ਅਤੇ ਨਾ ਕੋਈ ਜਗਾ ਸਕੇਗਾ।

ਬਾਲਮੀਕ ਦੀ ਜੀਵਨ ਕਥਾ ਦੀ ਇਹ ਘਟਨਾ, ਇਸ ਗੱਲ ਦੀ ਪ੍ਰਤੀਕ ਹੈ ਕਿ ਸ਼ਬਦ ਵਿੱਚ ਕਿੰਨੀ ਸ਼ਕਤੀ ਹੈ। ਬਾਲਮੀਕ ਬਾਰੇ ਇਹ ਪ੍ਰਸਿੱਧ ਹੈ ਕਿ ਉਹ ਰਸਤੇ ਜਾਂਦੇ ਹੋਏ ਲੋਕਾਂ ਨੂੰ ਲੁਟ ਲਈਂਦਾ ਸੀ। ਇਕ ਦਿਨ ਜਿਸ ਰਸਤੇ ਵਿਚ ਬਾਲਮੀਕ ਮੁਸਾਫ਼ਰਾਂ ਨੂੰ ਲੁੱਟਣ ਵਾਸਤੇ ਬੈਠਾ ਸੀ। ਉਸੇ ਰਸਤੇ ਸਪਤ ਰਿਸ਼ੀ ਆ ਗਏ। ਸਪਤ ਰਿਸ਼ੀ ਯਾਨੀ ਕਿ ਸਤਵਾਨ ਸਾਧੂ, ਜਿਨ੍ਹਾਂ ਨੂੰ ਪੂਰਨ ਪ੍ਰਭੂ ਬਾਰੇ ਜਾਣਕਾਰੀ ਸੀ। ਉਨ੍ਹਾਂ ਸਪਤ ਸਾਧੂਆਂ ਨੂੰ ਬਾਲਮੀਕ ਨੇ ਲੁੱਟਣ ਦਾ ਜਤਨ ਕੀਤਾ। ਇਕ ਧਿਆਨ ਯੋਗ ਵਿਚਾਰ ਹੈ ਕਿ ਸਤਪੁਰਖਾਂ ਨੂੰ ਬਾਲਮੀਕ ਵਰਗੇ ਲੋਕਾਂ ਨਾਲ ਨਫ਼ਰਤ ਨਹੀਂ ਹੁੰਦੀ। ਉਨ੍ਹਾਂ ਨੂੰ ਇਨ੍ਹਾਂ ਲੋਕਾਂ ਉੱਪਰ ਤਰਸ ਆਉਂਦਾ ਹੈ। ਉਹ ਚਾਹੁੰਦੇ ਹਨ ਕਿ ਇਹ ਲੋਕ ਵੀ ਸ਼ਬਦ ਮੰਤਰ ਦਾ ਅਭਿਆਸ ਕਰਨ। ਤਾਂਕਿ ਇਨ੍ਹਾਂ ਨੂੰ ਵੀ ਸ਼ਬਦ ਦੀ ਪੂੰਜੀ ਪ੍ਰਾਪਤ ਹੋ ਸਕੇ। ਪਰ ਇਹ ਲੋਕ ਛੇਤੀ ਕੀਤੇ ਸ਼ਬਦ ਮੰਤਰ ਦਾ ਅਭਿਆਸ ਕਰਨ ਲਈ ਤਿਆਰ ਨਹੀਂ ਹੁੰਦੇ। ਵਿਸ਼ਵਾਸ ਨਹੀਂ ਕਰਦੇ। ਸਪਤ ਰਿਸ਼ੀਆਂ ਨੇ ਵੀ ਬਾਲਮੀਕ ਨੂੰ ਸ਼ਬਦ ਦੀ ਅਨੰਤ ਦੌਲਤ ਲੁਟਾਉਣੀ ਚਾਹੀ। ਪਰ ਉਨ੍ਹਾਂ ਨੇ ਸੋਚਿਆ ਕਿ ਬਾਲਮੀਕ ਪ੍ਰਭੂ ਉੱਪਰ ਤਾਂ ਵਿਸ਼ਵਾਸ ਹੀ ਨਹੀਂ ਕਰਦਾ। ਜੇ ਇਸ ਨੂੰ ਰਾਮ ਰਾਮ ਮੰਤਰ ਦਿੱਤਾ ਗਿਆ ਤਾਂ ਇਸ ਨੇ ਇਹ

ਜਪਣ ਲਈ ਰਾਜ਼ੀ ਨਹੀਂ ਹੋਣਾ। ਵਿਸ਼ਵਾਸ ਨਹੀਂ ਕਰਨਾ। ਇਸ ਵਾਸਤੇ ਉਨ੍ਹਾਂ ਨੇ ਬਾਲਮੀਕ ਨੂੰ ਜੋ ਮੰਤਰ ਦਿੱਤਾ ਉਹ "ਮਰਾ ਮਰਾ" ਦਿੱਤਾ। ਮਰਾ ਮਰਾ ਸ਼ਬਦ ਮੰਤਰ ਉੱਪਰ ਬਾਲਮੀਕ ਨੇ ਪੂਰਨ ਵਿਸ਼ਵਾਸ ਕੀਤਾ। ਦਰਅਸਲ ਮਰਾ ਮਰਾ ਦੀ ਧੁਨ ਹੀ ਉਲਟ ਕੇ ਰਾਮ ਰਾਮ ਹੋ ਜਾਂਦੀ ਹੈ। ਕੋਈ ਗੁਰੂ ਵਾਹਿ, ਗੁਰੂਵਾਹਿ ਜਪਦਾ ਰਹੇ ਤਾਂ ਉਲਟ ਕੇ ਧੁਨ ਵਾਹਿਗੁਰੂ ਬਣ ਜਾਏਗੀ। ਇਸ ਤਰ੍ਹਾਂ ਹੀ ਮਰਾ ਮਰਾ ਜਪਦਿਆਂ ਜਪਦਿਆਂ ਬਾਲਮੀਕ ਦੀ ਰਸਨਾ ਉੱਪਰ ਰਾਮ ਰਾਮ ਦੀ ਧੁਨ ਆ ਗਈ। ਅਭਿਆਸ ਹੁੰਦਾ ਰਿਹਾ। ਇਕ ਦਿਨ ਐਸਾ ਆਇਆ ਕਿ ਇਹ ਰਾਮ ਰਾਮ ਦੀ ਧੁਨ, ਬਾਲਮੀਕ ਦੇ ਹਿਰਦੇ ਨੂੰ ਵਿੰਨ੍ਹ ਗਈ। ਬੱਸ ਸ਼ਬਦ ਦੀ ਚੋਟ ਅੰਦਰ ਹੋ ਗਈ। ਉਹ ਬਾਲਮੀਕ ਜੋ ਡਾਕੂ ਸੀ, ਉਹ ਸੰਤ ਹੋ ਗਿਆ। ਉਹ 'ਬਾਲਮੀਕ ਰਿਸ਼ੀ' ਹੋ ਗਿਆ। ਸ਼ਬਦ ਦੀ ਚੋਟ ਤੋਂ ਬਿਨਾ ਸੰਤ ਤੇ ਭਗਤ ਨਹੀਂ ਬਣਿਆ ਜਾ ਸਕਦਾ।

ਮੂਲ ਗੱਲ ਹੈ ਕਿ ਬੰਦੇ ਦੇ ਅੰਦਰ ਸ਼ਬਦ ਦੀ ਪਿਆਸ ਜਾਗੇ। ਇਹ ਪਿਆਸ ਪੈਦਾ ਕਰਨ ਦਾ ਸਾਧਨ ਸਿਰਫ਼ ਗੁਰ ਮੰਤਰ ਦਾ ਅਭਿਆਸ ਹੈ। ਜੇਕਰ ਬੰਦੇ ਨੂੰ ਪਿਆਸ ਅਤੇ ਭੁੱਖ ਨਾ ਲਗੇ ਤਾਂ ਡਾਕਟਰ, ਵੈਦਾਂ ਦਾ ਕਹਿਣਾ ਹੈ ਕਿ ਬੰਦਾ ਰੋਗੀ ਹੁੰਦਾ ਹੈ। ਜਿਸ ਦੇ ਅੰਦਰ ਸੱਚੇ ਨਾਮ ਸ਼ਬਦ ਦੀ ਭੁੱਖ ਅਤੇ ਪਿਆਸ ਨਹੀਂ ਲਗਦੀ, ਉਨ੍ਹਾਂ ਦੀ ਆਤਮਾ ਰੋਗੀ ਹੁੰਦੀ ਹੈ। ਜਿਨ੍ਹਾਂ ਰੋਗੀਆਂ ਦੇ ਸਰੀਰ ਰੋਗੀ ਹੁੰਦੇ ਹਨ। ਉਨ੍ਹਾਂ ਦਾ ਇਲਾਜ ਹੁੰਦਾ ਹੈ। ਪਰ ਆਤਮਕ ਰੋਗੀਆਂ ਨਾਲ ਤਾਂ ਸਮੁੱਚਾ ਸੰਸਾਰ ਭਰਿਆ ਪਿਆ ਹੈ। ਗੁਰਦੇਵ ਦਾ ਕਹਿਣਾ ਹੈ ਕਿ —

**ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥**

*(ਪੰਨਾ ੧੧੪੦)*

ਆਤਮਕ ਰੋਗਾਂ ਦਾ ਇਕੋ ਇਕ ਕਾਮਯਾਬ ਇਲਾਜ ਹੈ ਕਿ ਬੰਦੇ ਦੇ ਅੰਦਰੋਂ ਸ਼ਬਦ ਉਜਾਗਰ ਹੋਵੇ। ਬੰਦੇ ਨੂੰ ਸੱਚੇ ਨਾਮ ਦੀ ਭੁੱਖ ਲਗੇ ਅਤੇ ਪ੍ਰਭੂ ਮਿਲਾਪ ਦੀ ਪਿਆਸ ਲੱਗੇ —

**ਸਾਚੇ ਨਾਮ ਕੀ ਲਾਗੈ ਭੂਖ॥**
**ਉਤੁ ਭੂਖੈ ਖਾਇ ਚਲੀਅਹਿ ਦੂਖ॥** *(ਪੰਨਾ ੯)*

ਸ਼ਬਦ ਦਾ ਤੀਰ ਅੰਤਰ ਆਤਮੇ ਲਗ ਜਾਏ ਤਾਂ ਦੋ ਤਰ੍ਹਾਂ ਦੀ ਪਿਆਸ ਪੈਦਾ ਹੋਵੇਗੀ। ਪ੍ਰਭੂ ਦੇ ਮਿਲਣ ਦੀ ਅਤੇ ਪ੍ਰਭੂ ਵਰਗਾ ਹੋਣ ਦੀ।

ਦਰਅਸਲ ਰੋਜ਼ਾਨਾ ਸਤਸੰਗ ਦੀ ਪ੍ਰੇਰਨਾ ਇਸੇ ਵਾਸਤੇ ਹੈ ਕਿ ਅੰਦਰ ਪਿਆਸ ਜਾਗੇ ਅਤੇ ਸ਼ਬਦ ਦੀ ਸਮਝ ਆਵੇ। ਸ਼ਬਦ ਦਾ ਤੀਰ ਤਾਂ ਨਿਸ਼ਾਨੇ ਦੀ ਤਰਫ਼ ਜਾਂਦਾ ਹੈ। ਬੰਦਾ ਆਪਣਾ ਮਨ ਹੀ ਇਧਰ ਉਧਰ ਕਰ ਲੈਂਦਾ ਹੈ। ਕਬੀਰ ਸਾਹਿਬ ਨੇ ਇਹੋ ਹੀ ਭਾਵ ਪ੍ਰਗਟ ਕੀਤਾ ਹੈ —

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥**

*(ਪੰਨਾ ੧੩੭੨)*

ਸ਼ਬਦ ਕੀ ਕਰੇ? ਕਿਉਂਕਿ ਅਸੀਂ ਆਪਣਾ ਮਨ ਹੀ ਇਕ ਪਾਸੇ ਕਰ ਛੱਡਦੇ ਹਾਂ। ਹੁਣ ਜੇ ਕਬੀਰ ਵਰਗਾ ਮਹਾਂਪੁਰਖ ਇਹ ਗੱਲ ਕਹਿ ਰਿਹਾ ਹੈ ਤਾਂ ਜ਼ਰੂਰ ਨਿਜੀ ਤਜਰਬੇ ਦੀ ਗੱਲ ਕਹਿ ਰਿਹਾ ਹੈ। ਅੱਜ ਤਕ ਦੁਨੀਆ ਵਿੱਚ ਜੋ ਬੰਦੇ ਬਦਲੇ ਹਨ, ਉਹ ਸ਼ਬਦ ਦੇ ਤੀਰ ਨਾਲ ਹੀ ਬਦਲੇ ਹਨ। ਜੋ ਪ੍ਰਮਾਤਮਾ ਨਾਲ ਜੁੜੇ ਹਨ ਉਹ ਵੀ ਸ਼ਬਦ ਕਰਕੇ ਹੀ ਜੁੜੇ ਹਨ। ਹੋਰ ਕੋਈ ਢੰਗ ਨਹੀਂ ਹੈ —

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥**

*(ਪੰਨਾ ੧੩੭੪)*

# ਸਤਿਗੁਰ ਦਾ ਸ਼ਬਦ
# ਅਤੇ
# ਕੁਦਰਤ ਦੀ ਕਲਾ

ਕਬੀਰ ਸਾਹਿਬ ਕਹਿੰਦੇ ਹਨ ਕਿ ਸਤਿਗੁਰ ਨੇ ਯੋਧਿਆਂ ਦੀ ਤਰ੍ਹਾਂ ਸ਼ਬਦ ਦਾ ਬਾਣ ਮਾਰਿਆ ਹੈ। ਦਰਅਸਲ ਸ਼ਬਦ ਤਾਂ ਆਮ ਦੁਨੀਆ ਵੀ ਕਹਿੰਦੀ ਹੈ। ਪਰ ਗੁਰੂ ਜੋ ਸ਼ਬਦ ਕਹਿੰਦੇ ਹਨ। ਉਹ ਸ਼ਬਦ ਧੁਰ ਅੰਦਰੋਂ ਅੰਤਸ਼ਕਰਣ ਵਿਚੋਂ ਕਹਿੰਦੇ ਹਨ। ਵਾਸਤਵਿਕ ਵਿਚ ਸ਼ਬਦ ਉਹੀ ਗੁਰੂ ਹੈ, ਜੋ ਧੁਰ ਅੰਦਰੋਂ ਆਵੇ। ਬਾਕੀ ਬੋਲ ਕੱਚੇ ਹਨ। ਉਨ੍ਹਾਂ ਵਿੱਚ ਕੋਈ ਸ਼ਕਤੀ ਅਤੇ ਸੱਤਿਆ ਨਹੀਂ ਹੁੰਦੀ। ਅਵਲ ਤਾਂ ਉਹ ਨਿਸ਼ਾਨੇ ਤਕ ਪਹੁੰਚਦੇ ਹੀ ਨਹੀਂ। ਮਨ ਤਕ ਨਹੀਂ ਪਹੁੰਚਦੇ। ਜੇ ਪਹੁੰਚ ਜਾਣ ਤਾਂ ਹਿਰਦੇ ਨੂੰ ਵਿੰਨ੍ਹਦੇ ਨਹੀਂ। ਉਨ੍ਹਾਂ ਸ਼ਬਦਾਂ ਨਾਲ ਬੰਦਾ ਬਦਲਦਾ ਨਹੀਂ। ਕਬੀਰ ਸਾਹਿਬ ਕਹਿੰਦੇ ਹਨ ਕਿ ਸੱਚੇ ਸਤਿਗੁਰ ਵਿਚ ਏਨੀ ਸ਼ਕਤੀ ਹੈ ਕਿ ਉਸਦੇ ਸ਼ਬਦਾਂ ਦੇ ਬਾਣ ਹਿਰਦੇ ਨੂੰ ਵਿੰਨ੍ਹ ਕੇ ਰੱਖ ਦੇਂਦੇ ਹਨ। ਹਿਰਦੇ ਵਿੱਚ ਛੇਕ ਪਾਉਂਦੇ ਹਨ।

ਸੋ ਅੱਜ ਤਕ ਜਿਹੜਾ ਬੰਦਾ ਵੀ ਬਦਲਿਆ ਹੈ, ਉਹ ਸ਼ਬਦ ਦੇ ਬਾਣ ਨਾਲ ਬਦਲਿਆ ਹੈ। ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਕੱਲਾ ਵੇਖਿਆ ਸੀ। ਉਨ੍ਹਾਂ ਰਾਹੀਆ, ਕੁਰਾਹੀਆ, ਪਗਲਾ, ਦੀਵਾਨਾ ਵੀ ਕਿਹਾ। ਪਰ ਜਿਨ੍ਹਾਂ ਗੁਰੂ ਨਾਨਕ ਕੋਲੋਂ ਸ਼ਬਦ ਸੁਣਿਆ, ਉਹ ਗੁਰੂ ਤੋਂ ਕੁਰਬਾਨ ਹੋਏ। ਸਦਕੇ ਹੁੰਦੇ ਰਹੇ। ਸਰੀਰ ਦੇਖਣ ਦਾ ਵਿਸ਼ਾ ਹੈ ਅਤੇ ਸ਼ਬਦ ਅਨੁਭਵ ਦਾ ਵਿਸ਼ਾ ਹੈ। ਜਿਹੜੇ ਸਰੀਰ ਨੂੰ ਇਕੱਲਾ ਗੁਰੂ ਮੰਨਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਇਕੱਲਾ ਦਰਸ਼ਨ ਕਰਿਆ ਕਰਨ। ਸੁਣਿਆ ਨਾ ਕਰਨ। ਕੇਵਲ ਦਰਸ਼ਨ ਕਰਨ ਨਾਲ ਕੋਈ ਤਬਦੀਲੀ ਨਹੀਂ ਆਉਂਦੀ। ਹਾਂ ਇਕ ਗੱਲ ਜ਼ਰੂਰ ਹੈ ਕਿ ਜਿਸ ਸਰੀਰ ਵਿਚੋਂ ਸ਼ਬਦ ਉਜਾਗਰ ਹੁੰਦਾ ਹੈ। ਉਸ ਸਰੀਰ ਦੀ ਪੂਜਾ ਹੁੰਦੀ ਹੈ। ਮੱਥਾ ਟੇਕਣ ਨਾਲ ਇੱਕ ਸਨਮਾਨ ਬਣਦਾ ਹੈ। ਭਾਈ ਗੁਰਦਾਸ ਜੀ ਮਹਾਰਾਜ ਦਾ ਕਥਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਸ ਨੂੰ ਵੀ ਕੁਝ ਦਿੱਤਾ, ਉਹ ਸ਼ਬਦ ਦਿੱਤਾ ਅਤੇ ਸ਼ਬਦ ਦੇ ਰਾਹੀਂ ਹੀ ਦਿੱਤਾ —

**ਸਬਦ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ॥**

*(ਭਾ: ਗੁਰਦਾਸ ਜੀ, ਵਾਰ ੧, ਪਉੜੀ ੩੧)*

ਸਿੱਖ ਉਹ ਹੈ ਜੋ ਸ਼ਬਦ ਦੀ ਸਿਖਿਆ ਲਈ ਬੇਤਾਬ ਹੋਵੇ। ਸੰਤ ਉਹ ਹੁੰਦਾ ਹੈ ਜੋ ਸ਼ਬਦ ਨਾਲ ਸਿੱਖਾਂ ਨੂੰ ਜੋੜੇ ਅਤੇ ਸ਼ਬਦ ਦਾ ਗਿਆਨ ਕਰਾਵੇ। ਗੁਰੂ ਜੋ ਸਿੱਖ ਨੂੰ ਗਿਆਨ ਦੇਵੇ। ਗੁਰਮਤਿ ਵਿੱਚ ਪ੍ਰਮਾਤਮਾ ਨੂੰ ਸ਼ਬਦ ਦੁਆਰਾ ਹੀ ਉਜਾਗਰ ਕਰਨ ਦੀ ਸਾਧਨਾ ਦਰਸਾਈ ਜਾਂਦੀ ਹੈ। ਪ੍ਰਮਾਤਮਾ ਦਾ ਨਾਮ ਵੀ ਸ਼ਬਦ ਹੀ ਹੈ। ਸ੍ਰਿਸ਼ਟੀ ਦਾ ਮੂਲ ਅਧਾਰ ਵੀ ਸ਼ਬਦ ਹੀ ਹੈ। ਸਾਡੇ ਪ੍ਰਾਣਾਂ ਵਿੱਚ ਵੀ ਸ਼ਬਦ ਹੀ ਧੜਕਦਾ ਹੈ।

**ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ॥...॥**

*(ਪੰਨਾ ੭੯੫)*

**ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥**

*(ਪੰਨਾ ੧੨੭੫)*

ਮੂਲ ਰੂਪ ਵਿਚ ਸ਼ਬਦ ਹੀ ਕੰਮ ਕਰਦਾ ਹੈ। ਉਹ ਸ਼ਬਦ ਹੀ ਆਹਤ ਬਾਣੀ ਹੈ। ਜੋ ਅਸੀਂ ਬੋਲਦੇ ਹਾਂ ਉਹ ਸ਼ਬਦ ਹੈ। ਜੋ ਸੰਸਾਰ ਸੁਣਦਾ ਹੈ ਉਹ ਸ਼ਬਦ ਹੈ। ਸਾਰਾ ਗਿਆਨ ਸ਼ਬਦ ਦੇ ਦੁਆਲੇ ਦੀ ਵਿਚਾਰ ਹੈ—

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।**

*(ਪੰਨਾ ੬੪੬)*

ਅੰਦਰ ਸ਼ਬਦ ਉਜਾਗਰ ਹੋਣ ਤੋਂ ਬਿਨਾ ਅੰਦਰ ਅਗਿਆਨਤਾ ਦਾ ਅੰਧੇਰਾ ਹੀ ਛਾਇਆ ਰਹਿੰਦਾ ਹੈ। ਅੰਦਰ ਦੀ ਅਨੂਪਮ ਵਸਤੂ ਬਿਨਾ ਸ਼ਬਦ ਤੋਂ ਪ੍ਰਾਪਤ ਨਹੀਂ ਹੁੰਦੀ ਅਤੇ ਜਨਮ ਮਰਨ ਦਾ ਫੇਰ ਵੀ ਬਣਿਆ ਹੀ ਰਹਿੰਦਾ ਹੈ। ਗੁਰੂ ਅਮਰ ਦਾਸ ਜੀ ਦਾ ਕਥਨ ਹੈ—

**ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥**

*(ਪੰਨਾ ੧੨੪)*

ਸਿੱਖ ਕੌਮ ਵਿੱਚ ਸਿਰਫ਼ ਸ਼ਬਦ ਦੀ ਪੂਜਾ ਹੈ, ਸਰੀਰ ਦੀ ਨਹੀਂ। ਇਹ ਗੱਲ ਠੀਕ ਹੈ ਕਿ ਸਿੱਖ ਕੌਮ ਆਪਣੇ ਦਸ ਗੁਰੂ ਮੰਨਦੀ ਹੈ। ਦਰਅਸਲ ਇਹ ਮਨੌਤ ਉਨ੍ਹਾਂ, ਗੁਰ ਵਿਅਕਤੀ ਸਰੀਰਾਂ ਦੀ ਹੈ, ਜਿਨ੍ਹਾਂ ਵਿਚੋਂ ਸ਼ਬਦ ਦਾ ਪ੍ਰਕਾਸ਼ ਹੋਇਆ ਹੈ। ਗੁਰੂ ਸਿਰਫ਼ ਸ਼ਬਦ ਹੈ। ਇਸ ਭਾਵ ਨੂੰ ਸਮਝਣ ਵਾਸਤੇ ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਅਤੇ ਹੋਰ

ਸੰਤਾਂ ਦੀ ਬਾਣੀ ਵੀ ਦਰਜ ਹੈ। ਜਿਨ੍ਹਾਂ ਵੀ ਭਗਤ, ਸੰਤ ਵਿਅਕਤੀਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਹ ਉਨੇ ਹੀ ਪੂਜਣ ਜੋਗ ਹਨ, ਜਿੰਨੇ ਕਿ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਦਸੇ ਦੇ ਦਸੇ ਗੁਰੂ। ਇਸ ਗੱਲ ਦੀ ਕੋਈ ਮਹਾਨਤਾ ਨਹੀਂ ਕਿ ਗੁਰੂ ਕਿੰਨੇ ਹਨ। ਇਸ ਗੱਲ ਦੀ ਮਹਾਨਤਾ ਹੈ ਕਿ ਸ਼ਬਦ ਕਿੰਨਿਆਂ ਨੂੰ ਉਜਾਗਰ ਹੋਇਆ ਹੈ।

ਪਰਮ ਗੁਰੂ ਸਿਰਫ਼ ਸ਼ਬਦ ਹੈ। ਸ਼ਬਦ ਆਦਿ ਕਾਲ ਤੋਂ ਸਾਰੇ ਸੰਸਾਰ ਦਾ ਗੁਰੂ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਸ ਇਕੋ ਗੁਰੂ ਬਾਰੇ ਹੀ ਬਿਆਨ ਕੀਤਾ ਹੈ ਕਿ –

**ਆਦਿ ਅੰਤਿ ਏਕੈ ਅਵਤਾਰਾ॥**
**ਸੋਈ ਗੁਰੂ ਸਮਝਿਯਹੁ ਹਮਾਰਾ॥੯॥** *(ਚੌਪਈ ਪਾ: ੧੦)*

# ਮਨੁੱਖ ਦਾ ਸਰੀਰ
# ਅਤੇ
# ਕੁਦਰਤ ਦੀ ਕਲਾ

ਇਹ ਸ਼ਬਦ ਹਰੇਕ ਦੇ ਅੰਦਰ ਹੈ ਅਤੇ ਪ੍ਰਮਾਤਮਾ ਦੀ ਅੰਸ਼ ਹੈ। ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਸੀ। ਗੁਰੂ ਨਾਨਕ ਦੀ ਸ਼ਰਨ ਵਿੱਚ ਆ ਕੇ ਆਪਣੇ ਅੰਦਰਲੇ ਸ਼ਬਦ ਦੀ ਸਮਝ ਪੈ ਗਈ। ਗੁਰੂ ਨਾਨਕ ਦੇਵ ਜੀ ਨੇ ਕਿਹਾ, ਲਹਿਣਿਆ! ਹੁਣ ਤੈਨੂੰ ਉਸ ਅੰਗ ਦੀ ਸਮਝ ਆ ਗਈ ਹੈ, ਜੋ ਤੇਰੇ ਅੰਦਰ ਪ੍ਰਮਾਤਮਾ ਦਾ ਅੰਗ ਹੈ। ਹੁਣ ਤੂੰ ਅੰਗਦ ਹੋ ਗਿਆ ਹੈਂ। ਦਰਅਸਲ ਲਹਿਣਾ ਤਾਂ ਹਰੇਕ ਕੋਈ ਹੈ। ਪਰ ਅੰਗਦ ਕੋਈ ਕਦੇ ਕਦਾਈਂ ਹੀ ਬਣਦਾ ਹੈ। ਭਾਈ ਲਹਿਣਾ ਹੀ ਰੱਬ ਹੋ ਗਿਆ।

**ਜਿਸ ਦਮ ਸੋਨਾ ਭੱਠੀ ਮੇ ਢਾਲ ਕਰ ਕੁੰਦਨ ਕੀਆ॥**
**ਲਹਿਣੇ ਸੇ ਅੰਗਦ ਬਣਾ, ਅੰਗਦ ਸੇ ਅਲਾਹ ਕਰ ਦੀਆ॥**

*(ਇਕ ਵਿਦਵਾਨ)*

ਜਿੰਨੀ ਦੇਰ ਸ਼ਬਦ ਅਨੁਸਾਰ ਜੀਵਨ ਨਹੀਂ ਬਣਿਆ, ਉਨੀ ਦੇਰ ਲਹਿਣਾ ਹੈ। ਜਦੋਂ ਸ਼ਬਦ ਪ੍ਰਾਪਤ ਹੋ ਗਿਆ। ਗੁਰੂ ਅੰਗਦ ਹੋ ਗਏ। ਇਹ ਸ਼ਬਦ ਦੀ ਬਰਕਤ ਹੈ। ਪਹਿਲਾਂ ਅਮਰੂ ਨਿਥਾਵਾਂ ਸੀ। ਫੇਰ ਗੁਰੂ ਅਮਰਦਾਸ ਨਿਥਾਵਿਆਂ ਦਾ ਥਾਂ ਹੈ। ਇਹ ਸ਼ਬਦ ਦੀ ਵਡਿਆਈ ਹੈ ਕਿ ਨਿਥਾਵੇਂ ਅਮਰੂ ਨੂੰ ਇਸ ਮਹਿਮਾ ਨਾਲ ਯਾਦ ਕੀਤਾ ਜਾਂਦਾ ਹੈ ਕਿ –

**ਭਲੇ ਅਮਰਦਾਸ ਗੁਣ ਤੇਰੇ**
**ਤੇਰੀ ਉਪਮਾ ਤੋਹਿ ਬਨਿ ਆਵੈ॥** *(ਪੰਨਾ ੧੩੯੬)*

ਇਹ ਸ਼ਬਦ ਦੀ ਹੀ ਵਡਿਆਈ ਸੀ ਕਿ ਪਹਿਲਾਂ ਤਾਂ ਜੇਠਾ ਯਤੀਮ ਸੀ। ਸ਼ਬਦ ਅੰਦਰ ਵੱਸ ਗਿਆ ਤਾਂ –

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥**

**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥**

*(ਪੰਨਾ ੯੬੮)*

ਸੋ ਗੁਰੂ, ਸਰੀਰ ਨਹੀਂ ਹੈ। ਗੁਰੂ ਸ਼ਬਦ ਹੈ। ਸ਼ਬਦ ਦੁਆਰਾ ਸਰੀਰ ਵੀ ਗੁਰੂ ਕਰਕੇ ਜਾਣਿਆ ਜਾਂਦਾ ਹੈ। ਸਰੀਰ ਦਾ ਮੁੱਲ ਸ਼ਬਦ ਦੁਆਰਾ ਹੈ। ਸਰੀਰ ਦੇ ਕਰਮ, ਸ਼ਬਦ ਦੁਆਰਾ ਪਵਿੱਤਰ ਹੋ ਜਾਂਦੇ ਹਨ। ਸਰੀਰ ਆਪਣੇ ਆਪ ਵਿੱਚ ਕੁਝ ਤਬਦੀਲੀ ਨਹੀਂ ਕਰ ਸਕਦਾ। ਬਲਕਿ ਅਵਗੁਣਾਂ ਨਾਲ ਮਨ ਭਰ ਜਾਂਦਾ ਹੈ। ਸ਼ਬਦ ਸੁਣਨ ਦਾ ਵਿਸ਼ਾ ਹੈ ਅਤੇ ਸਰੀਰ ਵੇਖਣ ਦਾ ਵਿਸ਼ਾ ਹੈ। ਸ਼ਬਦ ਗੁਰੂ ਹੈ। ਸਰੀਰ ਕਰਮ ਭੂਮੀ ਹੈ।

ਔਰੰਗਜ਼ੇਬ ਦੇ ਜੀਵਨ ਦੀ ਬੜੀ ਰੋਚਕ ਇਕ ਕਥਾ ਹੈ। ਔਰੰਗਜ਼ੇਬ ਦੀ ਇਕ ਚਹੇਤੀ ਲੜਕੀ ਸੀ। ਜੇਬੁਲਨਿਸ਼ਾ ਉਸ ਦਾ ਨਾਮ ਸੀ। ਜੇਬੁਲਨਿਸ਼ਾ ਬੜੀ ਦਾਰਸ਼ਿਨਿਕ ਅਤੇ ਸੁੰਦਰ ਕਵਿਤਰੀ ਵੀ ਸੀ। ਬੜੀ ਸਿਆਣੀ ਫ਼ਿਲਾਸਫ਼ਰ ਸੀ। ਸੂਫ਼ੀ ਸੰਤਾਂ ਵਾਂਗ ਜੀਵਨ ਜਿਊਂਦੀ ਸੀ। ਬੜੀ ਖ਼ੁਦਾ ਪ੍ਰਸਤ ਸੀ। ਸਾਰਾ ਦਿਨ ਤਸਬੀ ਫੇਰਦੀ ਸੀ ਅਲਾਹ ਦੇ ਨਾਮ ਦੀ। ਵਿਦਵਾਨ ਇੰਨੀ ਸੀ ਕਿ ਸੰਸਕ੍ਰਿਤ ਦੇ ਧਰਮ ਗ੍ਰੰਥਾਂ ਦਾ ਉਲਥਾ ਪਰਸ਼ੀਅਨ ਵਿਚ ਕਰਦੀ ਸੀ ਅਤੇ ਪਰਸ਼ੀਅਨ ਦੇ ਧਰਮ ਗ੍ਰੰਥਾਂ ਦਾ ਉਲਥਾ ਸੰਸਕ੍ਰਿਤ ਵਿੱਚ ਕਰਦੀ ਰਹਿੰਦੀ ਸੀ। ਕਵਿਤਰੀ ਬੜੀ ਗ਼ਜ਼ਬ ਦੀ ਸੀ। ਜਿਹੜਾ ਇਹ ਉਲਥਾ ਕਰਦੀ ਸੀ, ਉਹ ਵੀ ਕਵਿਤਾ ਵਿੱਚ ਕਰਦੀ ਸੀ। ਜੇਬੁਲਨਿਸ਼ਾ ਦੇ ਲਿਖੇ ਹੋਏ ਗ੍ਰੰਥ ਕਈ ਮੌਜੂਦ ਹਨ। ਲਖਨਊ ਮਿਊਜ਼ੀਅਮ ਵਿੱਚ ਜੇਬੁਲਨਿਸ਼ਾ ਦੇ ਲਿਖਤ ਗ੍ਰੰਥ ਪਏ ਹਨ। ਇਨ੍ਹਾਂ ਗ੍ਰੰਥਾਂ ਤੋਂ ਪਤਾ ਲਗਦਾ ਹੈ ਪਈ ਕਿੰਨੀ ਸਿਆਣੀ ਅਤੇ ਵਿਦਵਾਨ ਸੀ। ਔਰੰਗਜ਼ੇਬ ਤਾਂ ਬੜਾ ਹਠੀ ਤੇ ਨਿਰਦਈ ਸੀ, ਪਰ ਪਤਾ ਨਹੀਂ ਕਿਸ ਨੇਕ ਕਰਮ ਕਰਕੇ ਉਸ ਦੇ ਘਰ ਇੰਨੀ ਨੇਕ ਬੱਚੀ ਨੇ ਜਨਮ ਲਿਆ। ਇੰਜ ਕਹਿ ਦੇਣਾ ਚਾਹੀਦਾ ਹੈ ਕਿ ਕਲਰੀ ਧਰਤੀ ਵਿਚ ਕਮਲ ਦਾ ਫੁੱਲ ਪੈਦਾ ਹੋ ਗਿਆ ਹੈ। ਜਿਵੇਂ ਹਰਨਾਖਸ਼ ਦੈਂਤ ਦੇ ਘਰ ਪ੍ਰਹਿਲਾਦ ਦਾ ਪੈਦਾ ਹੋਣਾ ਹੈ। ਇਹ ਕਲਰੀ ਧਰਤੀ ਉੱਪਰ ਕਮਲ ਦਾ ਫੁੱਲ ਹੀ ਹੈ। ਭਾਈ ਗੁਰਦਾਸ ਦਾ ਕਥਨ ਹੈ ਕਿ –

**ਘਰ ਹਰਨਾਖਸ਼ ਦੈਂਤ ਦੇ**
**ਕਲਰ ਕਵਲ ਭਗਤ ਪ੍ਰਹਿਲਾਦ ॥** *(ਭਾ: ਗੁਰਦਾਸ ਜੀ)*

ਇਕ ਸਮੇਂ ਘਟਨਾ ਇਸ ਤਰ੍ਹਾਂ ਵਾਪਰੀ ਕਿ ਜੇਬੁਲਨਿਸ਼ਾ ਦੀ ਸ਼ਾਇਰੀ ਤੋਂ ਇਕ ਸੂਫ਼ੀ ਫ਼ਕੀਰ ਇੰਨਾ ਪ੍ਰਭਾਵਤ ਹੋਇਆ ਕਿ ਉਹ

ਔਰੰਗਜ਼ੇਬ ਦੇ ਦਰਬਾਰ ਵਿੱਚ ਆ ਕੇ ਖਲੋ ਗਿਆ। ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਇਕ ਅਰਜ਼ੀ ਪੇਸ਼ ਕੀਤੀ। ਉਸ ਅਰਜ਼ੀ ਵਿੱਚ ਉਸ ਨੇ ਦਰਸਾਇਆ ਸੀ ਕਿ ਐ ਬਾਦਸ਼ਾਹ ਸਲਾਮਤ! ਇਹ ਜੋ ਤੁਹਾਡੀ ਬੱਚੀ ਜੇਬੁਲਨਿਸ਼ਾ ਹੈ, ਇਹ ਤਾਂ ਅਲ੍ਹਾ ਦਾ ਨੂਰ ਹੈ। ਮੈਂ ਇਸ ਬੱਚੀ ਦੀ ਜ਼ਿਆਰਤ ਕਰਨੀ ਚਾਹੁੰਦਾ ਹਾਂ। ਔਰੰਗਜ਼ੇਬ ਬੜਾ ਔਖਾ ਹੋਇਆ। ਕਿਉਂਕਿ ਮੁਸਲਮਾਨ ਪਰਦੇ ਦੇ ਬੜੇ ਕੱਟੜ ਹੁੰਦੇ ਹਨ। ਔਰੰਗਜ਼ੇਬ ਆਪ ਬੜਾ ਪਰਦੇ ਦਾ ਹਮਾਇਤੀ ਸੀ। ਹੁਣ ਉਹ ਸੂਫ਼ੀ ਫ਼ਕੀਰ ਕਹਿੰਦਾ ਹੈ ਕਿ ਮੈਂ ਜ਼ਿਆਰਤ ਕਰਨੀ ਹੈ। ਭਾਵ ਕਿ ਮੈਂ ਤੁਹਾਡੀ ਬੱਚੀ ਦੇ ਦਰਸ਼ਨ ਕਰਨੇ ਹਨ। ਇਸਲਾਮ ਵਿਚ ਬੜਾ ਭਾਰੀ ਪਰਦਾ ਹੈ। ਦੂਜਾ ਔਰੰਗਜ਼ੇਬ ਦਿਲੋਂ ਆਪਣੀ ਬੱਚੀ ਜੇਬੁਲਨਿਸ਼ਾ ਦੇ ਕਈ ਵਿਚਾਰਾਂ ਨਾਲ ਸਹਿਮਤ ਨਹੀਂ ਸੀ। ਪਰ ਮਜਬੂਰੀ ਸੀ ਕਿ ਚਹੇਤੀ ਲੜਕੀ ਸੀ।

ਔਰੰਗਜ਼ੇਬ ਨੇ ਆਪਣੇ ਰਾਜ ਵਿੱਚ ਰਾਗ ਉੱਪਰ ਪਾਬੰਦੀ ਲਾਈ ਹੋਈ ਸੀ। ਯਾਨੀ ਕਿ ਸੰਗੀਤ ਉੱਪਰ ਪਾਬੰਦੀ ਸੀ। ਉਸ ਦੇ ਰਾਜ ਵਿੱਚ ਕੋਈ ਗਾ ਨਹੀਂ ਸੀ ਸਕਦਾ।

ਇਕ ਦਿਨ ਦੀ ਘਟਨਾ ਹੈ ਕਿ ਔਰੰਗਜ਼ੇਬ ਆਪਣੀ ਬੱਚੀ ਜੇਬੁਲਨਿਸ਼ਾ ਨੂੰ ਨਾਲ ਲੈਕੇ ਬਾਗ਼ ਵਿਚ ਟਹਿਲ ਰਿਹਾ ਸੀ। ਅੰਬਾਂ ਦੇ ਬੂਟਿਆਂ ਨੂੰ ਬੂਰ ਆਇਆ ਹੋਇਆ ਸੀ। ਬੜੀ ਅਜੀਬ ਗੱਲ ਹੈ, ਕਿ ਕੋਇਲ ਨੌਂ ਮਹੀਨੇ ਭਾਰਤ ਵਿੱਚ ਕਿਤੇ ਨਹੀਂ ਦਿਸਦੀ। ਪਰ ਜਦੋਂ ਅੰਬਾਂ ਦੇ ਬੂਟਿਆਂ ਨੂੰ ਫੁਲ ਫਲ ਆਉਂਦੇ ਹਨ ਤਾਂ ਪਤਾ ਨਹੀਂ ਇੰਨੀਆਂ ਕੋਇਲਾਂ ਕਿਥੋਂ ਆ ਜਾਂਦੀਆਂ ਹਨ। ਤਿੰਨ ਮਹੀਨੇ ਕੋਇਲਾਂ ਦੀ ਅਵਾਜ਼ ਸੁਣਾਈ ਦੇਂਦੀ ਹੈ। ਬੱਸ! ਜਦੋਂ ਅੰਬਾਂ ਦੀ ਰੁੱਤ ਆਉਂਦੀ ਹੈ।

ਅੰਬਾਂ ਨੂੰ ਬੂਰ ਆਇਆ ਹੋਇਆ ਸੀ। ਕੋਇਲ ਦੀ ਕੂ ਕੂ ਦੀ ਮਧੁਰ ਅਵਾਜ਼ ਜੇਬੁਲਨਿਸ਼ਾ ਨੇ ਸੁਣੀ। ਅਵਾਜ਼ ਸੁਣਦਿਆਂ ਹੀ ਜੇਬੁਲਨਿਸ਼ਾ ਨੇ ਉਸ ਕੋਇਲ ਪ੍ਰਤੀ ਆਖਿਆ। ਕਵਿਤਰੀ ਸੀ। ਕਵਿਤਾ ਦੇ ਰੂਪ ਵਿਚ ਅਨਉਕਤੀ ਅਲੰਕਾਰ ਬੰਨ੍ਹ ਕੇ ਕੋਇਲ ਨੂੰ ਸਮਝਾਉਣ ਲਗੀ। ਅਨਉਕਤੀ ਅਲੰਕਾਰ ਉਹ ਹੁੰਦਾ ਹੈ, ਜਿਸ ਵਿੱਚ ਕਹਿਣਾ ਕਿਸੇ ਨੂੰ ਹੁੰਦਾ ਹੈ ਅਤੇ ਸੁਨਾਉਣਾ ਕਿਸੇ ਹੋਰ ਨੂੰ ਹੁੰਦਾ ਹੈ। ਸਾਹਿਤਕ ਦੁਨੀਆਂ ਵਿੱਚ ਅਨੇਕਾਂ ਅਲੰਕਾਰ ਹਨ। ਸੁਆਲ ਦੋ ਚਾਰ ਹੋਣ ਅਤੇ ਜਵਾਬ ਇਕ ਹੋਵੇ, ਇਸ ਨੂੰ ਚਿੱਤਰਾ ਅਲੰਕਾਰ ਕਹਿੰਦੇ ਹਨ —

**ਪ੍ਰਸ਼ਨ ਅਨੇਕ, ਏਕ ਜਹਿ ਉੱਤਰ॥ ਅਲੰਕਾਰ ਮਾਨਹੁ ਤਿਹ ਚਿੱਤਰ॥**

ਸੋ ਜੇਬੁਲਨਿਸ਼ਾ ਅਨਉਕਤੀ ਅਲੰਕਾਰ ਨਾਲ ਆਖਦੀ ਤਾਂ ਕੋਇਲ ਨੂੰ ਹੈ। ਪਰ ਸਮਝਾਉਂਦੀ ਆਪਣੇ ਬਾਪ ਨੂੰ ਹੈ। ਸਿੱਧਾ ਤਾਂ ਆਪਣੇ ਅੱਬਾ ਨੂੰ ਸੁਣਾ ਨਹੀਂ ਸਕਦੀ। ਕਿਉਂਕਿ ਡਰਦੀ ਹੈ। ਜਿਹੜੀ ਆਮ ਪੰਜਾਬੀ ਦੀ ਕਹਾਵਤ ਹੈ ਨਾ ਪਈ "ਆਖਾਂ ਧੀ ਨੂੰ ਸੁਣਾਵਾਂ ਨੂੰਹ ਨੂੰ"। ਇਹ ਅਨਉਕਤੀ ਅਲੰਕਾਰ ਹੈ। ਸੋ ਕੋਇਲ ਨੂੰ ਮੁਖ਼ਾਤਬ ਹੋ ਕੇ ਜੇਬੁਲਨਿਸ਼ਾ ਕਹਿਣ ਲਗੀ —

**ਦਮ ਦਰ ਦਲੂ, ਐ ਫਰਦ-ਏ ਕੁਛਕ॥**

**ਐ ਅੰਧਲੀ ਬ-ਨਿਦਾਂ॥ ਨਾਜ਼ੁਕ ਮਜ਼ਾਜ-ਏ-ਸ਼ਾਹਾਂ॥**

ਐ ਕੋਇਲ! ਤੂੰ ਚੁਪ ਕਰ ਜਾ। ਤੈਨੂੰ ਪਤਾ ਨਹੀਂ ਕਿ ਬਾਦਸ਼ਾਹਾਂ ਦਾ ਮਜ਼ਾਜ ਬੜਾ ਨਾਜ਼ੁਕ ਹੁੰਦਾ ਹੈ। ਬੰਦਿਆਂ ਦਾ ਗੀਤ ਤਾਂ ਪਹਿਲਾਂ ਹੀ ਬੰਦ ਹੋ ਗਿਆ ਹੈ! ਤੇਰਾ ਗੀਤ ਵੀ ਬੰਦ ਹੋ ਜਾਏਗਾ! ਔਰੰਗਜ਼ੇਬ ਨੇ ਆਪਣੇ ਦਰਬਾਰ ਦੇ ਸਾਰੇ ਦਰਬਾਰੀ ਰਾਗੀ ਕੱਢ ਦਿੱਤੇ ਸਨ। ਔਰੰਗਜ਼ੇਬ ਕੋਮਲ ਹੁਨਰਾਂ ਦਾ ਬੜਾ ਵੈਰੀ ਸੀ। ਉਸਨੇ ਆਪਣੇ ਦਰਬਾਰ ਦਾ ਗਾਉਣਾ ਵਜਾਉਣਾ ਸਭ ਬੰਦ ਕਰਵਾ ਦਿੱਤਾ ਸੀ। ਸਾਰੇ ਰਾਗੀ ਬੇਰੁਜ਼ਗਾਰ ਹੋ ਗਏ। ਬੇਰੁਜ਼ਗਾਰ ਰਾਗੀਆਂ ਨੇ ਇੱਕਠੇ ਹੋ ਕੇ ਰੋਸ ਪ੍ਰਗਟ ਕਰਨਾ ਚਾਹਿਆ। ਰੋਸ ਵਜੋਂ ਉਨ੍ਹਾਂ ਨੇ ਰਾਗ ਦੀ ਅਰਥੀ ਬਣਾ ਕੇ ਔਰੰਗਜ਼ੇਬ ਦੇ ਅਗੇ ਪੇਸ਼ ਕੀਤੀ ਤੇ ਆਖਿਆ ਕਿ ਰਾਗ ਮਰ ਗਿਆ ਹੈ। ਅਸੀਂ ਹੁਣ ਰੋਟੀ ਕਿਥੋਂ ਕਮਾਈਏ? ਔਰੰਗਜ਼ੇਬ ਕਹਿਣ ਲਗਾ ਕਿ ਚੰਗਾ ਹੋਇਆ ਹੈ, ਰਾਗ ਮਰ ਗਿਆ ਹੈ! ਹੁਣ ਇਸ ਮੁਰਦੇ ਨੂੰ ਇੰਨਾਂ ਡੂੰਘਾ ਦੱਬੋ ਕਿ ਦੁਬਾਰਾ ਨਾ ਉੱਠ ਸਕੇ।

ਪਰ ਜੇਬੁਲਨਿਸ਼ਾ ਇਸ ਦੀ ਆਪਣੀ ਬੱਚੀ ਸੀ। ਉਹ ਉਸੇ ਵੇਲੇ ਬੋਲ ਉੱਠੀ ਐ ਕੋਇਲ! ਤੂੰ ਆਪਣਾ ਗਲਾ ਕਟਾਉਣਾ ਹੈ। ਤੈਨੂੰ ਪਤਾ ਨਹੀਂ ਮੇਰਾ ਬਾਪ ਬੜਾ ਕੋਮਲ ਮਜ਼ਾਜ ਦਾ ਬੰਦਾ ਹੈ। ਤੂੰ ਚੁੱਪ ਹੋ ਜਾ ਤਾਂ ਚੰਗਾ ਹੈ ਵਰਨਾ, ਤੇਰਾ ਗਲਾ ਵੀ ਕਟਿਆ ਜਾਏਗਾ। ਔਰੰਗਜ਼ੇਬ ਬੜਾ ਔਖਾ ਹੋਇਆ। ਪਈ ਇਹ ਮੇਰੀ ਬੱਚੀ ਹੈ ਤੇ ਇਹਨੇ ਮੇਰ ਤੇ ਕਟਾਖਸ਼ ਕੀਤਾ ਹੈ। ਅੰਦਰ ਇਹ ਖ਼ਿਆਲ ਵੀ ਆਇਆ ਕਿ ਹੁਣ ਕਇਲ ਕੰਬਖ਼ਤ ਦਾ ਗੀਤ ਕਿਵੇਂ ਬੰਦ ਕਰਾਂ। ਇਹ ਪੰਛੀ ਹੈ ਅਤੇ ਪੰਛੀਆਂ ਤੇ ਮੇਰਾ ਰਾਜ ਨਹੀਂ ਚਲਦਾ। ਆਖ਼ਰ ਇਹ ਕੋਇਲ ਵੀ ਸੁਰ ਵਿੱਚ ਬੋਲਦੀ ਹੈ। ਹੁਣ ਔਰੰਗਜ਼ੇਬ ਨੂੰ ਕੌਣ ਦਸੇ ਕਿ ਜਿਸ ਨੂੰ ਅਲ੍ਹਾ ਤੂੰ ਆਖਦਾ ਹੈਂ। ਉਹ ਵੀ ਇਕ ਸੁਰ ਹੈ, ਸ਼ਬਦ ਹੈ। ਯਾਨੀ ਕਿ ਸੰਗੀਤ ਹੈ, ਅਵਾਜ਼ ਹੈ, ਸ਼ਬਦ ਹੈ। ਜਦੋਂ ਵੀ ਪ੍ਰਭੂ

ਕਿਸੇ ਬ੍ਰਹਮ ਗਿਆਨੀ ਦੇ ਰਾਹੀਂ ਪ੍ਰਗਟ ਹੁੰਦਾ ਹੈ ਤਾਂ ਅੰਤਰ ਆਤਮੇ ਤੋਂ ਅਨਹਦ ਧੁਨਾਂ ਨਾਲ ਪ੍ਰਗਟ ਹੁੰਦਾ ਹੈ।

ਪਰ ਜੇਬੁਲਨਿਸ਼ਾ ਬੜੀ ਮੌਕਾ ਸ਼ਨਾਸ ਸੀ। ਕਿਸ ਮੌਕੇ ਤੇ ਕੀ ਕਹਿਣਾ ਹੈ? ਕਿਵੇਂ ਅਤੇ ਕਿੰਨੇ ਵਜ਼ਨ ਵਿੱਚ ਕਹਿਣਾ ਹੈ। ਇਹ ਬੜੀ ਸਮਝ ਸੀ ਜੇਬੁਲਨਿਸ਼ਾ ਨੂੰ। ਇਸੇ ਸਮਝ ਕਰਕੇ ਲੋਕਾਂ ਨੂੰ ਜੇਬੁਲਨਿਸ਼ਾ ਚੰਗੀ ਲਗਦੀ ਸੀ। ਪਰ ਔਰੰਗਜ਼ੇਬ ਬੜਾ ਕੱਟੜ ਸੀ। ਉਹ ਨਹੀਂ ਚਾਹੁੰਦਾ ਕਿ ਉਸ ਦੀ ਬੱਚੀ ਜੋ ਉਸ ਦੀ ਚਹੇਤੀ ਹੈ ਉਸ ਨੂੰ ਚਾਹੁਣ ਵਾਲੇ ਕੋਈ ਹੋਰ ਵੀ ਹੋਣ। ਪਰ ਇਕ ਸੂਫ਼ੀ ਫ਼ਕੀਰ ਨੇ ਤਾਂ ਕਮਾਲ ਕਰ ਦਿੱਤਾ। ਔਰੰਗਜ਼ੇਬ ਦੇ ਦਰਬਾਰ ਵਿੱਚ ਅਰਜ਼ੀ ਪੇਸ਼ ਕਰ ਦਿੱਤੀ। ਉਹ ਕਹਿੰਦਾ ਹੈ, "ਬਾਦਸ਼ਾਹ ਸਲਾਮਤ! ਤੁਹਾਡੀ ਬੱਚੀ ਜੇਬੁਲਨਿਸ਼ਾ ਰੱਬ ਦਾ ਨੂਰ ਹੈ। ਅਲਾਹ ਦਾ ਨੂਰ ਹੈ! ਮੈਂ ਇਸ ਦੀ ਜ਼ਿਆਰਤ ਕਰਨੀ ਹੈ। ਯਾਨੀ ਕਿ ਮੈਂ ਇਸ ਨੂੰ ਵੇਖਣਾ ਹੈ।" ਇਹ ਸੁਣ ਕੇ ਔਰੰਗਜ਼ੇਬ ਬੜਾ ਔਖਾ ਹੋਇਆ। ਦਰਬਾਰ ਦੀ ਮਜਬੂਰੀ ਵੱਸ ਉਸ ਸੂਫ਼ੀ ਨੂੰ ਕੁਝ ਕਹਿ ਤਾਂ ਸਕਿਆ ਨਾ। ਉਸ ਫ਼ਕੀਰ ਨੂੰ ਕਹਿਣ ਲਗਾ ਕਿ ਤੂੰ ਕੱਲ੍ਹ ਨੂੰ ਆਈਂ ਮੈਂ ਜੇਬੁਲਨਿਸ਼ਾ ਨੂੰ ਪੁੱਛ ਲਵਾਂ।

ਔਰੰਗਜ਼ੇਬ ਅੰਦਰ ਆਪਣੇ ਮਹਿਲਾਂ ਵਿਚ ਗਿਆ। ਬੜਾ ਚਿੜ ਚਿੜਾ ਸੁਭਾਅ ਸੀ ਔਰੰਗਜ਼ੇਬ ਦਾ। ਮੱਥੇ ਤੇ ਵੱਟ ਪਏ ਹੋਏ ਸਨ। ਜੇਬੁਲਨਿਸ਼ਾ ਨੇ ਦੇਖ ਲਿਆ ਕਿ ਅੱਜ ਅੱਬਾ ਹਜ਼ੂਰ ਦਾ ਮਜ਼ਾਜ ਠੀਕ ਨਹੀਂ। ਪੁੱਛਣ ਲਗੀ। ਅੱਬਾ ਹਜ਼ੂਰ! ਅੱਜ ਕੀ ਗੱਲ ਹੈ? ਮਜ਼ਾਜ ਤਾਂ ਠੀਕ ਹੈ? ਮੱਥੇ ਤੇ ਬੜੇ ਵੱਟ ਪਏ ਹੋਏ ਹਨ। ਔਰੰਗਜ਼ੇਬ ਨੇ ਜਿਹੜੀ ਕੋਲ ਅਰਜ਼ੀ ਸੀ ਉਹ ਜੇਬੁਲਨਿਸ਼ਾ ਨੂੰ ਫੜਾ ਦਿੱਤੀ। ਆਖਿਆ "ਕਿਸੇ ਪਗਲੇ ਦੀਵਾਨੇ ਸ਼ਾਇਰ ਨੇ ਜਜ਼ਬੇ ਵਿੱਚ ਆਕੇ ਇਹ ਅਰਜ਼ੀ ਭਰੇ ਦਰਬਾਰ ਵਿੱਚ ਮੈਨੂੰ ਪੇਸ਼ ਕਰ ਦਿੱਤੀ ਹੈ। ਇਸ ਨਾਲ ਮੇਰੀ ਬੇ-ਇੱਜ਼ਤੀ ਹੈ। ਇਹ ਅਰਜ਼ੀ ਪੜ੍ਹ ਲੈ।" ਜੇਬੁਲਨਿਸ਼ਾ ਨੇ ਉਹ ਅਰਜ਼ੀ ਪੜ੍ਹੀ ਤੇ ਆਪਣੇ ਅੱਬਾ ਨੂੰ ਕਹਿਣ ਲਗੀ, "ਅੱਬਾ ਹਜ਼ੂਰ! ਤੁਸੀਂ ਚਿੰਤਾ ਨਾ ਕਰੋ। ਮੈਂ ਇਸ ਅਰਜ਼ੀ ਦੇ ਥੱਲੇ ਇਕ ਸ਼ਿਅਰ ਲਿਖਦੀ ਹਾਂ! ਇਹ ਸ਼ਿਅਰ ਜਿਸ ਵਕਤ ਉਹ ਸੂਫ਼ੀ (ਸ਼ਾਇਰ) ਪੜ੍ਹੇਗਾ ਤਾਂ ਉਹ ਆਪਣੇ ਅਲਫ਼ਾਜ਼ ਵਾਪਸ ਲੈ ਲਏਗਾ। ਮੁਆਫ਼ੀ ਵੀ ਮੰਗੇਗਾ। ਤੁਸੀਂ ਰੋਸ ਨਾ ਕਰੋ। ਤੁਸੀਂ ਇਹ ਅਰਜ਼ੀ ਉਸ ਨੂੰ ਵਾਪਸ ਕਰ ਦੇਣੀ।"

ਉਹ ਜਿਹੜਾ ਸ਼ਿਅਰ ਜੇਬੁਲਨਿਸ਼ਾ ਨੇ ਲਿਖਿਆ! ਉਹ ਪਾਕਿਸਤਾਨ, ਹਿੰਦੁਸਤਾਨ ਅਫ਼ਗਾਨਿਸਤਾਨ ਤਕ ਵਿਦਵਾਨਾਂ ਅਤੇ

ਸੂਫ਼ੀਆਂ ਦੀ ਦੁਨੀਆ ਵਿੱਚ ਬੜਾ ਮਸ਼ਹੂਰ ਹੈ। ਉਹ ਸ਼ਿਅਰ ਇਸ ਤਰ੍ਹਾਂ ਸੀ ਕਿ —

**ਦਰ ਸੁਖਨ ਪਿਨਹਾ, ਸੁਧਮ, ਦਰ ਬਰ-ਗੇ ਗੁਲ ਮਨਿੰਦ-ਏ ਬੂ॥**
**ਹਰ ਚਿ ਦੀਦਨ ਮਹਿਲਦਾਰੀ, ਦਰ ਸੁਖਨ ਦੀਦਨਮਰਾ॥**

*(ਜੇਬੁਲਨਿਸ਼ਾ)*

ਇਸ ਸ਼ਿਅਰ ਦਾ ਭਾਵ ਹੈ ਕਿ ਇਕ ਬਹੁਤ ਵੱਡਾ ਬਾਗ਼ੀਚਾ ਹੈ। ਉਸ ਬਾਗ਼ੀਚੇ ਵਿਚ ਫੁੱਲਾਂ ਦੀ ਬੜੀ ਸੁਗੰਧ ਹੈ। ਪਰ ਬਾਗ਼ੀਚੇ ਦੇ ਚਾਰੇ ਪਾਸੇ ਬਹੁਤ ਵੱਡੀ ਦੀਵਾਰ ਹੈ। ਫੁੱਲ ਕੋਈ ਦਿਖਾਈ ਨਹੀਂ ਦੇਂਦਾ। ਦੋ ਮੁਸਾਫ਼ਰ ਬਗ਼ੀਚੇ ਦੇ ਬਾਹਰੋਂ ਲੰਘੇ। ਫੁੱਲਾਂ ਦੀ ਮਹਿਕ ਬਾਹਰ ਆ ਰਹੀ ਸੀ। ਹੁਣ ਫੁੱਲਾਂ ਨੂੰ ਤਾਂ ਡੱਕਿਆ ਜਾ ਸਕਦਾ ਹੈ। ਪਰ ਮਹਿਕ ਨੂੰ ਡੱਕਿਆ ਨਹੀਂ ਜਾ ਸਕਦਾ। ਉਹ ਤਾਂ ਦੀਵਾਰਾਂ ਟੱਪ ਕੇ ਵੀ ਬਾਹਰ ਆ ਜਾਏਗੀ। ਦੂਰ ਤੱਕ ਆਏਗੀ। ਤਾਂ ਜਦੋਂ ਉਨ੍ਹਾਂ ਮੁਸਾਫ਼ਰਾਂ ਨੂੰ ਖ਼ੁਸ਼ਬੂ ਆਈ ਤਾਂ ਇਕ ਕਹਿੰਦਾ ਹੈ, ਕਿ "ਬੜੀ ਸੁਹਣੀ, ਚੰਮੇਲੀ ਗੇਂਦੇ ਅਤੇ ਗੁਲਾਬ ਦੀ ਮਹਿਕ ਆਈ ਹੈ।" ਨਾਲ ਦਾ ਸਾਥੀ ਕਹਿੰਦਾ ਹੈ ਪਈ, ਠੀਕ ਹੈ ਚੰਮੇਲੀ ਗੇਂਦੇ ਅਤੇ ਗੁਲਾਬ ਦੀ ਖ਼ੁਸ਼ਬੂ ਆਈ ਹੈ। ਪਰ ਗੁਲਾਬ ਅਤੇ ਗੇਂਦਾ ਹੈ ਕਿਥੇ ਹੈ? ਦਿਸਦਾ ਨਹੀਂ?" ਪਹਿਲਾ ਕਹਿੰਦਾ ਹੈ ਕਿ ਹੋਵੇਗਾ ਕਿਤੇ। ਪਰ ਖ਼ੁਸ਼ਬੂ ਨੇ ਮੁਵੱਤਰ ਕਰ ਦਿੱਤਾ ਹੈ। ਦਿਲ ਬਾਗ਼ ਬਾਗ਼ ਹੋ ਗਿਆ ਹੈ।

ਜੇਬੁਲਨਿਸ਼ਾ ਜੋ ਇਸ ਸ਼ਿਅਰ ਵਿੱਚ ਕਹਿਣਾ ਚਾਹੁੰਦੀ ਹੈ। ਉਹ ਇਹ ਹੈ ਕਿ "ਸੁਗੰਧੀ ਨੂੰ ਸੁੰਘ ਕੇ ਜਿਸ ਨੂੰ ਫੁੱਲ ਦੇ ਦਰਸ਼ਨ ਨਹੀਂ ਹੁੰਦੇ। ਉਸਨੂੰ ਫੁੱਲ ਦੇ ਦਰਸ਼ਨ ਕਰਨ ਦਾ ਕੋਈ ਹੱਕ ਨਹੀਂ। ਜਿਵੇਂ ਸੁਗੰਧੀ ਫੁੱਲਾਂ ਦੇ ਹੋਣ ਦਾ ਪ੍ਰਮਾਣ ਹੈ। ਇਵੇਂ ਸ਼ਾਇਰੀ, ਸ਼ਾਇਰ ਦੇ ਹੋਣ ਦਾ ਪ੍ਰਮਾਣ ਹੈ। ਸ਼ਾਇਰ, ਸ਼ਾਇਰੀ ਵਿਚ ਸਮਾਇਆ ਹੋਇਆ ਹੈ।"

**ਹਰ ਚਿ ਦੀਦਨ ਮਹਿਲਦਾਰੀ, ਦਰ ਸੁਖਨ ਦੀਦਨਮਰਾ॥**

*(ਜੇਬੁਲਨਿਸ਼ਾ)*

ਸੁਗੰਧ ਵਿਚੋਂ ਜਿਵੇਂ ਕੋਈ ਫੁੱਲਾਂ ਦੇ ਦਰਸ਼ਨ ਕਰਦਾ ਹੈ। ਸਿਆਣਾ ਬੰਦਾ ਸ਼ਬਦ ਵਿਚੋਂ ਹੀ ਗੁਰੂ ਦੇ ਦਰਸ਼ਨ ਕਰਦਾ ਹੈ। ਸਿਆਣਾ ਅਤੇ ਅਭਿਆਸੀ ਬੰਦਾ ਸ਼ਬਦ ਵਿਚੋਂ ਹੀ ਪ੍ਰਮਾਤਮਾ ਦੀ ਪਰਮਜੋਤੀ ਦੇ ਦਰਸ਼ਨ ਕਰ ਲੈਂਦਾ ਹੈ। ਨਾਦਾਨ ਬੰਦਿਆਂ ਦੀ ਗੱਲ ਨਹੀਂ। ਜਿਹੜੇ ਨਾਦਾਨ ਅਤੇ ਮੂੜ੍ਹ ਹਨ। ਉਹ ਸਰੀਰ ਨੂੰ ਗੁਰੂ ਮੰਨਦੇ ਹਨ। ਜਿਨ੍ਹਾਂ ਦੀ ਬੁੱਧੀ ਬੰਦ ਹੈ। ਉਹ

ਦੇਹਧਾਰੀ ਗੁਰੂ ਨੂੰ ਮੰਨਦੇ ਹਨ।

ਜੇਬੁਲਨਿਸ਼ਾ ਆਪਣੀ ਇਸ ਰਚਨਾ ਦੁਆਰਾ ਉਸ ਸੂਫ਼ੀ ਫ਼ਕੀਰ ਨੂੰ ਕਹਿ ਰਹੀ ਸੀ ਕਿ "ਤੂੰ ਮੇਰਾ ਹੱਡ ਮਾਸ ਨਾੜੀ ਦਾ ਪਿੰਜਰ ਵੇਖਣਾ ਚਾਹੁੰਦਾ ਹੈਂ। ਇਸ ਤਰ੍ਹਾਂ ਦੇ ਪਿੰਜਰ ਤਾਂ ਹੋਰ ਬਥੇਰੇ ਹਨ। ਗੱਲ ਤਾਂ ਸਾਰੀ ਵਿਚਾਰ ਦੀ ਸੀ। ਉਹ ਤੂੰ ਪੜ੍ਹ ਲਈ ਹੈ।"

ਕਹਿੰਦੇ ਹਨ ਕਿ ਇਸ ਸ਼ਿਅਰ ਦਾ ਭਾਵ ਸਮਝ ਕੇ ਉਸ ਸੂਫ਼ੀ ਫ਼ਕੀਰ ਨੇ ਲਿਖਤੀ ਮੁਆਫ਼ੀ ਮੰਗੀ। ਉਸ ਫ਼ਕੀਰ ਨੇ ਕਿਹਾ ਕਿ ਜੋ ਕੁਝ ਮੈਨੂੰ ਮਿਲਣਾ ਚਾਹੀਦਾ ਸੀ। ਉਹ ਤਾਂ ਮਿਲ ਗਿਆ ਹੈ। ਹੋਰ ਮੈਂ ਕੀ ਅਗੇ ਵਧਿਆ ਹਾਂ? ਅਤਰ ਵੇਚਣ ਵਾਲੀਆਂ ਦੁਕਾਨਾਂ ਦੇ ਅਗੋਂ ਦੀ ਲੰਘ ਜਾਈਏ ਤਾਂ ਹਰੇਕ ਫੁੱਲ ਦੀ ਖ਼ੁਸ਼ਬੂ ਆਉਂਦੀ ਹੈ। ਉਹ ਖ਼ੁਸ਼ਬੂ ਬਕਾਇਦਾ ਇਹ ਗਿਆਨ ਕਰਾਉਂਦੀ ਹੈ ਕਿ ਕਿਸ ਫੁੱਲ ਦੀ ਖ਼ੁਸ਼ਬੂ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਖ਼ੁਸ਼ਬੂ ਹੈ। ਇਹ ਖ਼ੁਸ਼ਬੂ ਹੀ ਮਨੁੱਖੀ ਆਤਮਾ ਨੂੰ ਬਾਗ਼ ਬਾਗ਼ ਕਰ ਦੇਂਦੀ ਹੈ। ਅੰਮ੍ਰਿਤ ਨਾਲ ਮੁਵੱਤਰ ਕਰ ਦੇਂਦੀ ਹੈ। ਬ-ਸ਼ਰਤਿ-ਏ ਕਿ ਖ਼ੁਸ਼ਬੂ ਸੁੰਘਣ ਵਾਲਾ ਨੱਕ ਜ਼ਰੂਰ ਤੰਦਰੁਸਤ ਹੋਣਾ ਚਾਹੀਦਾ ਹੈ। ਜਿਨ੍ਹਾਂ ਨੂੰ ਜ਼ੁਕਾਮ ਲਗਿਆ ਹੁੰਦਾ ਹੈ, ਉਨ੍ਹਾਂ ਨੂੰ ਖ਼ੁਸ਼ਬੂ ਦਾ ਰਸ ਨਹੀਂ ਆਉਂਦਾ। ਭਾਵ ਕਿ ਜਿਨ੍ਹਾਂ ਦਾ ਮਨ ਵਿਕਾਰਾਂ ਵਿਚ ਗ਼ਲਤਾਨ ਹੁੰਦਾ ਹੈ। ਉਹ ਸਰੀਰ ਤਕ ਹੀ ਸੀਮਤ ਰਹਿ ਜਾਂਦੇ ਹਨ। ਸ਼ਬਦ ਦਾ ਰਸ ਉਨ੍ਹਾਂ ਨੂੰ ਆਉਂਦਾ ਹੈ ਜਿਹੜੇ ਸਰੀਰ ਦੀ ਦੁਨੀਆ ਤੋਂ ਅਗੇ ਨਿਕਲਦੇ ਹਨ। ਹੁਣ ਬੰਦਾ ਜੋ ਤਨ ਦੀ ਦੁਨੀਆ ਵਿੱਚ ਬੈਠਾ ਹੈ। ਪਰ ਸ਼ਬਦ ਮਨ ਦੀ ਦੁਨੀਆ ਵਿੱਚ ਕੰਮ ਕਰਦਾ ਹੈ। ਹੁਣ ਸੱਚਾ ਸਤਿਗੁਰ ਕੀ ਕਰ ਸਕਦਾ ਹੈ ਇਥੇ। ਜਦੋਂ ਸਿੱਖ ਮਨ ਕਰਕੇ ਸੱਚੇ ਸਤਿਗੁਰ ਅਗੇ ਆਪਾ ਸਮਰਪਤ ਕਰਦਾ ਹੈ ਤਾਂ ਕਬੀਰ ਸਾਹਿਬ ਕਹਿੰਦੇ ਹਨ —

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕ ॥੧੯੪॥**

*(ਪੰਨਾ ੧੩੭੪)*

# ਸ਼ਬਦ ਦਾ ਅਸਰ ਅਤੇ ਕੁਦਰਤ ਦੀ ਕਲਾ

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥

(ਪੰਨਾ ੧੩੭੪)

ਸ਼ਬਦ ਦਾ ਤੀਰ ਤਾਂ ਕਲੇਜਾ ਵਿੰਨ੍ਹ ਦੇਂਦਾ ਹੈ। ਬਸ ਸ਼ਬਦ ਦੇ ਸਾਹਮਣੇ ਹੋਣ ਦੀ ਲੋੜ ਹੈ। ਸ਼ਬਦ ਦੇ ਵਾਰ ਨਾਲ ਕਬੀਰ ਸਾਹਿਬ ਕਥਨ ਕਰਦੇ ਹਨ ਕਿ —

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥
ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥੧੯੩॥

(ਪੰਨਾ ੧੩੭੪)

ਸ਼ਬਦ ਬਾਣੀ ਦਾ ਬਾਣ ਲਗਿਆ ਹੈ ਤਾਂ ਗੂੰਗਾ ਹੋ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਪਈ ਕਬੀਰ ਵਾਕਿਆ ਈ ਬੋਲਣ ਸ਼ਕਤੀ ਗੁਆ ਬੈਠੇ ਸਨ। ਸ਼ਬਦ ਦਾ ਤੀਰ ਜਦੋਂ ਲਗੇਗਾ ਤਾਂ ਜ਼ਬਾਨੇ ਝੂਠ ਨਹੀਂ ਬੋਲ ਸਕੇਗੀ, ਝੂਠ ਵਲੋਂ ਗੂੰਗੀ ਹੈ —

ਮਿਥਿਆ ਨਾਹੀ ਰਸਨਾ ਪਰਸ ॥ (ਪੰਨਾ ੨੭੪)

ਰਸਨਾ ਉੱਪਰ ਮਿਥਿਆ ਗੱਲ, ਜਾਂ ਗੰਦੀ ਗੱਲ ਨਹੀਂ ਹੋਵੇਗੀ। ਕਬੀਰ ਕਹਿੰਦੇ ਹਨ ਕਿ ਸਤਿਗੁਰ ਦੇ ਸ਼ਬਦ ਦਾ ਤੀਰ ਲਗਣ ਨਾਲ ਮੈਂ ਬਾਵਰਾ ਹੋ ਗਿਆ ਹਾਂ। ਭਾਵ ਕਿ ਭੋਲਾ ਹੋ ਗਿਆ ਹਾਂ। ਬਾਵਰੇ ਤੋਂ ਮੁਰਾਦ ਹੈ ਕਿ ਅੰਦਰੋਂ ਬਾਹਰੋਂ ਇਕ ਹੋ ਗਿਆ ਹਾਂ। ਹੁਣ ਚਲਾਕੀ ਨਹੀਂ ਰਹੀ। ਭਗਤ ਬੜਾ ਭੋਲਾ ਹੁੰਦਾ ਹੈ। ਚਲਾਕ ਬੰਦਾ ਅੰਦਰੋਂ ਬਾਹਰੋਂ ਇਕ ਨਹੀਂ ਹੁੰਦਾ। ਚਲਾਕ ਲੋਕ ਬਾਹਰੋਂ ਦਾਨੀ ਦਿਸਦੇ ਹਨ ਪਰ ਅੰਦਰੋਂ ਬੇਈਮਾਨ ਹੁੰਦੇ ਹਨ। ਬਾਹਰੋਂ ਸਦਾਚਾਰੀ ਹੁੰਦੇ ਹਨ ਅਤੇ ਅੰਦਰੋਂ ਦੁਰਾਚਾਰੀ ਹੁੰਦੇ ਹਨ।

ਜਦੋਂ ਇਲੈਕਸ਼ਨ ਹੁੰਦੇ ਹਨ ਤਾਂ ਨਾਸਤਕ ਆਦਮੀ ਵੀ ਧਰਮ

ਮੰਦਰਾਂ ਵਿੱਚ ਆ ਕੇ ਪ੍ਰਾਰਥਨਾਵਾਂ, ਅਰਦਾਸਾਂ ਕਰਦੇ ਹਨ। ਉਂਝ ਉਹ ਕਦੇ ਧਰਮ ਦਾ ਨਾਮ ਵੀ ਨਹੀਂ ਲੈਂਦੇ। ਪਰ ਹੁਣ ਵੋਟ ਲੈਣੇ ਹਨ। ਧਰਮ ਮੰਦਰਾਂ ਵਿਚ ਆ ਕੇ ਮੱਥਾ ਟੇਕਦੇ ਹਨ। ਉਂਝ ਉਹ ਸਿਰ ਨਹੀਂ ਝੁਕਾਉਣਾ ਚਾਹੁੰਦੇ। ਪਰ ਮਜਬੂਰੀ ਝੁਕਣਾ ਪੈਂਦਾ ਹੈ। ਰਾਜਨੀਤਕ ਲੋਕ ਬੜੇ ਚਲਾਕ ਹੁੰਦੇ ਹਨ। ਰਾਜਨੀਤਕ ਤੋਂ ਇਲਾਵਾ, ਕੋਈ ਹੋਰ ਬੰਦਾ ਵਧ ਚਲਾਕ ਨਹੀਂ ਹੋ ਸਕਦਾ।

ਇਰਾਨ ਦੇ ਬੜੇ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ, 'ਹਾਫ਼ਿਜ਼'। ਹਾਫ਼ਿਜ਼ ਨਜੂਮੀ ਵੀ ਸਨ। ਜੋਤਿਸ਼ ਵਿਦਿਆ ਤੋਂ ਵੀ ਜਾਣੂ ਸਨ। ਉਨ੍ਹਾਂ ਦੇ ਜੀਵਨ ਦੀ ਇਕ ਘਟਨਾ ਹੈ। ਹਾਫ਼ਿਜ਼ ਦੇ ਕੋਲ ਇਕ ਆਦਮੀ ਆਪਣੇ ਨਵਜਾਤ ਬੱਚੇ ਨੂੰ ਲੈ ਕੇ ਆਇਆ। ਉਹ ਬੱਚਾ ਅਜੇ ਸਾਲ ਡੇਢ ਦਾ ਹੀ ਸੀ। ਆਦਮੀ ਹਾਫ਼ਿਜ਼ ਨੂੰ ਕਹਿਣ ਲਗਾ। ਸਾਂਈ ਜੀ! ਮੇਰੇ ਬੱਚੇ ਦਾ ਨਜੂਮ ਲਾਉ, ਕਿ ਇਹ ਵੱਡਾ ਹੋ ਕੇ ਕੀ ਬਣੇਗਾ? ਇਸ ਦਾ ਭਵਿੱਖ ਦਸੋ? ਹਾਫ਼ਿਜ਼ ਬੜਾ ਬ-ਕਮਾਲ ਫ਼ਕੀਰ ਸੀ। ਉਸ ਦਾ ਭਵਿੱਖ ਵੇਖਣ ਦੇ ਢੰਗ ਬੜੇ ਅਜੀਬ ਸਨ। ਹਾਫ਼ਿਜ਼ ਨੇ ਜਿਸ ਢੰਗ ਨਾਲ ਉਸ ਬੱਚੇ ਦਾ ਭਵਿੱਖ ਵੇਖਿਆ। ਉਹ ਢੰਗ ਬੜਾ ਅਦਭੁਤ ਸੀ। ਹਾਫ਼ਿਜ਼ ਨੇ, ਇਕ ਕੁਰਾਨ ਸ਼ਰੀਫ਼ ਦੀ ਪੋਥੀ, ਇਕ ਸੋਨੇ ਦੀ ਮੋਹਰ ਅਤੇ ਇਕ ਸ਼ਰਾਬ ਦੀ ਬੋਤਲ ਲੈ ਕੇ ਧਰਤੀ ਉੱਪਰ ਰੱਖ ਦਿੱਤੀ। ਉਸ ਬੱਚੇ ਨੂੰ ਜ਼ਰਾ ਦੂਰ ਕਰਕੇ ਬੈਠਾ ਦਿੱਤਾ। ਜਿਸ ਵਕਤ ਬੱਚੇ ਨੂੰ ਗੋਦੀ 'ਚੋਂ ਉਤਾਰਿਆ ਤਾਂ ਬੱਚੇ ਨੇ ਉਨ੍ਹਾਂ ਤਿੰਨਾਂ ਵਸਤੂਆਂ ਨੂੰ ਹੀ ਹੱਥ ਪਾ ਲਿਆ। ਕੁਰਾਨ ਸ਼ਰੀਫ਼, ਸ਼ਰਾਬ ਦੀ ਬੋਤਲ ਅਤੇ ਸੋਨੇ ਦੀ ਮੋਹਰ, ਤਿੰਨਾਂ ਨੂੰ ਹੀ ਝੱਪਟਾ ਮਾਰਿਆ। ਹਾਫ਼ਿਜ਼ ਨੇ ਬੜੇ ਅਫ਼ਸੋਸ ਨਾਲ ਮੱਥੇ ਤੇ ਹੱਥ ਮਾਰਿਆ। ਉਹ ਬੱਚੇ ਦਾ ਬਾਪ ਕਹਿਣ ਲੱਗਾ, ਕਿਉਂ ਫ਼ਕੀਰ ਸਾਂਈ! ਮੇਰੇ ਬੱਚੇ ਦਾ ਭਵਿੱਖ ਚੰਗਾ ਨਹੀਂ। ਬੜੇ ਦੁਖ ਨਾਲ ਤੁਸਾਂ ਮੱਥੇ ਤੇ ਹੱਥ ਮਾਰਿਆ ਹੈ। ਗੱਲ ਕੀ ਹੈ?

ਹਾਫ਼ਿਜ਼ ਕਹਿਣ ਲੱਗੇ ਕਿ ਗੱਲ ਇਹ ਹੈ ਕਿ ਜੇ ਇਹ ਬੱਚਾ ਸਿਰਫ਼ ਕੁਰਾਨ ਨੂੰ ਹੱਥ ਪਾਉਂਦਾ, ਤਾਂ ਮੈਂ ਕਹਿਣਾ ਸੀ, ਪਈ ਇਹ ਬੜਾ ਵੱਡਾ ਸੰਤ ਬਣੇਗਾ। ਜੇ ਸੋਨੇ ਦੀ ਮੋਹਰ ਨੂੰ ਹੱਥ ਪਾਉਂਦਾ, ਤਾਂ ਮੈਂ ਕਹਿਣਾ ਸੀ ਕਿ ਵਪਾਰੀ ਹੋਵੇਗਾ। ਬੜਾ ਵੱਡਾ ਬਿਜ਼ਨੈਸ ਮੈਨ ਹੋਵੇਗਾ। ਜੇ ਇਹ ਸ਼ਰਾਬ ਦੀ ਬੋਤਲ ਨੂੰ ਹੱਥ ਪਾਉਂਦਾ ਤਾਂ ਮੈਂ ਕਹਿਣਾ ਸੀ ਕਿ ਬੜਾ ਅਯਾਸ਼ ਹੋਵੇਗਾ। ਬਦਮਾਸ਼ ਬਣੇਗਾ। ਪਰ ਇਹਨੇ ਤਾਂ ਤਿੰਨਾਂ ਨੂੰ ਹੀ ਹੱਥ ਪਾ ਲਿਆ ਹੈ। ਹੁਣ ਇਹ ਰਾਜਨੀਤਕ ਬਣੇਗਾ। ਇਹ ਬੜਾ ਚਲਾਕ ਹੋਵੇਗਾ। ਇਹੀ ਪਛਾਣ ਹੈ

ਰਾਜਨੀਤਕ ਦੀ। ਇਹ ਕਹੇਗਾ ਕੁਝ ਹੋਰ। ਕਰੇਗਾ ਕੁਝ ਹੋਰ ਅਤੇ ਹੋਏਗਾ ਕੁਝ ਹੋਰ। ਇਹ ਚਲਾਕ ਅਤੇ ਰਾਜਨੀਤਕ ਲੋਕਾਂ ਦੀ ਪਛਾਣ ਹੈ। ਗੁਰਮਤਿ ਇਸੇ ਵਾਸਤੇ ਪਹਿਲਾਂ ਸੰਤ ਬਣਨ ਦੀ ਪ੍ਰੇਰਨਾ ਦੇਂਦੀ ਹੈ। ਜਿਹੜਾ ਸੰਤ ਬਣਨ ਤੋਂ ਉਪਰੰਤ ਸਿਪਾਹੀ ਬਣਦਾ ਹੈ। ਉਹ ਬੜਾ ਕਾਮਯਾਬ ਇਨਸਾਨ ਹੁੰਦਾ ਹੈ। ਗੁਰਮਤਿ ਦਾ ਉਪਦੇਸ਼ ਪਹਿਲਾਂ ਸੰਤ ਬਣਨ ਲਈ ਹੈ। ਸੰਤ ਤਾਂ ਬਣੇਗਾ ਜੇ ਸ਼ਬਦ ਨੂੰ ਹਿਰਦੇ ਵਿਚ ਸਹਾਰੇਗਾ। ਸ਼ਬਦ ਦੀ ਚੋਟ ਬੜੀ ਡਾਢੀ ਹੈ। ਭਗਤ ਕਬੀਰ ਸਾਹਿਬ ਜੀ ਕਹਿੰਦੇ ਹਨ ਕਿ —

**ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ॥**
**ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ॥੧੯੩॥**

*(ਪੰਨਾ ੧੩੭੪)*

ਕਬੀਰ ਸਾਹਿਬ ਕਹਿੰਦੇ ਹਨ ਕਿ ਜਿਹੜਾ ਸ਼ਬਦ ਦੀ ਚੋਟ ਸਹਾਰਦਾ ਹੈ। ਉਹ ਇੰਨਾ ਵੱਡਾ ਹੈ ਕਿ ਮੈਂ ਉਸ ਨੂੰ ਆਪਣਾ ਗੁਰੂ ਮੰਨਣ ਨੂੰ ਰਾਜ਼ੀ ਹਾਂ। ਮੈਂ ਉਸ ਦੇ ਸੇਵਕ ਸਮਾਨ ਹਾਂ। ਉਹ ਸ਼ਬਦ ਦੀ ਚੋਟ ਸਹਾਰ ਗਿਆ ਹੈ। ਭਾਵ ਕਿ ਸ਼ਬਦ ਉਸ ਦੇ ਹਿਰਦੇ ਵਿਚ ਟਿਕ ਗਿਆ ਹੈ। ਸ਼ਬਦ ਹਰੇਕ ਦੇ ਹਿਰਦੇ ਵਿਚ ਨਹੀਂ ਟਿਕ ਸਕਦਾ। ਸ਼ਬਦ ਦੀ ਚੋਟ ਹਰ ਕੋਈ ਨਹੀਂ ਸਹਾਰ ਸਕਦਾ। ਸ਼ਬਦ ਦੀ ਚੋਟ ਕੋਈ ਸੰਤ ਸੂਰਮਾ ਹੀ ਸਹਾਰਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਕੋਈ ਵਿਰਲਾ ਹੀ ਸ਼ਬਦ ਦੀ ਤਾਬ ਝਲ ਕੇ ਅੰਮ੍ਰਿਤ ਰਸ ਪੀਂਦਾ ਹੈ। ਜਦੋਂ ਤਕ ਸ਼ਬਦ ਦਾ ਭੇਦ ਨਹੀਂ ਪਤਾ ਲਗਦਾ। ਉਦੋਂ ਤੱਕ ਭਟਕਣ ਬਣੀ ਰਹਿੰਦੀ ਹੈ ਅਤੇ ਜਨਮ ਮਰਨ ਵੀ ਬਣਿਆ ਰਹਿੰਦਾ ਹੈ।

**ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ॥**
**ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ॥**

*(ਪੰਨਾ ੧੧੨੬)*

ਸ਼ਬਦ ਦੀ ਚੋਟ ਨਾਲ ਅੰਦਰੋਂ ਇਕ ਜੀਵਨ ਤਾਂ ਬਿਲਕੁਲ ਮਰ ਜਾਂਦਾ ਹੈ ਅਤੇ ਇਕ ਜੀਵਨ ਐਸਾ ਹੈ ਕਿ ਨਵੇਂ ਸਿਰਿਉਂ ਦੋਬਾਰਾ ਸ਼ੁਰੂ ਹੁੰਦਾ ਹੈ।

ਬਾਈਬਲ ਵਿੱਚ ਇਕ ਉਲੇਖ ਹੈ ਕਿ ਮਕੋਡੇਨਿਅਸ ਨਾਮ ਦਾ ਇਕ ਨੌਜਵਾਨ, ਜੀਸਸ ਦੇ ਕੋਲ ਆਇਆ। ਉਸ ਨੇ ਜੀਸਸ ਨੂੰ ਪੁੱਛਿਆ ਕਿ ਮੈਂ ਕੀ ਕਰਾਂ? ਜਿਸ ਅਨੰਦ ਦੇ ਜੀਵਨ ਨੂੰ ਤੁਸੀਂ ਪ੍ਰਾਪਤ ਕੀਤਾ ਹੈ, ਉਹ ਮੈਨੂੰ

ਵੀ ਪ੍ਰਾਪਤ ਹੋਵੇ? ਜੀਸਸ ਨੇ ਕਿਹਾ —

"You will have to be born again"

ਜੀਸਸ ਨੇ ਕਿਹਾ "ਕੁਝ ਨਹੀਂ, ਤੈਨੂੰ ਦੁਬਾਰਾ ਜਨਮ ਲੈਣਾ ਪਵੇਗਾ।" ਮਕੋਡੇਨਿਅਸ ਨੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ? ਜਨਮ ਤਾਂ ਮੈਂ ਲੈ ਚੁੱਕਾ ਹਾਂ। ਜੀਸਸ ਨੇ ਕਿਹਾ, ਤੂੰ ਨਹੀਂ ਸਮਝਿਆ। ਉਹ ਜਨਮ ਤੂੰ ਕਦੀ ਲਿਆ ਹੀ ਨਹੀਂ। ਕਈ ਜਨਮਾਂ ਤੋਂ ਅਜਨਮਾ ਹੀ ਹੈਂ। ਤੈਨੂੰ ਫਿਰ ਤੋਂ ਜਨਮ ਲੈਣਾ ਪੈਣਾ ਹੈ। ਤੈਨੂੰ ਇਕ ਨਵਾਂ ਆਦਮੀ ਹੋਣਾ ਪੈਣਾ ਹੈ। ਜੋ ਤੇਰੀ ਸਿਮਰਤੀ ਵਿੱਚ ਪੁਰਾਣੇ ਤੋਂ ਪੁਰਾਣੀ ਮੈਲ ਜਮ੍ਹਾ ਹੋਈ ਹੈ, ਉਸ ਨੂੰ ਧੋਣਾ ਪੈਣਾ ਹੈ। ਗੁਰਸ਼ਬਦ ਦੁਆਰਾ ਇਹ ਮੈਲ ਸਾਫ਼ ਹੋ ਸਕਦੀ ਹੈ। ਗੁਰਸ਼ਬਦ ਦੁਆਰਾ ਹੀ ਅੰਦਰੋਂ ਬ੍ਰਹਮ ਸ਼ਬਦ ਪੈਦਾ ਹੁੰਦਾ ਹੈ। ਇਹ ਜੀਵਨ ਹੀ ਸ਼ਬਦ ਦੁਆਰਾ ਹੁੰਦਾ ਹੈ ਅਤੇ ਮੌਤ ਵੀ ਸ਼ਬਦ ਦੁਆਰਾ ਹੁੰਦੀ ਹੈ। ਗੁਰੂ ਅਮਰਦਾਸ ਜੀ ਮਹਾਰਾਜ ਦਾ ਕਥਨ ਹੈ ਕਿ ਸ਼ਬਦ ਦੁਆਰਾ ਆਪਣੇ ਆਪ ਨੂੰ ਪਹਿਲਾਂ ਮਾਰੋ। ਫਿਰ ਸਦੀਵੀ ਥਿਰ ਰਹਿਣ ਵਾਲਾ ਜੀਵਨ ਪ੍ਰਾਪਤ ਹੋਵੇਗਾ। ਉਸ ਜੀਵਨ ਵਿਚ ਮੌਤ ਨਹੀਂ ਹੈ। ਅੰਮ੍ਰਿਤ ਹੈ ਉਹ ਜੀਵਨ। ਉਸ ਜੀਵਨ ਤੋਂ ਬਿਨਾਂ ਇਹ ਜੋ ਜੀਵਨ ਸਾਡੇ ਹੱਥ ਵਿਚ ਹੈ। ਇਹ ਵੀ ਥੋੜ੍ਹਾ ਥੋੜ੍ਹਾ ਰੋਜ਼ ਮਰਦਾ ਜਾ ਰਿਹਾ ਹੈ।

**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥**

*(ਪੰਨਾ ੬੦੪)*

ਸੰਸਾਰ ਦਾ ਨਿਯਮ ਹੋਰ ਹੈ। ਸੰਸਾਰ ਵਿੱਚ ਪਹਿਲਾਂ ਜਨਮ ਹੈ ਫਿਰ ਮੌਤ ਹੈ। ਕੋਈ ਪੰਜ ਸਾਲ ਦਾ ਹੋਕੇ ਮਰੇ ਜਾਂ ਪੰਜਾਹ ਸਾਲ ਦਾ ਹੋ ਕੇ ਮਰੇ। ਜਨਮ ਪਹਿਲਾਂ ਹੈ ਅਤੇ ਮੌਤ ਬਾਅਦ ਵਿੱਚ ਹੈ। ਪੰਜਾਹ ਸਾਲ ਦਾ ਹੋ ਕੇ ਮਰੇ ਤਾਂ ਕਹਿਣਾ ਪਏਗਾ ਪਈ ਇਸ ਦਾ ਜਨਮ ਪੰਜਾਹ ਸਾਲ ਪਹਿਲਾਂ ਹੋਇਆ ਸੀ। ਇਸ ਦੀ ਮੌਤ ਜਨਮ ਤੋਂ ਪੰਜਾਹ ਸਾਲ ਬਾਅਦ ਹੋਈ ਹੈ। ਪਰ ਧਰਮ ਦਾ ਨਿਯਮ ਇਸ ਤੋਂ ਉਲਟ ਹੈ। ਧਰਮ ਵਿਚ ਮੌਤ ਪਹਿਲਾਂ ਹੈ ਅਤੇ ਜਨਮ ਬਾਅਦ ਵਿਚ ਹੈ। ਬੜੀ ਅਜੀਬ ਮਰਿਆਦਾ ਹੈ। ਇਹ ਇਕ ਬੁਝਾਰਤ ਹੈ। ਗੁਰੂ ਕ੍ਰਿਪਾ ਦੁਆਰਾ ਹੀ ਸਮਝ ਵਿੱਚ ਆਉਂਦੀ ਹੈ ਵਰਨਾ ਬਹੁਤ ਮੁਸ਼ਕਲ ਹੈ।

# ਚਾਰ ਵਰਣ
# ਅਤੇ
# ਕੁਦਰਤ ਦੀ ਕਲਾ

ਇਹ ਜੋ ਚਾਰ ਵਰਣਾਂ ਦੀ ਵੰਡ ਹੈ, ਇਹ ਹੈ ਤਾਂ ਧਾਰਮਕ ਸਾਧਨਾ ਦੀ ਵੰਡ ਪਰ ਇਸ ਦਾ ਰੂਪ ਬਦਲ ਕੇ ਬੰਦੇ ਦੇ ਸਰੀਰਾਂ ਨੂੰ ਵੰਡ ਕੇ ਉੱਚਾ ਨੀਵਾਂ ਕਰ ਦਿੱਤਾ ਗਿਆ ਹੈ। ਇਹ ਬਦ ਕਿਸਮਤੀ ਹੈ ਮਨੁੱਖ ਦੀ, ਕਿ ਸਾਧਨਾ ਨਾ ਸਮਝ ਵਿਚ ਆਉਣ ਕਰਕੇ ਇਹ ਵਰਣ ਵੰਡ ਸਮਾਜ ਵਾਸਤੇ ਕਲੰਕ ਬਣ ਗਈ ਹੈ। ਮਨੁੱਖਤਾ ਨੂੰ ਇਸ ਵੰਡ ਨੇ ਬੜਾ ਪੀੜਤ ਕੀਤਾ ਹੈ ਅਤੇ ਕਰ ਰਹੀ ਹੈ।

ਸਾਧਨਾ ਇਹ ਸੀ ਕਿ ਜੰਮਦਾ ਤਾਂ ਹਰੇਕ ਜੀਵ ਸ਼ੂਦਰ ਹੀ ਹੈ। ਸ਼ੂਦਰ ਤੋਂ ਮੁਰਾਦ ਹੈ ਅਗਿਆਨੀ। ਜੀਵਨ ਵਿਚੋਂ ਗਿਆਨ ਇਕੱਠਾ ਕਰਨਾ ਹੈ। ਬ੍ਰਹਮ ਨਾਲ ਇਕ ਮਿੱਕ ਹੋਣਾ ਹੈ। ਯਾਨੀ ਕਿ ਸ਼ੂਦਰ ਤੋਂ ਬ੍ਰਹਮਣ ਬਣਨਾ ਹੈ। ਜੀਵਨ ਸ਼ੁਰੂ ਤਾਂ ਅਗਿਆਨਤਾ ਦੇ ਕਰਮਾਂ ਤੋਂ ਹੁੰਦਾ ਹੈ। ਪਰ ਅੰਤ ਸਾਰਿਆਂ ਦਾ ਇਕੋ ਜਿਹਾ ਨਹੀਂ ਹੁੰਦਾ। ਬੱਚਾ ਕੰਮ ਕਰ ਰਿਹਾ ਹੈ। ਉਸਨੂੰ ਖ਼ੁਦ ਵੀ ਪਤਾ ਨਹੀਂ ਹੁੰਦਾ ਕਿ ਉਹ ਕੀ ਕਰ ਰਿਹਾ ਹੈ। ਪਰ ਬੱਚੇ ਵੀ ਵਿਹਲੇ ਨਹੀਂ ਬੈਠਦੇ। ਕੁਝ ਕਰਦੇ ਹੀ ਰਹਿੰਦੇ ਹਨ। ਫਿਰ ਜ਼ਰਾ ਸੋਚ ਵਧਣ ਲਗਦੀ ਹੈ ਤਾਂ ਉਹ, ਉਹ ਕੰਮ ਕਰਨ ਲਗਦੇ ਹਨ। ਜਿਨ੍ਹਾਂ ਨਾਲ ਰੋਜ਼ੀ ਰੋਟੀ ਮਿਲ ਸਕੇ। ਦਰ ਅਸਲ ਵਰਣ ਵੰਡ ਕੀ ਹੈ? ਇਕ ਜਿਹੜਾ ਸਭ ਤੋਂ ਨੀਚ ਹੈ ਉਹ ਸ਼ੂਦਰ ਹੈ। ਜਿਹੜਾ ਉਸਤੋਂ ਉੱਚਾ ਹੈ ਉਹ ਵੈਸ਼ ਹੈ। ਜਿਹੜਾ ਵੈਸ਼ ਤੋਂ ਵੀ ਉੱਚਾ ਹੈ, ਕਸ਼ਤਰੀ ਹੈ। ਜਿਹੜਾ ਸਭ ਤੋਂ ਉੱਚਾ ਹੈ ਉਹ ਬ੍ਰਹਮਣ ਹੈ। ਇਹ ਵਰਣ ਵੰਡ ਨੇ ਛੂਤ ਛਾਤ ਅਤੇ ਜਾਤੀ ਵਾਦ ਨੂੰ ਵਧਾਇਆ ਹੈ। ਇਹ ਨਾਸਮਝੀ ਹੈ ਜੋ ਮਨੁੱਖਤਾ ਦੀ ਬਦਕਿਸਮਤੀ ਬਣ ਕੇ ਚੰਮੜ ਗਈ ਹੈ। ਹਕੀਕਤ ਵਿੱਚ ਵਰਣ ਵੰਡ ਹੈ ਕਿ ਜੀਵਨ ਸ਼ੂਦਰਤਾ ਤੋਂ ਅਰੰਭ ਹੁੰਦਾ ਹੈ। ਸ਼ੂਦਰਤਾ ਯਾਨਿ ਕਿ ਅਗਿਆਨਤਾ ਫਿਰ ਜਦੋਂ ਥੋੜ੍ਹਾ ਰੋਜ਼ੀ ਰੋਟੀ ਕਮਾਉਣ ਦਾ ਗਿਆਨ ਹੁੰਦਾ ਹੈ ਬੰਦਾ ਸ਼ੂਦਰ ਤੋਂ ਉੱਚਾ ਹੋ ਕੇ ਵੈਸ਼ ਬਣਦਾ ਹੈ। ਫਿਰ ਜਦੋਂ ਬੰਦੇ ਨੂੰ ਇਹ ਗਿਆਨ ਆਉਂਦਾ ਹੈ ਕਿ ਰੋਜ਼ੀ ਰੋਟੀ ਤਾਂ ਪਸ਼ੂ ਵੀ ਖਾਂਦੇ

ਹਨ। ਪਰ ਮੈਂ ਜ਼ਰਾ ਸਵੈਭਿਮਾਨ ਨਾਲ ਰਹਿਣਾ ਹੈ। ਇੱਜ਼ਤ ਨਾਲ ਰੋਟੀ ਖਾਣੀ ਹੈ। ਇੱਜ਼ਤ ਹਮੇਸ਼ਾ ਸ਼ਕਤੀਸ਼ਾਲੀ ਦੀ ਹੁੰਦੀ ਹੈ। ਨਹੀਂ ਤਾਂ ਰੋਜ਼ੀ ਰੋਟੀ ਖਾਣ ਕੋਈ ਨਹੀਂ ਦੇਂਦਾ। ਜਿਹੜਾ ਖਾਣਾ ਪੀਣਾ ਵੀ ਗੁਲਾਮੀ ਅਤੇ ਕਾਇਰਤਾ ਦਾ ਹੈ, ਉਹ ਤਾਂ ਕੁਝ ਵੀ ਨਹੀਂ।

**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥** *(ਪੰਨਾ ੧੪੨)*

ਬੱਸ ਗੁਰਦੇਵ ਦੇ ਇਸ ਸ਼ਬਦ ਵਿਚ ਕਸ਼ਤਰੀਪਣ ਹੈ।

ਪਰ ਨਿਰਾ ਕੰਮ ਕਰਾਂ ਅਤੇ ਇੱਜ਼ਤ ਨਾਲ ਜੀਵਾਂ। ਇਥੇ ਤੱਕ ਵੀ ਗੱਲ ਸੰਪੂਰਨ ਨਹੀਂ ਹੁੰਦੀ। ਫਿਰ ਬੰਦੇ ਦੇ ਅੰਦਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਆਖ਼ਰ ਮੈਂ ਹੱਡ, ਮਾਸ, ਮਿੱਝ ਦਾ ਇਕ ਪੁਤਲਾ ਹੀ ਹਾਂ ਕਿ ਕੁਝ ਹੋਰ ਵੀ ਹਾਂ? ਮੈਂ ਕੌਣ ਹਾਂ? ਕਿਥੋਂ ਆਇਆ ਹਾਂ? ਕਿਥੇ ਜਾਣਾ ਹੈ? ਇਹ ਸੁਆਲ ਮਨੁੱਖ ਦੀ ਧਾਰਮਕ ਪਉੜੀ ਦਾ ਪਹਿਲਾ ਡੰਡਾ ਹੈ। ਪਹਿਲੇ ਪ੍ਰੀਵਰਤਨ ਅਨੁਸਾਰ ਸ਼ੂਦਰ ਤੋਂ ਬਾਅਦ ਵਪਾਰੀ ਬਣਿਆ। ਯਾਨਿ ਕੀ ਵੈਸ਼ ਬਣਿਆ। ਫਿਰ ਇਹ ਸਿਪਾਹੀ ਬਣਿਆ। ਭਾਵ ਕਿ ਕਸ਼ਤਰੀ ਬਣਿਆ। ਫਿਰ ਬ੍ਰਹਮ ਨਾਲ ਸਾਂਝ ਪਾਉਣ ਲਈ, ਅੰਦਰੋਂ ਸੁਆਲ ਪੈਦਾ ਹੋ ਗਿਆ। ਇਹ ਸੁਆਲ ਇਸ ਗੱਲ ਦਾ ਸਬੂਤ ਹੈ ਕਿ ਬੰਦਾ ਆਪਣੇ ਅਸਲੇ ਨਾਲ ਮਿਲਣਾ ਚਾਹੁੰਦਾ ਹੈ। ਇਹ ਮਿਲਾਪ ਹੀ ਦੂਜਾ ਜਨਮ ਹੈ। ਬ੍ਰਹਮਣ ਬਣਨ ਦਾ ਅਰਥ ਹੈ ਕਿ ਬੰਦਾ ਬ੍ਰਹਮਗਿਆਨੀ ਬਣਨਾ ਚਾਹੁੰਦਾ ਹੈ।

ਇਸ ਭਾਵ ਨੂੰ ਇਸ ਤਰ੍ਹਾਂ ਸਮਝ ਲਈਏ ਕਿ ਸ਼ੂਦਰ ਪੈਰਾਂ ਵਿਚ ਜੀਵਨ ਬਤੀਤ ਕਰਦਾ ਹੈ। ਵੈਸ਼ ਪੇਟ ਵਿਚ ਜੀਵਨ ਬਤੀਤ ਕਰਦਾ ਹੈ। ਕਸ਼ਤਰੀ ਹੱਥਾਂ ਬਾਹਵਾਂ ਵਿੱਚ ਜੀਵਨ ਜਿਉਂਦਾ ਹੈ। ਬ੍ਰਹਮਣ ਸਿਰ ਵਿੱਚ ਜੀਵਨ ਜਿਉਂਦਾ ਹੈ। ਹੁਣ ਬੰਦੇ ਦੀ ਜੀਵਨ ਚੇਤਨਾ ਨੀਚੇ ਦੀ ਤਰਫ਼ ਪੈਰਾਂ ਵੱਲ ਨੂੰ ਵਹਿ ਰਹੀ ਹੈ। ਭਾਵ ਕਿ ਬੰਦਾ ਸ਼ੂਦਰ ਜੀਵਨ ਜਿਊਂ ਰਿਹਾ ਹੈ। ਬ੍ਰਹਮ ਜੀਵਨ ਸਿਰ ਵਿਚ ਹੈ ਆਪਣੇ ਸ਼ੂਦਰ ਜੀਵਨ ਤੋਂ ਮਰਨਾ ਪਏਗਾ। ਫਿਰ ਹੀ ਬ੍ਰਹਮਣ ਜੀਵਨ ਪ੍ਰਾਰੰਭ ਹੋਵੇਗਾ। ਬ੍ਰਹਮ ਤਕ ਪਹੁੰਚਣ ਲਈ ਦੌੜਨ ਦੀ ਲੋੜ ਨਹੀਂ ਟਿਕਣ ਦੀ ਲੋੜ ਹੈ।

ਜੀਸਸ ਨੇ ਮਕੋਡੇਨਿਅਸ ਨੂੰ ਇਹੀ ਆਖਿਆ ਸੀ ਕਿ ਸੰਸਾਰ ਦੇ ਜੀਵਨ ਵਾਸਤੇ ਦੌੜਨਾ ਪੈਂਦਾ ਹੈ। ਪਰ ਜਿਹੜਾ ਮੇਰਾ ਜੀਵਨ ਹੈ ਉਹ ਟਿਕਿਆ ਹੋਇਆ ਹੈ। ਤੈਨੂੰ ਦੁਬਾਰਾ ਜਨਮ ਲੈਣਾ ਪਏਗਾ। ਭਾਵ ਕਿ ਮਨ

ਨੂੰ ਸ਼ਬਦ ਵਿੱਚ ਟਿਕਾਉਣਾ ਪਏਗਾ।

ਜਦੋਂ ਮਨ, ਸ਼ਬਦ ਵਿੱਚ ਟਿਕਦਾ ਹੈ ਤਾਂ ਟਿਕਦਾ ਹੀ ਨਹੀਂ ਬਲਕਿ ਲੀਨ ਹੋ ਜਾਂਦਾ ਹੈ। ਫਿਰ ਮਨ ਦੇ ਸਾਰੇ ਅੰਗ ਕਟੇ ਜਾਂਦੇ ਹਨ। ਕਬੀਰ ਜੀ ਨੇ ਇਹੀ ਕਿਹਾ ਹੈ ਕਿ —

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥**
**ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥੧੯੩॥**

*(ਪੰਨਾ ੧੩੭੪)*

ਜ਼ਬਾਨ ਝੂਠ ਅਤੇ ਨਿੰਦਾ ਕਰਨ ਤੋਂ ਬੰਦ ਹੋ ਗਈ ਹੈ। ਗੂੰਗੀ ਹੈ। ਮਨ ਨੇ ਚਲਾਕੀ ਛੱਡ ਕੇ ਭੋਲਾਪਣ ਅਪਨਾ ਲਿਆ ਹੈ। ਭਾਵ ਕਿ ਬਾਵਰਾ ਹੋ ਗਿਆ ਹੈ। ਅੰਦਰੋਂ ਬਾਹਰੋਂ ਇਕ ਹੋ ਗਿਆ ਹੈ। ਅੰਦਰੋਂ ਬਾਹਰੋਂ ਇੱਕ, ਜਾਂ ਤਾਂ ਬੱਚਾ ਹੁੰਦਾ ਹੈ ਜਾਂ ਫਿਰ ਭਗਤ ਹੁੰਦਾ ਹੈ। ਬੱਚਾ ਵੀ ਭੋਲਾ ਹੁੰਦਾ ਹੈ ਅਤੇ ਭਗਤ ਵੀ ਭੋਲਾ ਹੁੰਦਾ ਹੈ। ਸੰਸਾਰ ਨੂੰ ਨਾ ਬੱਚਾ ਧੋਖਾ ਦੇ ਸਕਦਾ ਹੈ ਅਤੇ ਨਾਹੀ ਭਗਤ ਧੋਖਾ ਦੇ ਸਕਦਾ ਹੈ। ਧੋਖਾ ਖਾ ਸਕਦੇ ਹਨ। ਪਰ ਧੋਖਾ ਦੇ ਨਹੀਂ ਸਕਦੇ। ਜਿਹੜਾ ਚਲਾਕ ਹੁੰਦਾ ਹੈ। ਉਹ ਤਾਂ ਧੋਖਾ ਦੇ ਕੇ ਹੀ ਖ਼ੁਸ਼ ਹੁੰਦਾ ਹੈ।

ਹਜ਼ਰਤ ਸ਼ੇਖ ਸਾਅਦੀ ਨੇ ਆਪਣੀ ਰਚਨਾ, "ਗੁਲਸਤਾਂ" ਵਿਚ ਇਕ ਉਲੇਖ ਕੀਤਾ ਹੈ ਕਿ "ਐ ਬੰਦੇ! ਤੂੰ ਮੈਨੂੰ ਧੋਖਾ ਦਿੱਤਾ ਹੈ। ਤੇਰੇ ਉੱਪਰ ਲਾਹਨਤ ਹੈ।" ਫਿਰ ਸਾਅਦੀ ਕਹਿੰਦੇ ਹਨ ਕਿ "ਐ ਬੰਦੇ! ਮੈਂ ਦੁਬਾਰਾ ਤੇਰੇ ਕੋਲੋਂ ਧੋਖਾ ਖਾਧਾ ਹੈ। ਹੁਣ ਮੇਰੇ ਉੱਪਰ ਲਾਹਨਤ ਹੈ।" ਜਦੋਂ ਮੈਨੂੰ ਤੇਰੇ ਅਸਲੀ ਸਰੂਪ ਦਾ ਪਤਾ ਲਗ ਗਿਆ ਸੀ ਫਿਰ ਮੈਂ ਕਿਉਂ ਧੋਖਾ ਖਾਧਾ ਹੈ।

ਧੋਖਾ ਦੇਣ ਵਾਸਤੇ ਕੋਈ ਨਾ ਕੋਈ ਚਲਾਕੀ ਵਰਤਣੀ ਪੈਂਦੀ ਹੈ। ਅਗਲੇ ਦਾ ਵਿਸ਼ਵਾਸ ਜਿੱਤਣਾ ਪੈਂਦਾ ਹੈ। ਸਾਅਦੀ ਨੇ ਇਕ ਹਕਾਇਤ ਲਿਖੀ ਹੈ ਕਿ "ਮੁਨਸਫ਼ ਦੀ ਕਚਹਿਰੀ ਵਿੱਚ ਇਕ ਬੰਦੇ ਨੇ ਫ਼ਰਿਆਦ ਕੀਤੀ ਕਿ ਫਲਾਣੇ ਬੰਦੇ ਨੇ ਮੈਨੂੰ ਧੋਖਾ ਦਿੱਤਾ ਹੈ। ਹਾਲਾਂ ਕਿ ਮੈਂ ਉਸ ਉੱਪਰ ਬੜਾ ਵਿਸ਼ਵਾਸ ਕੀਤਾ ਸੀ। ਉਸਨੇ ਮੇਰੇ ਨਾਲ ਵਿਸ਼ਵਾਸਘਾਤ ਕੀਤਾ ਹੈ। ਮੁਨਸਫ਼ ਨੇ ਉਸ ਆਦਮੀ ਨੂੰ ਬੁਲਾ ਕੇ ਪੁੱਛਿਆ ਕਿ "ਇਸ ਬੰਦੇ ਨੇ ਜਦੋਂ ਤੇਰੇ ਉੱਪਰ ਏਨਾ ਭਰੋਸਾ ਕੀਤਾ। ਤੂੰ ਫਿਰ ਇਸ ਨਾਲ ਧੋਖਾ ਕਿਉਂ ਕੀਤਾ ਹੈ?" ਉਹ ਧੋਖੇਬਾਜ਼, ਮੁਨਸਫ਼ ਨੂੰ ਕਹਿਣ ਲਗਾ, ਮੁਨਸਫ਼! ਤੈਨੂੰ ਏਨਾ ਵੀ ਪਤਾ ਨਹੀਂ ਕਿ ਜਿਹੜਾ ਮੇਰੇ ਉੱਪਰ ਭਰੋਸਾ ਹੀ ਨਹੀਂ ਕਰਦਾ। ਮੈਂ ਉਸ ਨੂੰ ਧੋਖਾ ਕਿਸ

ਤਰ੍ਹਾਂ ਦੇ ਸਕਦਾ ਹਾਂ। ਜਿਹੜਾ ਮੇਰੇ ਉੱਪਰ ਵਿਸ਼ਵਾਸ ਹੀ ਨਾ ਕਰੇ, ਮੈਂ ਉਸ ਨੂੰ ਧੋਖਾ ਨਹੀਂ ਦੇ ਸਕਦਾ।

ਸੋ ਭਗਤ ਅਤੇ ਬੱਚਾ ਹਰੇਕ ਉੱਪਰ ਭਰੋਸਾ ਕਰਦੇ ਹਨ। ਇਸ ਵਾਸਤੇ ਧੋਖਾ ਖਾਂਦੇ ਹਨ। ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਆਪਣੀ ਚਲਾਕ ਬੁਧੀ ਨੂੰ ਅਲਵਿਦਾ ਕਹਿ ਦਿੱਤਾ ਹੈ। ਮੈਂ ਬਾਵਰਾ ਹੋ ਗਿਆ ਹਾਂ। ਯਾਨੀ ਕਿ ਭੋਲਾ ਹੋ ਗਿਆ ਹਾਂ। ਕੰਨਾਂ ਤੋਂ ਬਹਿਰਾ ਹਾਂ। ਕੰਨ ਨਿੰਦਾ ਉਸਤਤ ਨਹੀਂ ਸੁਣਦੇ। ਝੂਠ ਵੀ ਨਹੀਂ ਸੁਣਦੇ। ਜਿਵੇਂ ਗੰਦਾ ਭੋਜਨ ਖਾਣ ਨਾਲ ਸਰੀਰ ਰੋਗੀ ਹੁੰਦਾ ਹੈ। ਇਵੇਂ ਗੰਦੇ ਤੇ ਝੂਠੇ ਸ਼ਬਦ ਸੁਣਨ ਨਾਲ ਮਨ ਰੋਗੀ ਹੁੰਦਾ ਹੈ। ਮਨ ਮੈਲਾ ਹੁੰਦਾ ਹੈ।

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥**
**ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥੧੯੩॥**

*(ਪੰਨਾ ੧੩੭੪)*

ਪੈਰਾਂ ਤੋਂ ਪਿੰਗਲਾ ਹੋ ਗਿਆ ਹਾਂ। ਮੇਰੇ ਪੈਰ ਹੁਣ ਗ਼ਲਤ ਪਾਸੇ ਨਹੀਂ ਜਾਂਦੇ। ਡਾ: ਸਰ ਮੁਹੰਮਦ ਇਕਬਾਲ ਦਾ ਕਥਨ ਹੈ ਕਿ —

**ਮੇਰੇ ਟੂਟੇ ਹੁਏ ਪਾਉਂ ਤਲਬ ਕਾ ਮੁਝ ਪੇ ਅਹਿਸਾਂ ਹੈ॥**

ਇਕਬਾਲ ਕਹਿੰਦੇ ਹਨ ਕਿ ਗ਼ਲਤ ਪਾਸੇ ਜਾਣ ਵਾਲੇ ਪੈਰਾਂ ਨਾਲੋਂ ਤਾਂ ਟੁੱਟੇ ਹੋਏ ਪੈਰਾਂ ਵਾਲਾ ਚੰਗਾ ਹੈ। ਕਿਤੇ ਇਕਬਾਲ ਦੇ ਪੈਰ ਤੇ ਸੱਟ ਲਗ ਗਈ ਅਤੇ ਕਈ ਦਿਨ ਮੰਜੇ ਤੇ ਬੈਠਾ ਖ਼ੁਦਾ ਖ਼ੁਦਾ ਕਰਦਾ ਰਿਹਾ। ਉਨੇ ਦਿਨ ਸ਼ਰਾਬ ਦੀ ਮਹਿਫ਼ਲ ਵਿਚ ਨਹੀਂ ਜਾ ਸਕਿਆ। ਅਖ਼ੀਰ ਮੂੰਹੋਂ ਨਿਕਲ ਹੀ ਗਿਆ ਕਿ ਮੇਰੇ ਟੁੱਟੇ ਹੋਏ ਪੈਰਾਂ ਦਾ ਮੇਰੇ ਉੱਪਰ ਬੜਾ ਅਹਿਸਾਨ ਹੈ। ਖ਼ੁਦਾ ਦੀ ਬੰਦਗੀ ਕਰਨ ਲਈ ਮੌਕਾ ਮਿਲ ਗਿਆ ਹੈ।

**ਮੇਰੇ ਟੂਟੇ ਹੁਏ ਪਾਉਂ ਤਲਬ ਕਾ ਮੁਝ ਪੇ ਅਹਿਸਾਂ ਹੈ॥**
**ਤੁਮਹਾਰੇ ਦਰ ਸੇ ਉਠ ਕਰ ਅਬ ਕਹੀਂ ਜਾਇਆ ਨਹੀਂ ਜਾਤਾ॥**

*(ਇਕਬਾਲ)*

ਹੇ ਖ਼ੁਦਾ! ਹੁਣ ਮੈਂ ਤੇਰੇ ਦਰ ਤੋਂ ਉੱਠ ਕੇ ਕਿਸੇ ਪਾਸੇ ਜਾਣ ਜੋਗਾ ਨਹੀਂ ਰਿਹਾ।

# ਅਭਿਆਸ ਅਰੰਭ
# ਅਤੇ
# ਕੁਦਰਤ ਦੀ ਕਲਾ

ਮਨ ਕਰਕੇ ਜਦੋਂ ਮਨੁੱਖ ਗੁਰੂ ਨੂੰ ਸਮਰਪਤ ਹੋ ਜਾਂਦਾ ਹੈ ਤਾਂ ਗੁਰੂ ਵੱਲੋਂ ਗੁਰੂ ਮੰਤਰ ਪ੍ਰਾਪਤ ਹੁੰਦਾ ਹੈ। ਮੰਤਰ ਸੁਆਸ ਗਰਾਸ ਵਿੱਚ ਪੂਰਾ ਆ ਜਾਂਦਾ ਹੈ। ਮੰਤਰ ਨੂੰ ਸਿਰਫ਼ ਜਪਿਆ ਹੀ ਜਾ ਸਕਦਾ ਹੈ। ਮੰਤਰ ਜ਼ਬਾਨ ਨਾਲ ਜਪੀਦਾ ਹੈ। ਜਪਣ ਦੇ ਨਾਲ ਨਾਲ ਉਸ ਅਵਾਜ਼ ਨੂੰ ਕੰਨਾਂ ਨਾਲ ਸੁਣੀਦਾ ਹੈ। ਮਨ ਦੀ ਇਕਾਗਰਤਾ ਅਤੇ ਜਾਪ ਨੂੰ ਕੰਨਾਂ ਨਾਲ ਸੁਣਨ ਨਾਲ ਧਿਆਨ ਇਕਾਗਰ ਹੋ ਜਾਂਦਾ ਹੈ। ਮਨੁੱਖ ਦੀ ਸੁਰਤ ਪੂਰੇ ਧਿਆਨ ਨਾਲ ਆਪਣੇ ਸੁਆਸਾਂ ਦੇ ਅੰਦਰਲੀ ਅਵਾਜ਼ ਨੂੰ ਸੁਣਨ ਲਗਦੀ ਹੈ। ਇਹ ਜੋ ਗੁਰ ਮੰਤਰ ਦਾ ਜਪ ਹੈ, ਇਹ ਇਕ ਅਵਾਜ਼ ਹੈ। ਆਹਤ ਅਵਾਜ਼ ਹੈ। ਸ਼ਬਦ ਦੇ ਅੱਖਰੀ ਅਰਥ ਵੀ ਅਵਾਜ਼ ਹੀ ਹੁੰਦੇ ਹਨ। ਗੁਰ ਮੰਤਰ ਦੇ ਜਾਪ ਦੀ ਧੁਨ ਨੂੰ ਪੂਰੇ ਧਿਆਨ ਨਾਲ ਸੁਣਨਾ। ਯਾਨੀ ਕਿ ਆਪਣੀ ਸੁਰਤ ਨੂੰ ਸ਼ਬਦ ਮੰਤਰ ਦੀ ਧੁਨ ਵਿਚ ਜੋੜੀ ਰੱਖਣਾ।

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ॥੩॥ *(ਪੰਨਾ ੮੭੯)*

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਇਹ ਗੁਰਮੰਤਰ ਦੀ ਅਵਾਜ਼ ਹੈ। ਇਸ ਅਵਾਜ਼ ਨੂੰ ਅਭਿਆਸ ਦੁਆਰਾ ਸੁਆਸ ਦੇ ਵਿਚ ਲੈ ਜਾਣਾ ਹੈ। ਅਖ਼ੀਰ ਨਾਭੀ ਤਕ ਇਸ ਅਵਾਜ਼ ਦੀ ਚੋਟ ਹੋਣੀ ਚਾਹੀਦੀ ਹੈ। ਕਿਉਂਕਿ ਜੀਵਨ ਚੇਤਨਾ ਨਾਭੀ ਦੇ ਥੱਲੇ ਕੁੰਡਲ ਮਾਰ ਕੇ ਬੈਠੀ ਹੈ।

ਜਦੋਂ ਰਸਨਾ (ਜ਼ਬਾਨ) ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰੇ ਤਾਂ ਨਾਲ ਨਾਲ ਕੰਨ ਸੁਣਨ। ਬਲਕਿ ਏਨੇ ਧਿਆਨ ਨਾਲ ਗੁਰ ਮੰਤਰ ਦੇ ਜਾਪ ਨੂੰ ਸੁਣਿਆ ਜਾਵੇ ਕਿ ਜ਼ਬਾਨ ਦੀ ਅਵਾਜ਼ ਅਤੇ ਸੁਰਤ ਦਾ ਸੁਮੇਲ ਨਿਰੰਤਰ ਬਣਿਆ ਰਹੇ। ਗੁਰਮਤਿ ਦੀ ਇਹ ਸਾਧਨਾ ਹੈ। ਸੁਰਤ ਨੂੰ ਸਿੱਖ ਬਨਾਉਣਾ ਹੈ ਅਤੇ ਗੁਰ ਮੰਤਰ ਦੇ ਸ਼ਬਦ ਨੂੰ ਗੁਰੂ ਸਮਝਣਾ ਹੈ। ਸ਼ਬਦ ਮੰਤਰ ਦੀ ਧੁਨ

ਨੂੰ ਏਨੇ ਧਿਆਨ ਅਤੇ ਸ਼ਰਧਾ ਨਾਲ ਸੁਣਨਾ ਹੈ ਕਿ ਮਾਨੋ ਇਹ ਅਵਾਜ਼ ਪ੍ਰਤਖ਼ਸ਼ ਗੁਰੂ ਦੀ ਆਪਣੀ ਅਵਾਜ਼ ਹੈ। ਇੰਨਾ ਭੈ ਅਤੇ ਅਦਬ ਰਖ ਕੇ ਸੁਣਨਾ ਹੈ ਕਿ ਮਾਨੋ ਜੇਕਰ ਸਾਡਾ ਧਿਆਨ ਜ਼ਰਾ ਵੀ ਇਧਰ ਉਧਰ ਭਟਕਿਆ ਤਾਂ ਸਾਡੇ ਗੁਰੂ ਨੇ ਸਦਾ ਵਾਸਤੇ ਸਾਡੇ ਨਾਲ ਨਿਰਾਸ਼ ਹੋ ਜਾਣਾ ਹੈ। ਇਸੇ ਅਵਸਥਾ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸਿੱਧ ਯੋਗੀਆਂ ਨੇ ਸਵਾਲ ਕੀਤਾ ਸੀ ਕਿ ਐ ਗੁਰੂ ਨਾਨਕ ਦੇਵ ਜੀ! ਤੁਹਾਡਾ ਗੁਰੂ ਕੌਣ ਹੈ ਜਿਸ ਦੇ ਤੁਸੀਂ ਚੇਲੇ ਹੋ?

**ਕਵਣ ਮੂਲ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥** *(ਪੰਨਾ ੯੪੨)*

ਤਾਂ ਗੁਰੂ ਦੇਵ ਨੇ ਜਵਾਬ ਦਿੱਤਾ ਸੀ ਕਿ ਮੈਂ ਸ਼ਬਦ ਮੰਤਰ ਨੂੰ ਆਪਣਾ ਗੁਰੂ ਬਣਾਇਆ ਹੈ ਅਤੇ ਸੁਰਤ ਨੂੰ ਸਿੱਖ ਬਣਾਇਆ ਹੈ। ਯਾਨੀ ਚੇਲਾ ਬਣਾਇਆ ਹੈ।

**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** *(ਪੰਨਾ ੯੪੩)*

ਸੁਰਤ ਚੇਲਾ ਹੈ। ਸ਼ਬਦ ਦੀ ਧੁਨੀ ਗੁਰੂ ਹੈ। ਸ਼ਬਦ ਧੁਨੀ ਯਾਨੀ ਕਿ ਅਵਾਜ਼। ਗੁਰੂ ਘਰ ਵਿਚ ਅਵਾਜ਼ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ। ਜਦੋਂ ਕਿਸੇ ਮਨੁੱਖ ਦੀਆਂ ਅੱਖਾਂ ਨਾ ਕੰਮ ਕਰਨ ਤਾਂ ਅਵਾਜ਼ ਸੇਧ ਦੇਂਦੀ ਹੈ। ਇਕ ਅੰਧੇ ਬੰਦੇ ਨੂੰ। ਯਾਨੀ ਕਿ ਨੇਤਰਹੀਣ ਬੰਦੇ ਨੂੰ ਜਦੋਂ ਕੋਈ ਅਵਾਜ਼ ਮਾਰਦਾ ਹੈ। ਪਈ ਆ ਜਾ! ਤਾਂ ਅੰਧਾ ਬੰਦਾ, ਉਸ ਅਵਾਜ਼ ਨੂੰ ਸੁਣਦਾ ਹੈ ਅਤੇ ਅਵਾਜ਼ ਦੀ ਸੇਧ ਵਿਚ ਤੁਰ ਪੈਂਦਾ ਹੈ।

**ਸੁਣਿਐ ਅੰਧੇ ਪਾਵਹਿ ਰਾਹੁ॥** *(ਪੰਨਾ ੩)*

ਜੋ ਪ੍ਰਮਾਤਮਾ ਦਾ ਮਾਰਗ ਹੈ, ਇਹ ਤਾਂ ਸੁਰਤ ਦਾ ਮਾਰਗ ਹੈ। ਉਥੇ ਤਾਂ ਅੱਖਾਂ ਕੰਮ ਹੀ ਨਹੀਂ ਕਰਦੀਆਂ। ਉਥੇ ਤਾਂ ਸਿਵਾਇ ਸ਼ਬਦ ਤੋਂ ਹੋਰ ਕੋਈ ਸਾਧਨ ਨਹੀਂ ਹੈ। ਯਾਨੀ ਕਿ ਆਵਾਜ਼ ਤੋਂ ਬਿਨਾਂ ਕੋਈ ਸਾਧਨ ਨਹੀਂ ਹੈ। ਇਹ ਜੋ ਸਾਡੀਆਂ ਅੱਖਾਂ ਸਾਰੇ ਸੰਸਾਰ ਨੂੰ ਵੇਖ ਸਕਦੀਆਂ ਹਨ। ਇਹ ਕਰਤਾਰ ਨੂੰ ਵੇਖਣ ਦੇ ਸਮਰਥ ਨਹੀਂ ਹਨ --

**ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥੩॥**
*(ਪੰਨਾ ੧੧੦੦)*

ਇਨ੍ਹਾਂ ਅੱਖਾਂ ਦੀ ਉਥੇ ਕੋਈ ਪਹੁੰਚ ਨਹੀਂ ਹੈ। ਉਥੇ ਇਸ ਤਰ੍ਹਾਂ ਚਲਣਾ ਹੈ, ਜਿਵੇਂ ਇਕ ਅੰਧਾ ਸਾਹਮਣੇ ਖੜਾ ਹੈ ਅਤੇ ਅਸੀਂ ਅਵਾਜ਼ ਦੇਂਦੇ ਹਾਂ, ਪਈ ਸਿੱਧਾ ਹੀ ਚਲਿਆ ਆ। ਉਹ ਅਵਾਜ਼ ਸੁਣਦਾ ਹੈ ਅਤੇ ਅਵਾਜ਼ ਦੀ ਸੇਧ ਵਿੱਚ ਤੁਰ ਪੈਂਦਾ ਹੈ। ਉਸ ਮਾਰਗ ਵਿਚ ਸਾਡੇ ਕੋਲ ਅੱਖਾਂ ਨਹੀਂ ਹਨ। ਜਿਹੜੀਆਂ ਅੱਖਾਂ ਸਾਡੇ ਕੋਲ ਹਨ। ਇਹ ਉਸ ਮਾਰਗ ਵਿਚ ਕੰਮ ਨਹੀਂ ਆਉਂਦੀਆਂ। ਉਥੇ ਤਾਂ ਆਪਣੀ ਸੁਰਤ ਨੂੰ ਚਲਾਉਣਾ ਹੈ। ਉਥੇ ਅੱਖਾਂ ਕੰਮ ਨਹੀਂ ਕਰਦੀਆਂ ਬਲਕਿ ਸ਼ਬਦ ਕੰਮ ਕਰਦਾ ਹੈ। ਯਾਨੀ ਕਿ ਅਵਾਜ਼ ਕੰਮ ਕਰਦੀ ਹੈ। ਸਾਡੀ ਸੁਰਤ ਪੂਰੀ ਇਕਾਗਰਤਾ ਨਾਲ ਸ਼ਬਦ ਨੂੰ ਸੁਣੇਗੀ। ਫਿਰ ਉਸ ਅਵਾਜ਼ ਦੇ ਪਿਛੇ ਤੁਰੇਗੀ।

ਜਿਸ ਵਕਤ ਬੰਦਾ ਵਾਹਿਗੁਰੂ ਵਾਹਿਗੁਰੂ ਇੰਝ ਜਪੇ ਤਾਂ ਨਿਰੰਤਰ ਅਤੇ ਉਚੀ ਆਵਾਜ਼ ਨਾਲ ਜਪੇ। ਲਗਾਤਾਰ ਜਪਣ ਨਾਲ, ਲੈ ਬੱਧ ਇਕ ਧੁਨ ਬਣੇਗੀ। ਥੋੜੇ ਹੀ ਸਮੇਂ ਦੇ ਅਭਿਆਸ ਨਾਲ ਇਹ ਧੁਨ ਬਣਨੀ ਅਰੰਭ ਹੋ ਜਾਵੇਗੀ। ਉਸ ਧੁਨ ਨੂੰ ਨਿਰੰਤਰ ਕੰਨਾਂ ਨਾਲ ਸੁਣਦੇ ਰਹਿਣਾ ਹੈ। ਵਰਨਾ ਧਿਆਨ (ਸੁਰਤ) ਅਤੇ ਸ਼ਬਦ ਦਾ ਸੁਮੇਲ ਨਹੀਂ ਬਣੇਗਾ।

# ਗੁਰ-ਮੰਤਰ ਜਪਣਾ ਅਤੇ ਕੁਦਰਤ ਦੀ ਕਲਾ

ਗੁਰਮਤਿ ਵਿੱਚ ਜਪੁ ਦਾ ਉਪਦੇਸ਼ ਇਨਸਾਨ ਨੂੰ ਬੜੇ ਜ਼ੋਰ ਅਤੇ ਦ੍ਰਿੜ੍ਹਤਾ ਨਾਲ ਦਿੱਤਾ ਜਾਂਦਾ ਹੈ। ਪਈ ਐ ਬੰਦੇ! ਜੇ ਤੂੰ ਸਭ ਕੁਝ ਕਰੇਂ ਪਰ ਜਪੁ ਨਾ ਕਰੇਂ ਤਾਂ ਸਭ ਵਿਅਰਥ ਹੈ। ਸਭ ਕੁਝ ਕਰਨਾ ਵੀ ਇਸ ਵਾਸਤੇ ਹੈ ਕਿ ਇਕ ਦਿਨ ਜਪੁ ਕਰਨ ਵਾਸਤੇ, ਮਨ ਤਿਆਰ ਹੋ ਜਾਵੇ। ਮਨ ਦੀ ਤਿਆਰੀ ਅਤੇ ਵਿਸ਼ਵਾਸ ਵਾਸਤੇ ਜ਼ਿੰਦਗੀ ਦਾ ਬਹੁਤ ਸਮਾਂ ਖ਼ਰਚ ਹੋ ਜਾਂਦਾ ਹੈ ਪਰ ਮਨ ਫਿਰ ਭਟਕ ਜਾਂਦਾ ਹੈ। ਗੁਰਬਾਣੀ ਦਾ ਕਥਨ ਹੈ ਕਿ —

**ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥**

(ਪੰਨਾ ੭੨੮)

ਕਥਾ ਕੀਰਤਨ, ਸਤਸੰਗ ਅਤੇ ਗੁਰਬਾਣੀ ਦਾ ਪਾਠ ਵੀ ਇਸੇ ਵਾਸਤੇ ਕੀਤਾ ਜਾਂਦਾ ਹੈ ਕਿ ਇਕ ਦਿਨ, ਜਪ ਕਰਨ ਵਾਸਤੇ ਮਨ ਤਿਆਰ ਹੋ ਜਾਏ। ਯਾਨੀ ਕਿ ਰਾਜ਼ੀ ਹੋ ਜਾਏ। ਗੁਰਦੇਵ ਕਹਿੰਦੇ ਹਨ ਕਿ ਰਸਨਾ ਨਾਲ ਜਪਣਾ ਹੈ। ਜਿਵੇਂ ਮਧਾਣੀ ਨਾਲ ਦਹੀਂ ਰਿੜਕਦਿਆਂ-ਰਿੜਕਦਿਆਂ ਮੱਖਣ ਤਕ ਪਹੁੰਚੀਦਾ ਹੈ। ਇਸ ਤਰ੍ਹਾਂ ਜਪਦਿਆਂ ਜਪਦਿਆਂ ਅੰਮ੍ਰਿਤ ਪ੍ਰਾਪਤ ਕਰਨਾ ਹੈ।

**ਰਸਨਾ ਨਾਮੁ ਜਪਹੁ ਤਬ ਮਥੀਐ**
**ਇਨ ਬਿਧਿ ਅੰਮ੍ਰਿਤੁ ਪਾਵਹੁ ॥** (ਪੰਨਾ ੭੨੮)

ਗੁਰਬਾਣੀ ਦੀ ਵਿਆਖਿਆ ਗੁਰਬਾਣੀ ਕਰਦੀ ਹੈ। ਕਬੀਰ ਸਾਹਿਬ ਦਾ ਕਥਨ ਹੈ ਕਿ —

**ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥**
**ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥੧॥**

(ਪੰਨਾ ੧੩੬੪)

ਜਪੁ ਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ

ਵਿਸ਼ੇ ਦਾ ਬੜਾ ਵਧੀਆ ਖੁਲਾਸਾ ਕੀਤਾ ਹੈ ਕਿ —

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**
**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**
**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥** *(ਪੰਨਾ ੭)*

ਪ੍ਰਭੂ ਪਤੀ ਦੇ ਮਾਰਗ ਦੀਆਂ ਇਹੋ ਪਉੜੀਆਂ ਹਨ ਕਿ ਇਥੇ ਮਨ ਨੂੰ ਇਕਾਗਰ ਕਰਕੇ ਜਪਣਾ ਹੈ ਅਤੇ ਚੜ੍ਹਨਾ ਹੈ। ਬੰਦੇ ਦੀ ਸੁਰਤ ਸੁੱਤੀ ਪਈ ਹੈ। ਯਾਨੀ ਕਿ ਜੀਵਨ ਚੇਤਨਾ ਸੁਤੀ ਪਈ ਹੈ। ਜੀਵਨ ਚੇਤਨਾ ਬਿਲਕੁਲ ਨਾਭੀ ਦੇ ਥੱਲੇ ਸੁੱਤੀ ਹੈ। ਉਸ ਨੂੰ ਸ਼ਬਦ ਜਾਪ ਦੇ ਅਭਿਆਸ ਦੁਆਰਾ ਜਗਾਉਣਾ ਹੈ। ਜਗਾਉਣਾ ਹੀ ਨਹੀਂ, ਬਲਕਿ ਨਾਭੀ ਤੋਂ ਜਗਾ ਕੇ ਮਸਤਕ ਤਕ ਉਪਰ ਚੜਾਉਣਾ ਹੈ। ਮਸਤਕ ਵਿੱਚ ਪ੍ਰਭੂ ਮਿਲਾਪ ਹੈ। ਮਸਤਕ ਵਿੱਚ ਪਰਮਾਨੰਦ ਹੈ। ਯਾਨੀ ਕਿ ਰਾਮ ਰਸ ਹੈ। ਜੀਵਨ ਵਿਚ ਰਸ ਦੋ ਹੀ ਹਨ। ਰਾਮ ਰਸ ਅਤੇ ਕਾਮ ਰਸ। ਹੋਰ ਕੋਈ ਰਸ ਨਹੀਂ ਹੈ। ਤਮਾਮ ਇੰਦਰਿਆਂ ਅਤੇ ਪਦਾਰਥ ਦਾ ਰਸ, ਕਾਮ ਰਸ ਹੈ। ਮਸਤਕ ਵਿੱਚ ਪਰਮ ਸ਼ਕਤੀ ਹੈ। ਮਸਤਕ ਵਿਚ ਰਾਮ ਰਸ ਹੈ। ਉਹ ਰਸ ਦੀ ਸਿਖ਼ਰ ਹੈ। ਬੁਲੰਦੀ ਹੈ। ਰਾਮ ਰਸ ਨੂੰ ਮਾਨਣ ਲਈ ਸੁਰਤ ਨੂੰ ਮਸਤਕ ਤਕ ਚੜ੍ਹਾਉਣਾ ਪਏਗਾ। ਸੁਰਤ ਨੂੰ ਚੜ੍ਹਾਉਣ ਵਾਸਤੇ ਗੁਰੂ ਮੰਤਰ ਦੀ ਜ਼ਰੂਰਤ ਹੈ। ਗੁਰਮੰਤਰ ਬਹੁਤ ਛੋਟਾ ਹੁੰਦਾ ਹੈ। ਸਿਰਫ਼ ਦੋ ਜਾਂ ਚਾਰ ਅੱਖਰਾਂ ਵਿੱਚ ਹੁੰਦਾ ਹੈ। ਸਾਸ ਗਿਰਾਸ ਵਿਚ ਪੂਰਾ ਹੋ ਜਾਂਦਾ ਹੈ।

ਰਾਮ! ਰਾਮ! ਦੀ ਧੁਨ ਵਿਚ ਸਾਡੇ ਦੇਸ਼ ਦੇ ਅਨੇਕਾਂ ਰਿਸ਼ੀ ਮੁਨੀ ਰਹੇ ਹਨ। ਓਮ! ਓਮ! ਦੀ ਧੁਨੀ ਉਚਾਰਨ ਹੁੰਦੀ ਰਹੀ ਹੈ। "ਮਨਸੂਰ" ਦਾ ਗੁਰ ਮੰਤਰ ਸੀ "ਅਨੱਲ ਹੱਕ"! "ਅਨੱਲ ਹੱਕ"!! ਉਹ ਇਝ ਹੀ ਜਪਦਾ ਸੀ। ਭਗਤ ਜੈ ਦੇਵ, ਗੋਬਿਦ! ਗੋਬਿਦ! ਇਝ ਜਪਦੇ ਸਨ।

**ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ॥** *(ਪੰਨਾ ੫੨੬)*

ਨਾਮ ਦੇਵ 'ਬਿਠੁਲ', 'ਬਿਠੁਲ', ਬਿਠੁਲ', ਇੰਝ ਜਪਦੇ ਸਨ। ਕਬੀਰ ਪੰਥੀਆਂ ਦਾ ਗੁਰ ਮੰਤਰ ਹੈ "ਸਤਿਨਾਮ"! "ਸਤਿਨਾਮ"! "ਸਤਿਨਾਮ"! ਕਬੀਰ ਸਾਹਿਬ ਇੰਝ ਜਪਦੇ ਸਨ। ਬਾਬਾ ਫਰੀਦ ਜੀ "ਅਲਾਹੁ! ਅਲਾਹੁ! ਇਝ ਜਪਦੇ ਸਨ।

ਗੁਰੂ ਨਾਨਕ ਦੇਵ ਜੀ ਦਾ ਜ਼ਮਾਨਾ ਆਇਆ ਤਾਂ ਉਨ੍ਹਾਂ ਨੇ ਗੋਪ ਮੰਤਰ, ਵਾਹਿਗੁਰੂ ਪ੍ਰਗਟ ਕੀਤਾ। ਗੁਰ ਮੰਤਰ ਕਿਤੋਂ ਵੀ ਲਿਖਿਆ ਹੋਇਆ ਨਹੀਂ ਮਿਲਦਾ। ਗੁਰ ਮੰਤਰ, ਗੁਰੂ ਵੱਲੋਂ ਦਿੱਤਾ ਜਾਂਦਾ ਹੈ। ਅਧਿਕਾਰੀ ਨੂੰ ਗੁਰ ਮੰਤਰ ਮਿਲਦਾ ਹੈ। ਗੁਰੂ ਦੀ ਕਸਵਟੀ ਉਪਰ ਜਦੋਂ ਸਿੱਖ ਪੂਰਾ ਉੱਤਰ ਜਾਂਦਾ ਹੈ ਤਾਂ ਉਸ ਨੂੰ ਗੁਰੂ ਵੱਲੋਂ ਅਭਿਆਸ ਕਰਨ ਲਈ ਗੁਰ ਮੰਤਰ ਪ੍ਰਾਪਤ ਹੁੰਦਾ ਹੈ। ਗੁਰੂ ਦੀ ਅੱਖ ਪਾਰਦਰਸ਼ੀ ਹੁੰਦੀ ਹੈ। ਉਹ ਸਿੱਖ ਨੂੰ ਅੰਦਰੋਂ ਪਛਾਣ ਲੈਂਦੀ ਹੈ ਅਤੇ ਯੋਗਤਾ ਵੇਖ ਕੇ ਮੰਤਰ ਦੇ ਦਿੱਤਾ ਜਾਂਦਾ ਹੈ। ਦੁਨੀਆਂ ਭਰ ਦੇ ਧਰਮ ਗ੍ਰੰਥ ਹਨ। ਪਰ ਗੁਰਮੰਤਰ ਕਿਸੇ ਵਿੱਚ ਨਹੀਂ ਲਿਖਿਆ ਮਿਲਦਾ। ਗੁਰ ਮੰਤਰ ਸਿਰਫ਼ ਅਧਿਕਾਰੀ ਨੂੰ ਮਿਲਦਾ ਹੈ। ਪ੍ਰਾਚੀਨ ਸਮੇਂ, ਜਦੋਂ ਕੋਈ ਅਧਿਕਾਰੀ ਬਣਦਾ ਸੀ ਤਾਂ ਉਸ ਨੂੰ ਮੰਤਰ ਦਿੱਤਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਵੇਲੇ ਗੁਰ ਮੰਤਰ ਦੇਣ ਦੀ ਇਹ ਵਿਧੀ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਰਾਜ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ –

**ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਗੁਰ ਸਿਖਾ ਪਿਲਾਇਆ ॥**

ਇਸ ਪ੍ਰਥਾ ਨੂੰ ਗੁਰੂ ਅਮਰਦਾਸ ਜੀ ਨੇ ਥੋੜ੍ਹਾ ਹੋਰ ਅਗੇ ਵਧਾਇਆ। ਜਿਹੜੇ, ਸਿੱਖਾਂ ਵਿਚੋਂ ਵਿਦਵਾਨ ਅਤੇ ਪੂਰਨ ਕਾਮਯਾਬ ਇਨਸਾਨ ਗੁਰਦੇਵ ਦੀ ਨਜ਼ਰ ਆਏ। ਉਨ੍ਹਾਂ ਨੂੰ ਵੀ ਇਹ ਅਧਿਕਾਰ ਦਿੱਤਾ ਗਿਆ ਕਿ ਤੁਸੀਂ ਗੁਰ ਮੰਤਰ ਦ੍ਰਿੜ੍ਹ ਕਰਵਾ ਸਕਦੇ ਹੋ। ਇਸ ਤਰ੍ਹਾਂ ਬਾਈ ਮੰਜੀਆਂ ਥਾਪੀਆਂ ਗਈਆਂ। ਪੂਰਨ ਮਰਿਆਦਾ ਨੂੰ ਸਮਝਣ ਵਾਲੀਆਂ ਗੁਰ ਸਿੱਖ ਬੀਬੀਆਂ ਨੂੰ ਸਨਮਾਨ ਦਿੱਤਾ ਗਿਆ। ਬਵੰਜਾ ਪੀੜ੍ਹੇ ਥਾਪੇ ਗਏ। ਉਨ੍ਹਾਂ ਪੀੜ੍ਹਿਆਂ ਤੇ ਬੀਬੀਆਂ, ਬੀਬੀਆਂ ਨੂੰ ਉਪਦੇਸ਼ ਕਰਦੀਆਂ ਸਨ ਅਤੇ ਗੁਰ ਸਿੱਖੀ ਦਾ ਪ੍ਰਚਾਰ ਕਰਦੀਆਂ ਸਨ।

ਸਹਿਜੇ ਸਹਿਜੇ ਉਨ੍ਹਾਂ ਥਾਪੇ ਹੋਏ ਮਸੰਦਾਂ ਦੀ ਪੂਜਾ ਪ੍ਰਤਿਸ਼ਠਾ ਬਹੁਤ ਵੱਧ ਗਈ। ਮਸੰਦ ਭ੍ਰਸ਼ਟ ਹੋਣ ਲਗ ਪਏ। ਕੁਝ ਮਸੰਦਾਂ ਨੇ ਆਪਣੇ ਆਪ ਨੂੰ ਗੁਰੂ ਅਤੇ ਪ੍ਰਮਾਤਮਾ ਅਖਵਾਉਣਾ ਸ਼ੁਰੂ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਇਸ ਪ੍ਰਥਾ ਨੂੰ ਖ਼ਤਮ ਕਰ ਦਿੱਤਾ। ਮਸੰਦਾਂ ਕੋਲੋਂ ਗੁਰ ਮੰਤਰ ਦ੍ਰਿੜ੍ਹ ਕਰਵਾਉਣ ਦੇ ਅਧਿਕਾਰ ਖੋਹ ਲਏ। ਆਖਿਆ ਕਿ ਗੁਰ ਮੰਤਰ ਦੇਣ ਦਾ ਅਧਿਕਾਰ ਹੁਣ ਪੰਥ ਨੂੰ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ, ਪੰਜ ਪਿਆਰੇ ਇਹ ਗੁਰ ਮੰਤਰ ਸਿੱਖਾਂ ਨੂੰ ਦ੍ਰਿੜ੍ਹ

ਕਰਾਉਣਗੇ। ਪੰਜ ਪਿਆਰੇ ਉਹੀ ਚੁਣੇ ਜਾਣਗੇ ਜਿਹੜੇ ਗੁਰਮਤਿ ਦੀ ਕਸਵਟੀ ਉੱਪਰ ਪੂਰੇ ਉਤਰਨਗੇ। ਗੁਰਮਤਿ ਉਤੇ ਉਹੀ ਪੂਰੇ ਹੋਣਗੇ, ਜਿਨ੍ਹਾਂ ਨੂੰ ਗੁਰਬਾਣੀ ਪਿਆਰੀ ਹੋਵੇਗੀ। ਗੁਰ ਸ਼ਬਦ ਪਿਆਰਾ ਹੋਵੇਗਾ। ਆਪ ਸ਼ਬਦ ਮੰਤਰ ਦੇ ਅਭਿਆਸੀ ਹੋਣਗੇ। ਸੋ ਅਧਿਕਾਰੀ ਦੇ ਕੋਲ ਹਮੇਸ਼ਾ ਤੋਂ ਇਹ ਵਸਤ ਰਹੀ ਹੈ।

ਗੁਰ ਮੰਤਰ ਪ੍ਰਾਪਤ ਕਰਨਾ ਹੀ ਇਕੱਲਾ ਮਿਸ਼ਨ ਨਹੀਂ ਹੈ। ਗੁਰ ਮੰਤਰ ਦਾ ਜਾਪ ਕਰਨਾ ਹੈ। ਆਪਣੇ ਆਪ ਵਿਚ ਉਤਰਨਾ ਹੈ। ਅਭਿਆਸ ਤੋਂ ਬਿਨਾ ਇਹ ਗੱਲ ਨਹੀਂ ਬਣ ਸਕਦੀ।

ਸੋ ਗੁਰ ਮੰਤਰ ਦਾ ਅਭਿਆਸ ਰਸਨਾ (ਜ਼ਬਾਨ) ਦੁਆਰਾ ਅਰੰਭ ਕਰਨਾ ਹੈ। ਵਾਹਿਗੁਰੂ! ਵਾਹਿਗੁਰੂ! ਗੁਰ ਮੰਤਰ ਦਾ ਜਾਪ ਉੱਚੀ ਅਵਾਜ਼ ਵਿਚ ਕਰਨਾ ਹੈ। ਉਸ ਅਵਾਜ਼ ਨੂੰ ਕੰਨਾਂ ਦੁਆਰਾ ਨਿਰੰਤਰ ਸੁਣਦੇ ਜਾਣਾ ਹੈ। ਇਸ ਤਰ੍ਹਾਂ ਜਾਪ ਅਤੇ ਧਿਆਨ ਦਾ ਸੁਮੇਲ ਬਣਿਆਂ ਰਹੇਗਾ।

ਬੰਦੇ ਦੇ ਸਰੀਰ ਅੰਦਰ ਇਕ ਵਿਧਾਨ ਅਨੁਸਾਰ ਕਰਤਾ ਪੁਰਖ ਦੀ ਕੁਦਰਤ ਨੇ ਛੇ ਪ੍ਰਕਾਰ ਦੀਆਂ ਕੋਠੜੀਆਂ ਬਣਾਈਆਂ ਹਨ। ਇਨ੍ਹਾਂ ਕੋਠੜੀਆਂ ਬਾਰੇ ਹੀ ਕਬੀਰ ਸਾਹਿਬ ਜੀ ਮਹਾਰਾਜ ਨੇ ਇਹ ਕਥਨ ਕੀਤਾ ਹੈ ਕਿ —

**ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ॥**
**ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ॥**

*(ਪੰਨਾ ੬੭੦)*

ਇਕ ਕੋਠੇ ਵਿਚ ਇਕ ਹੋਰ ਕੋਠੀ ਹੈ। ਉਸ ਕੋਠੀ ਅੰਦਰ ਹੋਰ ਕੋਠੜੀ ਹੈ। ਉਸ ਦੇ ਅੰਦਰ ਹੋਰ ਕੋਠੜੀ ਹੈ। ਉਸ ਦੇ ਅੰਦਰ ਹੋਰ ਕੋਠੜੀ ਹੈ। ਫਿਰ ਅਖ਼ੀਰ ਤੇ ਇਕ ਪਰਮ ਕੋਠੀ ਹੈ। ਉਸ ਕੋਠੀ ਵਿੱਚ ਉਹ ਅਨੂਪਮ ਵਸਤੂ ਹੈ। ਉਸ ਅਨੂਪਮ ਵਸਤੂ ਨੂੰ ਅਨੁਭਵ ਕਰਨ ਵਾਸਤੇ ਇਕ ਇਕ ਕੋਠੀ ਵਿਚੋਂ ਦੀ ਸੁਰਤ ਦੁਆਰਾ ਯਾਤਰਾ ਕਰਨੀ ਪਏਗੀ। ਕਿਉਂਕਿ ਸਭ ਤੋਂ ਉਪਰਲੀ ਕੋਠੀ ਦਾ ਰਸਤਾ ਇਕ ਦੂਜੀ ਕੋਠੀ ਦੇ ਵਿਚੋਂ ਦੀ ਹੋ ਕੇ ਜਾਂਦਾ ਹੈ। ਪਹਿਲਾਂ, ਸਭ ਤੋਂ ਨੀਵੀਂ ਕੋਠੀ ਵਿੱਚ ਸੁਰਤ ਨੂੰ ਪ੍ਰਵੇਸ਼ ਕਰਨਾ ਪਵੇਗਾ। ਪ੍ਰਵੇਸ਼ ਕਰਨ ਲਈ ਜਾਪ ਅੰਰਭ ਕਰਨਾ ਹੈ। ਜਾਪ ਦੀ ਅਵਾਜ਼ ਪਹਿਲਾਂ **ਮੂਲਾਧਾਰ** ਚੱਕਰ ਵਿੱਚ ਚੋਟ ਕਰਦੀ ਹੈ ਤਾਂ ਵਾਸ਼ਨਾ ਮਰਨੀ ਅਰੰਭ ਹੋ ਜਾਂਦੀ ਹੈ। **ਪ੍ਰੇਮ** ਤੇ

**ਪ੍ਰਾਰਥਨਾ** ਦੀ ਦੁਨੀਆਂ ਅਰੰਭ ਹੋ ਜਾਂਦੀ ਹੈ। ਵਾਸ਼ਨਾ ਸੰਸਾਰ ਨਾਲ ਜੋੜਦੀ ਹੈ। ਇਹ ਕਾਮ ਦਾ ਹੀ ਰਸ ਹੈ। ਪ੍ਰਾਰਥਨਾ ਕਰਤਾਰ ਨਾਲ ਜੋੜਦੀ ਹੈ। ਜਦੋਂ ਬਿਰਤੀ ਬਾਹਰ ਮੁਖੀ ਹੋਵੇਗੀ ਤਾਂ ਵਾਸ਼ਨਾ ਬਲਵਾਨ ਹੋਵੇਗੀ। ਜਦੋਂ ਬਿਰਤੀ ਅੰਤਰਮੁਖੀ ਹੋਵੇਗੀ ਤਾਂ ਪ੍ਰਾਰਥਨਾ ਹੋਵੇਗੀ। ਵਾਸ਼ਨਾ, ਮਨ ਦਾ ਖਿੰਡਾਉ ਹੈ ਅਤੇ ਪ੍ਰਾਰਥਨਾ ਮਨ ਦਾ ਟਿਕਾਉ ਹੈ। ਸੋ ਜਦੋਂ, ਸੁਰਤ ਮੂਲਾਧਾਰ ਕੋਠੜੀ ਵਿੱਚ ਪ੍ਰਵੇਸ਼ ਕਰ ਗਈ ਤਾਂ ਵਾਸ਼ਨਾ ਸਮਾਪਤ ਹੋ ਜਾਏਗੀ। ਵਾਸ਼ਨਾ ਦੇ ਸਮਾਪਤ ਹੋਣ ਨਾਲ ਹੀ ਮਨ ਦਾ ਬਹੁਤ ਵੱਡਾ ਬੋਝ ਹਲਕਾ ਹੋ ਜਾਂਦਾ ਹੈ। ਸੋ ਇਸ ਢੰਗ ਨਾਲ ਸਿਮਰਨ ਜਾਰੀ ਰਖਣਾ ਹੈ। ਯਾਨੀ ਕਿ ਮੂਲ ਸ਼ਕਤੀ ਦੇ ਸੋਮੇ ਤਕ ਜਾਣ ਵਾਸਤੇ—

**ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥**

*(ਪੰਨਾ ੭੫੮)*

# ਕਾਮ ਰਸ, ਰਾਮ ਰਸ ਅਤੇ ਕੁਦਰਤ ਦੀ ਕਲਾ

ਨਾਭੀ ਦੇ ਥੱਲੇ ਜਿਥੇ ਕਾਮਨਾ ਦਾ ਮਰਕਜ਼ (ਕੇਂਦਰ) ਹੈ, ਯਾਨੀ ਕਿ ਕਾਮ ਕੇਂਦਰ ਹੈ। ਉਥੇ ਹੀ ਪਹਿਲਾ ਚੱਕਰ ਹੈ। ਇਸ ਚੱਕਰ ਦਾ ਨਾਮ ਮੂਲਾਧਾਰ ਹੈ। ਇਸ ਮੂਲਾਧਾਰ ਨੂੰ ਨਾਭੀ ਦੇ ਕੋਲ ਮੰਨਿਆ ਗਿਆ ਹੈ। ਇਥੋਂ ਹੀ ਸਾਡੀ ਸ਼ਕਤੀ ਸੈਭੰ ਕਾਮਨਾ ਵਿਚ ਖ਼ਰਚ ਹੁੰਦੀ ਰਹਿੰਦੀ ਹੈ। ਮੂਲ ਆਧਾਰ ਤੋਂ ਥੱਲੇ ਦੀ ਦੁਨੀਆਂ ਕਾਮ ਰਸ ਦੀ ਦੁਨੀਆਂ ਹੈ। ਛੇ ਚੱਕਰਾਂ ਤੋਂ ਥਲੇ ਦੀ ਦੁਨੀਆਂ, ਕਾਮਨਾ ਦੀ ਦੁਨੀਆਂ ਹੈ। ਇਸ ਦੁਨੀਆਂ ਵਿੱਚ ਸਭ ਜੀਵ ਪਸ਼ੂ, ਪੰਖੀ, ਬਨਸਪਤੀ ਆਦਿ ਜਿਊਂਦੇ ਹਨ। ਇਹ ਪ੍ਰਾਕ੍ਰਿਤਕ ਜੀਵਨ ਹੈ ਅਤੇ ਆਪਣੇ ਆਪ ਚਲਦਾ ਹੈ। ਇਨ੍ਹਾਂ ਛੇ ਚੱਕਰਾਂ ਤੋਂ ਉਪਰ ਕਾਮ ਰਸ ਦੀ ਦੁਨੀਆਂ ਹੈ। ਜੇ ਸਾਡੀ ਚੇਤਨਾ ਨਾਭੀ ਤੋਂ ਥੱਲੇ ਦੀ ਤਰਫ਼ ਹੈ ਤਾਂ ਇਹ ਸਭ ਕਾਮ ਰਸ ਹੈ। ਭਾਵੇਂ ਉਹ ਅੱਖਾਂ ਨਾਲ ਵੇਖਣ ਦਾ ਰਸ ਹੈ। ਕੰਨਾਂ ਨਾਲ ਸੁਣਨ ਦਾ ਰਸ ਹੈ। ਭੋਜਨ ਦਾ ਜ਼ਬਾਨ ਨਾਲ ਸਪਰਸ਼ ਦਾ ਰਸ ਹੈ। ਖਾ ਕੇ, ਬੋਲ ਕੇ, ਜਾਂ ਸਪਰਸ਼ ਕਰਕੇ ਜੋ ਰਸ ਬਣਦਾ ਹੈ, ਉਹ ਸਭ ਕਾਮ ਰਸ ਹੀ ਹੈ। ਉਹ ਬਕਾਇਦਾ ਇਕ ਰਸ। ਪਰ ਕਾਮਨਾ ਦਾ ਰਸ ਹੈ। ਕਰੀਬਨ ਕਰੀਬਨ ਸਾਰੀ ਜ਼ਿੰਦਗੀ ਕਾਮਨਾ ਦੇ ਰਸ ਵਿਚ ਹੀ ਬਤੀਤ ਹੋ ਜਾਂਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਕਾਮ ਦਾ ਰਸ, ਸੁਤਿਆਂ ਸੁਤਿਆਂ ਵੀ ਮਾਣਿਆ ਜਾ ਸਕਦਾ ਹੈ। ਜੀਵਨ ਸੁੱਤਾ ਪਿਆ ਹੈ। ਪਰ ਬੰਦਾ ਕਾਮ ਰਸ ਵਿਚ ਗ਼ਲਤਾਨ ਹੈ। ਇਹ ਜੋ ਸਭ ਇੰਦਰਿਆਂ ਦਾ ਰਸ ਹੈ। ਇਹ ਸਭ ਕਾਮ ਰਸ ਹੈ।

ਇੰਦਰਿਆਂ ਦੇ ਰਸ ਵਿਚ ਗ਼ਲਤਾਨ ਰਹਿਣ ਵਾਲੇ ਨੂੰ ਹੀ ਇੰਦਰ ਆਖਿਆ ਜਾਂਦਾ ਹੈ। ਇਸ ਵਹਿਮ ਵਿਚ ਨਹੀਂ ਰਹਿਣਾ ਚਾਹੀਦਾ ਕਿ ਕੋਈ ਇੰਦਰ ਦੇਵਤਾ ਹੈ। ਜਾਂ ਕਿਸੇ ਇੰਦਰ ਦੇਵਤੇ ਨੇ ਅਕਾਸ਼ਾਂ ਵਿਚ ਇੰਦਰਪੁਰੀ ਵਸਾਈ ਹੋਈ ਹੈ। ਉਥੇ ਕੋਈ ਅਪਸਰਾ ਨਿਰਤ ਕਰਦੀਆਂ ਹਨ ਜਾਂ ਕਿੰਨਰ ਗੰਧਰਬ ਆਦਿ ਗਾਇਨ ਕਰਦੇ ਹਨ। ਕੋਈ ਸਵਰਗ ਪੁਰੀ ਨਹੀਂ ਹੈ। ਨਾ ਕੋਈ ਇੰਦਰ ਦੇਵਤਾ ਹੈ। ਦਰ ਅਸਲ ਮੂਲ ਗੱਲ ਇੰਨੀ ਹੈ ਕਿ ਜਿਹੜਾ ਬੰਦਾ ਇੰਦਰਿਆਂ ਦੇ ਰਸ ਵਿਚ ਜਿਊ ਰਿਹਾ ਹੈ, ਉਹ ਇੰਦਰ ਹੈ। ਜਿਸ ਕੋਲ

ਇੰਦਰਿਆਂ ਦੇ ਸਾਰੇ ਰਸ ਮੌਜੂਦ ਹਨ, ਉਹ ਇੰਦਰ ਹੈ। ਗੀਤ ਸੰਗੀਤ ਕੰਨਾਂ ਨਾਲ ਸੁਣ ਕੇ ਮਸਤੀ ਲੈ ਰਿਹਾ ਹੈ। ਅੱਖਾਂ ਨਾਲ ਵੇਖ ਕੇ ਰੂਪ ਦੀ ਮਸਤੀ ਮਾਣ ਰਿਹਾ ਹੈ। ਜ਼ਬਾਨ ਨਾਲ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਦਾ ਰਸ ਲੈ ਰਿਹਾ ਹੈ। ਤਰ੍ਹਾਂ ਤਰ੍ਹਾਂ ਦੀਆਂ ਸੁਗੰਧੀਆਂ ਦਾ ਰਸ ਲੈ ਰਿਹਾ ਹੈ। ਸਪਰਸ਼ ਦੁਆਰਾ ਚਮੜੀ ਦਾ ਰਸ ਲੈ ਰਿਹਾ ਹੈ। ਇਨ੍ਹਾਂ ਸਾਰੇ ਰਸਾਂ ਵਿੱਚ ਡੁਬੇ ਹੋਏ ਨੂੰ ਹੀ ਇੰਦਰ ਆਖਿਆ ਜਾਂਦਾ ਹੈ। ਸੰਸਾਰ ਨੂੰ ਇਨ੍ਹਾਂ ਇੰਦਰਿਆਂ ਦਾ ਸੁਖ ਹੀ, ਸਵਰਗ ਲਗਦਾ ਹੈ। ਪਰ ਸੰਤ ਤਾਂ ਇਨ੍ਹਾਂ ਸੁੱਖਾਂ ਤੋਂ ਉੱਚਾ ਹੁੰਦਾ ਹੈ।

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥**
**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥੧੨੦॥**

*(ਪੰਨਾ ੧੩੭੦)*

ਸੰਸਾਰ ਦਾ ਸੁਖ ਇੰਦਰਿਆਂ ਦਾ ਸੁਖ ਹੈ। ਪਰ ਸੰਤ ਲੋਕ ਇਸ ਸੁਖ ਤੋਂ ਉੱਚੇ ਹੁੰਦੇ ਹਨ। ਸੰਤ ਦੁਖ ਤੋਂ ਤਾਂ ਉੱਚਾ ਉਠਦਾ ਹੀ ਹੈ। ਸੰਤ ਸੁਖ ਤੋਂ ਵੀ ਉੱਚਾ ਉਠ ਜਾਂਦਾ ਹੈ। ਸੰਤ ਨੂੰ ਦੁਖ ਵੀ ਦੁਖੀ ਨਹੀਂ ਕਰਦੇ ਅਤੇ ਸੁਖਾਂ ਨਾਲ ਕੋਈ ਸਨੇਹ ਨਹੀਂ ਹੁੰਦਾ।

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥**

*(ਪੰਨਾ ੬੩੩)*

ਦੁਖ ਨਰਕ ਹੈ ਤੇ ਸੁਖ ਸਵਰਗ ਹੈ। ਸੰਤ ਦੋਵਾਂ ਤੋਂ ਉੱਚਾ ਉਠਦਾ ਹੈ। ਭਗਤ ਕਬੀਰ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਸੁਰਗ ਨਰਕ ਤੋਂ ਉਚੀ ਕੋਈ ਹੋਰ ਦੁਨੀਆਂ ਹੈ। ਉਹ ਚਰਨ ਕਮਲਾਂ ਦੀ ਮੌਜ ਹੈ। ਉਹ ਧੁਰ ਕੇਂਦਰੀ ਮਿਲਾਪ ਹੈ। ਉਹ ਆਦਿ ਅੰਤ ਦਾ ਮਿਲਾਪ ਹੈ।

**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥**

*(ਪੰਨਾ ੧੩੭੦)*

ਭਾਵ ਕਿ ਪ੍ਰਮਾਤਮਾ ਦੀ ਸ਼ਰਨ ਨਸੀਬ ਹੋ ਗਈ ਹੈ। ਪਰਮਜੋਤ ਦਾ ਮਿਲਣ ਨਸੀਬ ਹੋ ਗਿਆ ਹੈ।

ਸੋ ਉਹ ਜੋ ਸਾਡੀ ਜੀਵਨ ਚੇਤਨਾ ਹੈ। ਜੋ ਕਾਮ ਰਸ ਵਿਚ ਲੀਨ ਹੈ। ਉਸ ਨੂੰ ਚਰਨ ਕਮਲ ਦੀ ਮੌਜ ਵਿਚ ਲਿਆਉਣਾ ਹੈ। ਉਹ ਚੇਤਨਾ ਨਾਭੀ ਦੇ ਥੱਲੇ ਸੁੱਤੀ ਹੈ। ਉਸ ਦੇ ਸੁੱਤੀ ਹੋਣ ਦੀ ਇਹੋ ਪਛਾਣ ਹੈ ਕਿ ਇੰਦਰਿਆਂ ਦੇ ਰਸ ਵਿਚ ਗ਼ਲਤਾਨ ਹੈ।

**ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥**
**ਸਾਬਤੁ ਵਸਤੁ ਓਹੁ ਅਪਨੀ ਲਹੈ॥** *(ਪੰਨਾ ੧੮੨)*

ਮਨੁੱਖਾ ਸਰੀਰ ਪ੍ਰਾਪਤ ਕਰਕੇ ਵੀ ਕੋਈ ਕੋਈ ਕਦੇ ਜਾਗਦਾ ਹੈ। ਵਰਨਾ ਸਾਰੀ ਦੁਨੀਆਂ ਸੁੱਤੀ ਪਈ ਹੈ। ਸਾਰਾ ਜਗਤ ਸੁੱਤਾ ਪਿਆ ਹੈ। ਕੋਈ ਵਿਰਲਾ ਜਾਗਿਆ ਹੋਇਆ ਮਿਲੇਗਾ। ਕੋਈ ਕੋਈ ਵਿਰਲਾ ਮਨੁੱਖ ਮਿਲੇਗਾ। ਜਾਗੇ ਹੋਏ ਮਨੁੱਖ ਦੀ ਪਛਾਣ ਹੈ ਕਿ ਉਹ ਹੋਰਨਾਂ ਨੂੰ ਵੀ ਜਗਾ ਦੇਵੇਗਾ। ਆਪਣੀ ਵਸਤੂ ਸਾਬਤ ਸੂਰਤ ਪ੍ਰਾਪਤ ਕਰੇਗਾ। ਸਾਬਤ ਵਸਤੂ ਤੋਂ ਭਾਵ ਕਿ, ਪ੍ਰਮਾਤਮਾ। ਸਾਬਤ ਵਸਤੂ ਯਾਨੀ ਕਿ ਕਰਤਾਰ ਦਾ ਰਸ। ਰਾਮ ਰਸੁ। ਸੰਸਾਰ ਤੋ ਉੱਚਾ ਰਸ। ਸੰਸਾਰ ਦਾ ਰਸ, ਸਾਬਤ ਰਸ ਨਹੀਂ। ਬੜਾ ਖਿਲਰਿਆ ਪੁਲਰਿਆ ਰਸ ਹੈ। ਵੱਖ ਵੱਖ ਇੰਦਰਿਆਂ ਦਾ ਰਸ ਹੈ। ਟੁੱਟੀਆਂ ਹੋਈਆਂ ਵਸਤੂਆਂ, ਯਾਨੀ ਇੰਦਰਿਆਂ ਦਾ ਰਸ ਹੈ। ਸਾਬਤ ਵਸਤੂ, ਰਾਮ ਰਸ ਹੈ। ਗੁਰਮਤਿ ਦਾ ਕਥਨ ਹੈ ਕਿ ਕੋਈ ਵਿਰਲਾ ਹੈ ਜੋ ਨਾਮ ਰਸ ਨੂੰ ਪੀਵੇ। ਕਰੀਬਨ ਸਾਰਾ ਜਗਤ ਇੰਦਰਿਆਂ ਦੇ ਰਸ ਨੂੰ ਪੀ ਕੇ, ਇੰਦਰ ਬਣਿਆ ਹੈ। ਰਾਮ ਰਸ ਪੀ ਕੇ ਕੋਈ ਵਿਰਲਾ ਹੀ ਮਹਾਪੁਰਖ ਇੰਦਰਿਆਂ ਦੇ ਰਸ ਤੋਂ ਉੱਚਾ ਉਠਿਆ ਹੈ। ਸਾਰੇ ਦੇ ਸਾਰੇ ਇੰਦਰ ਬਣੇ ਹਨ। ਇੰਦਰ ਦਾ ਮਤਲਬ, ਜੋ ਇੰਦਰਿਆਂ ਦੇ ਰਸ ਵਿਚ ਮਸਤ ਹੈ। ਮਿਥਿਹਾਸਕ ਜੋ ਕਥਾ ਹੈ ਕਿ ਇੰਦਰ ਦੇਵਤਾ ਸੁਰਗਾਂ ਦਾ ਰਾਜਾ ਹੈ। ਉਹ ਕਰਦਾ ਕੀ ਰਿਹਾ ਹੈ? ਗੁਰਬਾਣੀ ਦਾ ਬਿਆਨ ਹੈ ਕਿ ਗੋਤਮ ਰਿਖੀ ਬੜਾ ਮਹਾਨ ਤਪਸਵੀ ਸੀ। ਉਸ ਦੀ ਧਰਮ ਪਤਨੀ ਅਹਲਿਆ, ਬੜੀ ਸੁੰਦਰ ਇਸਤਰੀ ਸੀ। ਉਸ ਦੀ ਸੁੰਦਰਤਾ ਨੂੰ ਦੇਖ ਕੇ ਇੰਦਰ ਦੇਵ ਕਾਮ ਵੱਸ ਹੋ ਗਿਆ। ਧੋਖੇ ਨਾਲ ਉਸ ਦਾ ਸਤ ਵੀ ਭੰਗ ਕੀਤਾ—

**ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥**
**ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥੧॥**
*(ਪੰਨਾ ੧੩੪੪)*

ਇੰਦਰ ਦੇਵਤੇ ਦੀਆਂ ਜਿਹੜੀਆਂ ਕਹਾਣੀਆਂ ਬਣੀਆਂ ਹੋਈਆਂ ਹਨ। ਇਹ ਦਸਦੀਆਂ ਹਨ ਕਿ ਇੰਦਰ ਸਿਰਫ਼ ਇੰਦਰਿਆਂ ਦੇ ਰਸ ਦਾ ਹੀ ਦੇਵਤਾ ਸੀ। ਪੁਰਾਣੇ ਜ਼ਮਾਨੇ ਵਿਚ ਆਦਮੀ ਦਾ ਸੁਭਾਅ ਵੇਖ ਕੇ ਹੀ ਉਸ ਦਾ ਨਾਮ ਪੱਕ ਜਾਂਦਾ ਸੀ। ਜਾਪਦਾ ਹੈ ਕਿ ਇੰਦਰ ਦੇਵਤੇ ਨੂੰ ਇੰਦਰਿਆਂ ਦੇ ਰਸ ਵਿੱਚ ਜਿਊਂਦਾ ਦੇਖ ਕੇ ਹੀ ਉਸ ਦਾ ਨਾਮ ਇੰਦਰ ਦੇਵਤਾ ਪੱਕ ਗਿਆ ਹੋਵੇਗਾ।

# ਪਹਿਲੀ ਝਲਕ ਅਤੇ ਕੁਦਰਤ ਦੀ ਕਲਾ

ਅਭਿਆਸ ਦੁਆਰਾ, ਜਦੋਂ ਜੀਵਨ ਚੇਤਨਾ ਮੂਲਾਧਾਰ ਚੱਕਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਸਭ ਤੋਂ ਪਹਿਲਾਂ ਇੰਦਰਿਆਂ ਦਾ ਰਸ ਖ਼ਤਮ ਹੁੰਦਾ ਹੈ। ਵਾਸ਼ਨਾ ਮਰਦੀ ਹੈ। ਕਾਮ ਰਸ ਖ਼ਤਮ ਹੋ ਜਾਂਦਾ ਹੈ। ਕਾਮਨਾ ਕੋਈ ਨਹੀਂ ਰਹਿੰਦੀ। ਹੁਣ ਉਹ ਆਦਮੀ ਭੋਜਨ ਖਾਵੇਗਾ, ਪਰ ਰਸ ਵਾਸਤੇ ਨਹੀਂ। ਸਿਰਫ਼ ਭੁਖ ਪੂਰਤੀ ਵਾਸਤੇ। ਹੁਣ ਉਹ ਅਭਿਆਸੀ ਆਦਮੀ ਸੰਸਾਰ ਦੇ ਰੂਪ ਵਿਚੋਂ ਕਰਤਾਰ ਦਾ ਨੂਰ ਦੇਖੇਗਾ। ਹੁਣ ਉਸ ਦਾ ਹਰੇਕ ਇੰਦਰਾ ਸੀਮਾ ਵਿਚ ਕੰਮ ਕਰੇਗਾ। ਕਬੀਰ ਸਾਹਿਬ ਨੇ ਇਸੇ ਅਵਸਥਾ ਦਾ ਜ਼ਿਕਰ ਕਰਦੇ ਹੋਏ ਬਿਆਨ ਕੀਤਾ ਹੈ ਕਿ —

**ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥** *(ਪੰਨਾ ੪੭੭)*

ਦੋ ਪਸ਼ੂ ਬੜੇ ਕਾਮੀ ਮੰਨੇ ਗਏ ਹਨ। ਹਾਥੀ ਅਤੇ ਘੋੜਾ। ਕਾਮੀ ਪੁਰਸ਼ ਨੂੰ ਹਮੇਸ਼ਾ ਗਧੇ ਅਤੇ ਹਾਥੀ ਨਾਲ ਹੀ ਤਸ਼ਬੀਹ ਦਿੱਤੀ ਜਾਂਦੀ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਮੇਰੇ ਅੰਦਰ ਜਿਹੜੀ ਕਾਮੀ ਬਿਰਤੀ ਦਾ ਗਧਾ ਸੀ, ਹੁਣ ਉਸ ਨੇ —

**ਪਹਿਰਿ ਚੋਲਨਾ ਗਦਹਾ ਨਾਚੈ...॥** *(ਪੰਨਾ ੪੭੭)*

ਭਾਵ ਕਿ ਉਸ ਬਿਰਤੀ ਨੇ ਸ਼ਰਮ, ਹਯਾ ਦਾ ਚੋਲਾ ਪਾ ਲਿਆ ਹੈ। ਸ਼ਰਮ ਹਯਾ ਦਾ ਚੋਲਾ ਨਾ ਹੋਵੇ ਤਾਂ ਕਾਮੀ ਬੰਦਾ ਤਾਂ ਬੇ-ਸ਼ਰਮ ਹੁੰਦਾ ਹੈ। ਸ਼ਰਮ ਹਯਾ ਦੇ ਚੋਲੇ ਤੋਂ ਬਿਨਾ ਕਿੰਨਾ ਵੀ ਕੀਮਤੀ ਸੂਟ ਪਾਇਆ ਹੋਵੇ, ਉਹ ਫਿਰ ਵੀ ਨੰਗਾ ਹੀ ਰਹੇਗਾ। ਲੋਕ ਉਸ ਨੂੰ ਬਦਮਾਸ਼ ਕਹਿੰਦੇ ਹਨ। ਕਬੀਰ ਸਾਹਿਬ ਕਹਿੰਦੇ ਹਨ ਕਿ ਜਦੋਂ ਅੰਦਰੋਂ ਕਾਮੀ ਬਿਰਤੀ ਸੀਮਾ ਵਿਚ ਹੋਵੇ ਤਾਂ ਬੰਦਾ ਨੰਗਾ ਨਹੀਂ ਹੋਵੇਗਾ।

ਸੋ ਜਦੋਂ ਸ਼ਬਦ (ਮੰਤਰ) ਦੇ ਅਭਿਆਸ ਨਾਲ, ਅੰਦਰੋਂ ਪਰਮ-ਸ਼ਕਤੀ ਜਾਗਦੀ ਹੈ ਤਾਂ ਕਾਮ ਵਾਸ਼ਨਾ ਦਾ ਸੰਸਾਰ ਖ਼ਤਮ ਹੋ ਜਾਂਦਾ ਹੈ। ਵਾਸ਼ਨਾ

ਪਹਿਲੇ ਪੜਾਅ ਵਿਚ ਹੀ ਖ਼ਤਮ ਹੋ ਜਾਂਦੀ ਹੈ। ਲੱਜਾ ਅਤੇ ਸ਼ਰਮ ਹਯਾ ਦੀ ਦੁਨੀਆਂ ਸ਼ੁਰੂ ਹੋ ਜਾਂਦੀ ਹੈ। ਇਹ ਪਹਿਲੀ ਪਉੜੀ ਹੈ। ਅਜੇ ਰੱਬ ਦਾ ਮਿਲਾਪ ਨਹੀਂ ਹੈ। ਅਜੇ ਪੰਜ ਚੱਕਰ ਹੋਰ ਹਨ। ਯਾਨੀ ਕਿ ਯਾਤਰਾ ਅਜੇ ਛੇਵਾਂ ਹਿੱਸਾ ਵੀ ਪੂਰੀ ਨਹੀਂ ਹੋਈ। ਪਹਿਲੇ ਚੱਕਰ ਤੇ ਵਾਸ਼ਨਾ ਖ਼ਤਮ ਹੁੰਦੀ ਹੈ। ਸੰਸਾਰ ਦੀ ਖਿੱਚ ਨਹੀਂ ਰਹਿੰਦੀ। ਕਿਉਂਕਿ ਕੁੰਡਲਨੀ (ਜੀਵਨ ਚੇਤਨਾ) ਜਾਗ ਪਈ ਹੈ। ਉਪਰ ਉਠ ਪਈ ਹੈ। ਜੀਵਨ ਸ਼ਕਤੀ ਥੱਲੇ ਦੀ ਤਰਫ਼ ਜਾਵੇ ਤਾਂ ਜਗਤ ਦੀ ਖਿੱਚ ਪੈਦਾ ਹੁੰਦੀ ਹੈ। ਕਾਮ ਰਸ ਦਾ ਜ਼ੋਰ ਵਧਦਾ ਹੈ। ਕਿਉਂਕਿ ਪਾਣੀ ਨਿਵਾਣ ਵੱਲ ਆਪਣੇ ਆਪ ਜਾਂਦਾ ਹੈ। ਸਾਡੀ ਚੇਤਨਾ ਸੁਤੇ ਹੀ ਨਿਵਾਣ ਦੀ ਤਰਫ਼ ਜਾਂਦੀ ਹੈ। ਉਪਰ ਉਠਾਉਣ ਲਈ ਕੋਈ ਸਾਧਨਾ ਚਾਹੀਦੀ ਹੈ। ਸਾਧਨਾ ਤੋਂ ਬਿਨਾ ਚੇਤਨਾ ਨਾਹੀ ਜਾਗਦੀ ਹੈ ਅਤੇ ਨਾਹੀ ਉਪਰ ਉਠਦੀ ਹੈ। ਸੋ ਜਦੋਂ ਚੇਤਨਾ ਜਾਗਦੀ ਹੈ, ਤਾਂ ਪਹਿਲੇ ਚੱਕਰ ਵਿਚ ਹੀ ਵਾਸ਼ਨਾ ਖ਼ਤਮ ਹੋ ਜਾਂਦੀ ਹੈ। ਇਹ ਕੁੰਡਲਨੀ ਦੇ ਜਾਗਣ ਦੀ ਨਿਸ਼ਾਨੀ ਹੈ।

# ਦੂਜੀ ਝਲਕ
# ਅਤੇ
# ਕੁਦਰਤ ਦੀ ਕਲਾ

ਦੂਜੇ ਚੱਕਰ ਦਾ ਨਾਮ ਸਵਾਧਿਸ਼ਟਾਨ ਹੈ। ਜਦੋਂ ਸਾਡੀ ਚੇਤਨਾ ਕੁੰਡਲਨੀ ਦੇ ਦੂਜੇ ਚੱਕਰ ਨੂੰ ਵਿੰਨ੍ਹਦੀ ਹੈ। ਯਾਨੀ ਕਿ ਸਵਾਧਿਸ਼ਟਾਨ ਚੱਕਰ ਵਿਚ ਪ੍ਰਵੇਸ਼ ਕਰਦੀ ਹੈ, ਤਾਂ ਮਨੁੱਖ ਦੀ ਹਾਲਤ ਨਿਰਭਉ ਅਤੇ ਨਿਰਵੈਰ ਬਣਦੀ ਹੈ। ਦੂਜੇ ਅਰਥਾਂ ਵਿੱਚ ਮਨੁੱਖ ਨਿਡਰ ਹੋ ਜਾਂਦਾ ਹੈ ਅਤੇ ਮੌਤ ਦਾ ਗਿਆਨ ਹੁੰਦਾ ਹੈ। ਦਰ ਅਸਲ ਸਭ ਤੋਂ ਵੱਡਾ ਡਰ ਤਾਂ ਮੌਤ ਦਾ ਹੈ। ਮੌਤ ਬਾਰੇ ਪੂਰੀ ਜਾਣਕਾਰੀ ਚੇਤਨਾ ਨੂੰ ਕੁੰਡਲਨੀ ਦੇ ਦੂਜੇ ਚੱਕਰ ਸਵਾਧਿਸ਼ਟਾਨ ਵਿਚ ਪ੍ਰਵੇਸ਼ ਕਰਕੇ ਆਉਂਦੀ ਹੈ। ਜਦੋਂ ਚੇਤਨਾ ਦੂਜੇ ਚੱਕਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਬੰਦਾ ਉਸੇ ਵਕਤ ਬੇ-ਫ਼ਿਕਰ ਹੋਣ ਲਗਦਾ ਹੈ। ਦਰ ਅਸਲ ਇਹ ਅਹਿਸਾਸ ਦਾ ਰਸ ਹੈ। ਕਥਨ ਤਾਂ ਸਿਰਫ਼ ਉਪਰਲੀ ਗੱਲ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਅਵਸਥਾ ਦਾ ਜ਼ਿਕਰ ਬੜਾ ਵਧੀਆ ਕੀਤਾ ਹੈ —

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥** *(ਪੰਨਾ ੪੭੩)*

ਜਾਂ

**ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥**
*(ਪੰਨਾ੭੧੧)*

ਜਿਸ ਮਨੁੱਖ ਦੀ ਚੇਤਨਾ ਸਵਾਧਿਸ਼ਟਾਨ ਚੱਕਰ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਉਹ ਪੁਰਸ਼ ਏਨਾ ਬੇ-ਖ਼ੌਫ਼ ਹੋ ਚੁੱਕਾ ਹੁੰਦਾ ਹੈ ਕਿ ਮੌਤ ਦੀ ਇੰਤਜ਼ਾਰ ਕਰਦਾ ਹੈ। ਸੋਚਦਾ ਹੈ ਕਿ ਜਿਹੜੀ ਮੌਤ ਕੱਲ੍ਹ ਨੂੰ ਆਉਣੀ ਹੈ, ਉਹ ਭਾਵੇਂ ਅੱਜ ਹੀ ਆ ਜਾਵੇ। ਮਨੁੱਖ ਨੂੰ ਮੌਤ ਦਾ ਡਰ ਤਾਂ ਇਸ ਵਾਸਤੇ ਹੈ ਕਿ ਕਾਮਨਾ ਅਤੇ ਵਾਸ਼ਨਾਵਾਂ ਪੂਰੀਆਂ ਨਹੀਂ ਹੋਈਆਂ। ਸਵਾਧਿਸ਼ਟਾਨ ਵਿਚ ਜਿਊਣ ਵਾਲਾ ਪੁਰਸ਼ ਵਾਸ਼ਨਾਵਾਂ ਤੋਂ ਬਹੁਤ ਅਗੇ ਨਿਕਲ ਚੁੱਕਾ ਹੁੰਦਾ

ਹੈ। ਉਂਝ ਮੌਤ ਅਨੇਕਾਂ ਪ੍ਰਕਾਰ ਨਾਲ ਮਨੁੱਖ ਉਪਰ ਵਾਪਰਦੀ ਹੈ।

ਮਨੁੱਖ ਕੋਲੋਂ ਸਾਰਾ ਧਨ ਖ਼ਤਮ ਹੋ ਜਾਏ। ਬਾਹਰੋਂ ਕਿਤੋਂ ਆਵੇ ਵੀ ਨਾ। ਲੋਕਾਂ ਦਾ ਕਰਜ਼ਾ ਦੇਣਾ ਹੋਵੇ। ਦੇਣਾ ਸਾਰਿਆਂ ਦਾ ਹੋਵੇ। ਲੈਣਾ ਕਿਤੋਂ ਵੀ ਨਾ ਹੋਵੇ। ਤਾਂ ਸਮਝੋ ਬੰਦਾ ਦੀਵਾਲੀਆ ਹੈ। **ਆਰਥਿਕ ਮੌਤ** ਹੋ ਚੁਕੀ ਹੈ। ਇਸੇ ਵਾਸਤੇ ਬੰਦਾ ਧਨ ਇਕੱਠਾ ਕਰਦਾ ਹੈ। ਧਨ ਦੇ ਗਵਾਚ ਜਾਣ ਦਾ ਵੀ ਬੰਦੇ ਨੂੰ ਤਾਂ ਹੀ ਡਰ ਹੈ ਕਿ ਕਿਤੇ ਆਰਥਕ ਮੌਤ ਨਾ ਹੋ ਜਾਵੇ।

ਬੰਦਾ ਸਮਾਜ ਵਿੱਚ ਬੜੀ ਇੱਜ਼ਤ ਬਨਾਉਣ ਦਾ ਯਤਨ ਕਰਦਾ ਹੈ। ਹਰ ਹਾਲਤ ਕਲੰਕ ਤੋਂ ਬਚਣਾ ਚਾਹੁੰਦਾ ਹੈ। ਜੇ ਕਲੰਕ ਲਗ ਗਿਆ ਤਾਂ ਸਮਝੋ **ਸਮਾਜਿਕ ਮੌਤ** ਹੋਏਗੀ। ਬੰਦਾ ਡਰਦਾ ਸਮਾਜ ਕੋਲੋਂ ਇਸੇ ਵਾਸਤੇ ਹੈ। ਕਿਉਂਕਿ ਸਮਾਜਿਕ ਮੌਤ ਦਾ ਡਰ ਹੈ।

ਸਰੀਰ ਵਿਚ ਚਲਦੇ ਹੋਏ ਸੁਆਸ ਰੁਕ ਜਾਣ ਤਾਂ ਸਰੀਰਕ ਮੌਤ ਹੋ ਜਾਂਦੀ ਹੈ।

ਮਨ ਵਿਚੋਂ ਚਲਦੇ ਹੋਏ ਫੁਰਨੇ ਰੁਕ ਜਾਣ ਤਾਂ **ਮਾਨਸਿਕ ਮੌਤ** ਹੋ ਜਾਂਦੀ ਹੈ। ਦਿਮਾਗ਼ ਵਿਚੋਂ ਅਕਲ ਕੰਮ ਕਰਨਾ ਛੱਡ ਦੇਵੇ ਤਾਂ ਬੌਧਿਕ ਮੌਤ ਹੋ ਜਾਂਦੀ ਹੈ। ਦਿਮਾਗੀ ਮੌਤ ਇਸੇ ਨੂੰ ਕਹਿੰਦੇ ਹਨ। ਜਿਹੜੇ ਪਾਗ਼ਲ ਹੁੰਦੇ ਹਨ, ਉਨ੍ਹਾਂ ਦਾ ਦਿਮਾਗ਼ ਮਰ ਚੁਕਾ ਹੁੰਦਾ ਹੈ। ਸਰੀਰ ਹੈ, ਪਰ ਦਿਮਾਗ਼ ਦੀ ਮੌਤ ਹੋ ਚੁਕੀ ਹੈ। ਪਾਗ਼ਲ ਹਮੇਸ਼ਾ ਕਿਸੇ ਇਕ ਵਿਚਾਰ ਤੇ ਕੇਂਦਰਤ ਹੋ ਜਾਂਦਾ ਹੈ। ਰੋਂਦਾ ਪਿਆ ਹੈ, ਤਾਂ ਰੋਈ ਹੀ ਜਾਵੇਗਾ। ਨਾ ਕੋਈ ਕਾਰਨ ਤੇ ਨਾ ਕੋਈ ਮਤਲਬ। ਪਾਗ਼ਲ ਦੌੜ ਰਿਹਾ ਹੈ ਤਾਂ ਦੌੜਦਾ ਹੀ ਜਾਵੇਗਾ, ਪਰ ਕੋਈ ਮੰਜ਼ਲ ਨਹੀਂ। ਪਾਗ਼ਲ ਦਾ ਕੋਈ ਸੈਂਟਰਲ ਆਈਡੀਆ ਨਹੀਂ ਹੈ। ਕਿਉਂਕਿ ਅੰਦਰ ਸੋਚਣੀ ਨਹੀਂ ਹੈ। ਦਿਮਾਗ਼ ਮਰ ਗਿਆ ਹੈ। ਇਸ ਨੂੰ **ਬੌਧਿਕ ਮੌਤ** ਕਿਹਾ ਜਾ ਸਕਦਾ ਹੈ।

ਜੇਕਰ ਰੱਬ ਦਾ ਸਿਮਰਨ ਨਾ ਚਲੇ ਤਾਂ **ਰੂਹਾਨੀ ਮੌਤ** ਹੋ ਜਾਂਦੀ ਹੈ। ਰੂਹਾਨੀ ਤੌਰ ਤੇ ਕਰੀਬਨ ਦੁਨੀਆ ਬੀਮਾਰ ਹੈ। ਹਰ ਬਿਮਾਰੀ ਦੁਖ ਨੂੰ ਜਨਮ ਦੇਂਦੀ ਹੈ। ਰੂਹਾਨੀ ਰੂਪ ਵਿਚ ਸਾਰਾ ਸੰਸਾਰ ਦੁਖੀ ਨਜ਼ਰ ਆਉਂਦਾ ਹੈ। ਘਰ ਵਿੱਚ ਸੁੱਖਾਂ ਦੇ ਸਾਧਨ ਸਾਰੇ ਹੋਣ ਦੇ ਬਾਵਜੂਦ ਵੀ ਮਨੁੱਖ, ਰੂਹ ਕਰਕੇ ਬੜਾ ਦੁਖੀ ਹੈ। ਸ਼ਾਇਦ ਇਸੇ ਨਜ਼ਰ ਵਿੱਚ ਗੁਰਦੇਵ ਗੁਰੂ ਨਾਨਕ ਦੇਵ ਜੀ ਨੇ ਵੇਖ ਕੇ ਸਾਰੇ ਸੰਸਾਰ ਨੂੰ ਕਿਹਾ ਹੈ ਕਿ —

**ਨਾਨਕ ਦੁਖੀਆ ਸਭੁ ਸੰਸਾਰੁ ॥** *(ਪੰਨਾ ੯੫੪)*

ਗੁਰਦੇਵ ਦਾ ਭਾਵ ਹੈ ਕਿ ਰੂਹ ਬਿਮਾਰ ਹੈ। ਇਹ ਬਿਮਾਰੀ ਸਚੇ ਨਾਮ ਤੋਂ ਬਿਨਾ ਦੂਰ ਨਹੀਂ ਹੋ ਸਕਦੀ। ਜਿੰਨੀ ਦੇਰ ਬਿਮਾਰੀ ਦੂਰ ਨਾ ਹੋਵੇ, ਓਨੀ ਦੇਰ ਦੁਖ ਨਹੀਂ ਮਿਟ ਸਕਦਾ। ਗੁਰਦੇਵ ਦਾ ਇਹ ਬਿਆਨ ਇਸੇ ਭਾਵ ਨੂੰ ਸਪਸ਼ਟ ਕਰਦਾ ਹੈ ਕਿ —

**ਸਾਚੇ ਨਾਮ ਕੀ ਲਾਗੈ ਭੂਖ ॥**
**ਉਤੁ ਭੂਖੈ ਖਾਇ ਚਲੀਅਹਿ ਦੂਖ ॥** *(ਪੰਨਾ ੯)*

ਜੇਕਰ ਇਸ ਬਿਮਾਰੀ ਨੂੰ ਦੂਰ ਨਾ ਕੀਤਾ ਜਾਵੇ ਤਾਂ ਰੂਹਾਨੀ ਮੌਤ ਹੋ ਸਕਦੀ ਹੈ। ਸਿਮਰਨ ਦੇ ਚਲਣ ਨਾਲ ਹੀ ਜੀਵਨ ਹੈ। ਯਾਨੀ ਕਿ ਚੇਤਨਾ ਦੇ ਜਾਗਣ ਨਾਲ ਹੀ ਜੀਵਨ ਹੈ। ਕੁੰਡਲਨੀ ਨੂੰ ਜਗਾਉਣਾ ਹੈ।

**ਆਖਾ ਜੀਵਾ ਵਿਸਰੈ ਮਰਿ ਜਾਉ ॥** *(ਪੰਨਾ ੯)*

ਚੇਤਨਾ ਦਾ ਉਪਰ ਉਠਣਾ ਹੀ ਸੱਚਾ ਨਾਮ ਹੈ। ਇਸ ਸੱਚੇ ਨਾਮ ਵਿੱਚ ਸੱਚਾ ਜੀਵਨ ਛੁਪਿਆ ਹੋਇਆ ਹੈ। ਉਸ ਸੱਚੇ ਨਾਮ ਨੂੰ ਭੁੱਲ ਜਾਣਾ ਹੀ ਮੌਤ ਹੈ।

**ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥**
*(ਪੰਨਾ ੧੩੬੧)*

ਪ੍ਰਭੂ ਨੂੰ ਭੁੱਲ ਜਾਣਾ, ਇਹ ਰੂਹਾਨੀ ਮੌਤ ਹੈ। ਜਦੋਂ ਅਭਿਆਸ ਦੁਆਰਾ ਮਨੁੱਖੀ ਚੇਤਨਾ ਸਵਾਧਿਸ਼ਟਾਨ ਚੱਕਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਰੂਹ ਖਿੜ ਉਠਦੀ ਹੈ। ਇਸ ਅਸਥਾਨ ਤੇ ਕਿਸੇ ਵੀ ਪ੍ਰਕਾਰ ਦੀ ਮੌਤ ਦਾ ਡਰ ਨਹੀਂ ਰਹਿੰਦਾ। ਮੌਤ ਦਾ ਡਰ ਖ਼ਤਮ ਹੋ ਜਾਂਦਾ ਹੈ। ਰੂਹ ਦਾ ਮਜ਼ਬ ਸ਼ੁਰੂ ਹੁੰਦਾ ਹੈ। ਅਨੋਖੀ ਦੁਨੀਆਂ ਹੈ। ਕਿਸੇ ਅਗੰਮੀ ਜੀਵਨ ਦੀ ਝਲਕ ਮਿਲ ਜਾਂਦੀ ਹੈ। ਉਸ ਜੀਵਨ ਦੀ ਝਲਕ ਮਿਲਦੀ ਹੈ ਜਿਥੇ ਮੌਤ ਅਸਰ ਨਹੀ ਕਰਦੀ।

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥**
*(ਪੰਨਾ ੪੪)*

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ ਆਪਣਾ ਘਰ ਉਥੇ ਬਣਾਇਆ ਹੈ ਜਿਥੇ ਜਨਮ, ਮੌਤ ਅਤੇ ਬੁਢੇਪਾ ਨਹੀਂ। ਜਨਮ ਨਾਲ ਹੀ ਬੁਢੇਪਾ ਹੈ ਅਤੇ ਬੁਢੇਪੇ ਨਾਲ ਹੀ ਮੌਤ ਹੈ। ਰੂਹ ਦੀ ਦੁਨੀਆ ਵਿਚ ਜਨਮ

ਮਰਨ ਆਦਿ ਕੁਝ ਵੀ ਨਹੀਂ। ਰੂਹਾਨੀ ਦੁਨੀਆ ਆਤਮ ਪ੍ਰਕਾਸ਼ ਦਾ ਮੰਡਲ ਹੈ। ਕਦੀ ਗੌਰ ਕਰਨਾ! ਇਹ ਬੰਦਾ ਮਰਨਾ ਨਹੀਂ ਚਾਹੁੰਦਾ। ਅਮਰ ਹੋਣਾ ਚਾਹੁੰਦਾ ਹੈ। ਕਿਉਂਕਿ **ਅਮਰ ਤਤ** ਮਨੁੱਖ ਦੇ ਅੰਦਰ ਹੈ। ਆਤਮਾ ਅਮਰ ਤਤ ਹੈ। ਆਤਮਾ ਅਮਰ ਹੋਣ ਲਈ ਅੰਦਰੋਂ ਪ੍ਰੇਰਦੀ ਹੈ। ਇਹ ਆਤਮਾ ਦੀ ਮੰਗ ਹੀ ਹੈ ਕਿ ਬੰਦਾ ਸਭ ਤੋਂ ਵੱਡਾ ਹੋਣਾ ਚਾਹੁੰਦਾ ਹੈ। ਕਿਉਂਕਿ ਆਤਮਾ, ਪ੍ਰਮਾਤਮਾ ਦਾ ਤਤ ਹੈ। ਪ੍ਰਮਾਤਮਾ ਸਭ ਤੋਂ ਵੱਡਾ ਹੈ। ਇਸ ਵਾਸਤੇ ਆਤਮਾ ਆਪਣੇ ਮੂਲ ਸਰੂਪ ਦੀ ਮੰਗ ਕਰਦੀ ਹੈ। ਜੋ ਚਾਹਤ ਬੰਦੇ ਅੰਦਰ ਵੱਡਾ ਹੋਣ ਦੀ ਹੈ, ਇਹ ਰੱਬ ਹੋਣ ਦੀ ਹੀ ਚਾਹਤ ਹੈ। ਹਰ ਬੰਦਾ ਮਰਨਾ ਨਹੀਂ ਚਾਹੁੰਦਾ। ਜੇਕਰ ਨਹੀਂ ਮਰਦਾ ਤਾਂ ਉਹ ਰੱਬ ਹੈ। ਸਭ ਤੋਂ ਵੱਡਾ ਰੱਬ ਹੈ। ਹਰ ਬੰਦਾ ਰੱਬ ਹੋਣਾ ਚਾਹੁੰਦਾ ਹੈ। ਪਰ ਰੱਬ ਨਾਲ ਜੁੜੇ ਤੋਂ ਬਿਨਾ ਰੱਬ ਨਹੀਂ ਹੋਇਆ ਜਾ ਸਕਦਾ। ਸਾਗਰ ਨਾਲ ਲੀਨ ਹੋਏ ਬਿਨਾ ਕੋਈ ਨਦੀ ਸਾਗਰ ਨਹੀਂ ਹੋ ਸਕਦੀ। ਮਨੁੱਖ ਦੀ ਚੇਤਨਾ, ਪ੍ਰਮਾਤਮਾ ਵਿੱਚ ਲੀਨ ਹੋਏ ਤੋਂ ਬਿਨਾ ਪ੍ਰਮਾਤਮਾ ਨਹੀਂ ਹੋ ਸਕਦੀ। ਗੁਰੂ ਕ੍ਰਿਪਾ ਦੁਆਰਾ ਇਹ ਜੁਗਤ ਪ੍ਰਾਪਤ ਹੁੰਦੀ ਹੈ ਕਿ ਬੰਦਾ ਪ੍ਰਮਾਤਮਾ ਵਿੱਚ ਕਿਵੇਂ ਲੀਨ ਹੋਵੇ?

ਜਦੋਂ ਮਨੁੱਖ ਦੀ ਚੇਤਨਾ ਸਵਾਧਿਸ਼ਟਾਨ ਚੱਕਰ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਮੌਤ ਦਾ ਭੈ ਖ਼ਤਮ ਹੁੰਦਾ ਹੈ। ਅਗਰ ਬੰਦੇ ਦੇ ਅੰਦਰ ਕਿਸੇ ਕਿਸਮ ਦਾ ਭੈ ਨਹੀਂ ਰਿਹਾ, ਤਾਂ ਸਮਝੋ ਕਿ ਉਸਦੀ ਚੇਤਨਾ ਸਵਾਧਿਸ਼ਟਾਨ ਚੱਕਰ ਵਿਚ ਪ੍ਰਵੇਸ਼ ਕਰ ਗਈ ਹੈ। ਇਥੇ ਵੀ ਗੱਲ ਮੁੱਕ ਨਹੀਂ ਜਾਂਦੀ। ਚੇਤਨਾ ਦੀ ਯਾਤਰਾ ਅਜੇ ਬਹੁਤ ਲੰਮੀ ਹੈ। ਅਜੇ ਰੱਬ ਨਹੀਂ ਮਿਲਿਆ। ਆਤਮ ਪ੍ਰਕਾਸ਼ ਅਗੇ ਹੈ।

ਇਸ ਪੜਾ ਉਪਰ ਆ ਕੇ ਮਨੁੱਖ ਨੂੰ ਮੌਤ ਦਾ ਗਿਆਨ ਆਉਂਦਾ ਹੈ ਕਿ ਮੌਤ ਕੀ ਹੈ? ਜਦੋਂ ਮੌਤ ਬਾਰੇ ਗਿਆਨ ਹੋ ਜਾਂਦਾ ਹੈ ਤਾਂ ਬੰਦਾ ਨਿਰਭਉ ਹੋ ਜਾਂਦਾ ਹੈ। ਕਿਉਂਕਿ ਭੈ ਤਾਂ ਸਿਰਫ਼ ਮੌਤ ਦਾ ਹੀ ਹੁੰਦਾ ਹੈ। ਉਹ ਮੌਤ ਭਾਵੇਂ ਕਿਸੇ ਪ੍ਰਕਾਰ ਦੀ ਵੀ ਹੋਵੇ। ਸਮਾਜਿਕ ਮੌਤ, ਆਰਥਿਕ ਮੌਤ, ਰਾਜਨੀਤਕ ਮੌਤ, ਸਰੀਰਕ ਮੌਤ ਜਾਂ ਫਿਰ ਰੂਹਾਨੀ ਮੌਤ। ਡਰ, ਭਉ ਸਿਰਫ਼ ਮੌਤ ਦਾ ਹੀ ਹੈ। ਸਵਾਧਿਸ਼ਟਾਨ ਵਿੱਚ ਪਹੁੰਚ ਕੇ ਮੌਤ ਖ਼ਤਮ ਹੋ ਜਾਂਦੀ ਹੈ। ਹੁਣ ਤਾਂ ਜਿਹੜੀ ਮੌਤ ਨੇ ਕਲ੍ਹ ਨੂੰ ਆਉਣਾ ਹੈ ਉਹ ਹੁਣੇ ਹੀ ਆ ਜਾਏ। ਇਸ ਪੜਾ ਤੇ ਮਨੁੱਖ ਬੇ-ਪ੍ਰਵਾਹ ਅਤੇ ਬੇ-ਫ਼ਿਕਰ ਹੋ ਜਾਂਦਾ ਹੈ। ਬੱਸ ਇਸੇ ਪੜਾਅ ਉਪਰ ਇਹ ਗਿਆਨ ਪੂਰਨ ਹੁੰਦਾ ਹੈ ਕਿ ਜਨਮ ਮਰਨ ਮਨੁੱਖ ਦੇ

ਹੱਥ ਵਿਚ ਨਹੀਂ।

**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥** *(ਪੰਨਾ ੭)*

ਇਸੇ ਪੜਾਅ ਵਿੱਚ ਗਿਆਨ ਹੁੰਦਾ ਹੈ ਕਿ —

**ਜਨਮ ਮਰਨ ਹਮਰੇ ਬਸਿ ਨਾਹਿ॥**

ਇਸ ਪੜਾਅ ਵਿੱਚ ਇਹ ਯਕੀਨ ਆ ਜਾਂਦਾ ਹੈ ਕਿ ਜਨਮ ਮਰਨ ਦਾ ਹੱਕ ਪ੍ਰਭੂ ਦਾ ਰਾਖਵਾਂ ਹੱਕ ਹੈ। ਇਹ ਡੋਰ ਪ੍ਰਭੂ ਦੇ ਹੱਥ ਵਿੱਚ ਹੈ—

**ਪ੍ਰਭ ਡੋਰੀ ਹਾਥਿ ਤੁਮਾਰੇ॥**<br>
**ਜੀਅ ਜੰਤ ਤੇਰੇ ਧਾਰੇ॥** *(ਪੰਨਾ ੬੨੬)*

ਬੱਸ, ਇਸੇ ਕਰਕੇ ਹੀ ਉਹ ਮਹਾਨ ਹੈ। ਸਰਬਸ਼ਕਤੀਮਾਨ ਹੈ। ਬੱਸ ਬੰਦੇ ਦੀ ਚੇਤਨਾ ਜਦੋਂ ਸਵਾਧਿਸ਼ਟਾਨ ਅਸਥਾਨ ਤੇ ਪਹੁੰਚਦੀ ਹੈ ਤਾਂ ਇਕ ਇਸ ਤਰ੍ਹਾਂ ਦੇ ਜੀਵਨ ਦੀ ਝਲਕ ਪੈਂਦੀ ਹੈ ਜਿਥੇ ਮੌਤ ਨਹੀਂ ਹੈ। ਉਹ ਅਗੰਮੀ ਦੁਨੀਆ ਹੈ।

**ਨਾਨਕ ਬਧਾ ਘਰੁ ਤਹਾਂ**<br>
**ਜਿਥੈ ਮਿਰਤੁ ਨ ਜਨਮੁ ਜਰਾ॥** *(ਪੰਨਾ ੪੪)*

ਗੁਰਦੇਵ ਕਹਿੰਦੇ ਹਨ ਕਿ ਸੁਰਤ ਨੂੰ ਉਸ ਘਰ ਦੀ ਪ੍ਰਾਪਤੀ ਹੋਈ ਹੈ, ਜਿਥੇ ਮੌਤ ਨਹੀਂ, ਬੁਢੇਪਾ ਨਹੀਂ ਅਤੇ ਜਨਮ ਵੀ ਨਹੀਂ ਹੈ। ਕਿਉਂਕਿ ਜਨਮ ਨਾਲ ਹੀ ਬੁਢੇਪਾ ਹੈ। ਜਨਮ ਨਾਲ ਹੀ ਮੌਤ ਹੈ। ਉਥੇ ਜਨਮ ਹੀ ਨਹੀਂ ਹੈ। ਹੁਣ ਇਸ ਤਰ੍ਹਾਂ ਦੀ ਦੁਨੀਆ ਜ਼ਮੀਨ ਉੱਪਰ ਨਹੀਂ ਮਿਲੇਗੀ। ਉਹ ਦੁਨੀਆ ਆਤਮ ਪ੍ਰਕਾਸ਼ ਦਾ ਮੰਡਲ ਹੈ।

ਕਦੇ ਬ-ਗੌਰ ਸੋਚਣਾ ਕਿ ਆਦਮੀ ਮਰਨਾ ਨਹੀਂ ਚਾਹੁੰਦਾ। ਅਮਰ ਹੋਣਾ ਚਾਹੁੰਦਾ ਹੈ। ਕਿਉਂਕਿ ਅਮਰ ਤੱਤ ਮਨੁੱਖ ਦੇ ਅੰਦਰ ਹੈ। ਉਹ ਅਮਰ ਤੱਤ ਆਤਮਾ ਹੈ। ਆਤਮਾ ਅਮਰ ਹੋਣਾ ਚਾਹੁੰਦੀ ਹੈ। ਆਤਮਾ ਪ੍ਰਮਾਤਮਾ ਵਿੱਚ ਮਿਲਣਾ ਚਾਹੁੰਦੀ ਹੈ। ਇਸ ਕਰਕੇ ਆਤਮਾ ਅੰਦਰੋਂ ਪ੍ਰੇਰਦੀ ਰਹਿੰਦੀ ਹੈ। ਇਹ ਆਤਮਾ ਦੀ ਹੀ ਮੰਗ ਹੈ ਕਿ ਬੰਦਾ ਸਭ ਤੋਂ ਮਹਾਨ ਹੋਣਾ ਚਾਹੁੰਦਾ ਹੈ। ਕਿਉਂਕਿ ਪ੍ਰਮਾਤਮਾ ਹੀ ਸਭ ਤੋਂ ਮਹਾਨ ਹੈ ਅਤੇ ਆਤਮਾ ਪ੍ਰਮਾਤਮਾ ਦੀ ਅੰਸ ਹੈ। ਆਤਮਾ ਹੀ ਇਕ ਐਸਾ ਤੱਤ ਹੈ ਜੋ ਮਨੁੱਖ ਦੇ ਅੰਦਰ ਸਭ ਤੋਂ ਵੱਡਾ ਹੈ। ਆਤਮਾ ਦਾ ਕੋਈ ਮੁਕਾਬਲਾ ਨਹੀਂ ਹੈ। ਕੋਈ ਵੀ ਮਰਨਾ ਨਹੀਂ ਚਾਹੁੰਦਾ। ਪਰ ਜੋ ਨਹੀਂ ਮਰਦਾ ਉਹ ਸਿਰਫ਼ ਰੱਬ ਹੈ। ਜੇਕਰ ਮਨੁੱਖ ਵੀ

ਅਮਰ ਹੋਣਾ ਚਾਹੁੰਦਾ ਹੈ ਤਾਂ ਇਸ ਨੂੰ ਰੱਬ ਨਾਲ ਜੁੜਨਾ ਪਏਗਾ। ਰੱਬ ਨਾਲ ਜੁੜੇ ਤੋਂ ਬਿਨਾਂ ਅਮਰ ਨਹੀਂ ਹੋਇਆ ਜਾ ਸਕਦਾ। ਸਾਗਰ ਵਿੱਚ ਲੀਨ ਹੋਏ ਤੋਂ ਬਿਨਾਂ ਕੋਈ ਨਦੀ, ਸਾਗਰ ਨਹੀਂ ਹੋ ਸਕਦੀ। ਨਦੀ ਸਾਗਰ ਵਿੱਚ ਲੀਨ ਨਹੀਂ ਹੋਈ, ਜੇ ਰਸਤੇ ਵਿਚ ਹੀ ਰੁਕ ਗਈ ਤਾਂ ਉਹ ਛੱਪੜ ਹੋ ਜਾਏਗੀ। ਸਾਗਰ ਨਹੀਂ ਹੋ ਸਕੇਗੀ।

ਸੋ ਜਦੋਂ ਚੇਤਨਾ, ਸਵਾਧਿਸ਼ਟਾਨ ਚੱਕਰ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਮੌਤ ਦਾ ਗਿਆਨ ਹੁੰਦਾ ਹੈ। ਮੌਤ ਦਾ ਭੈ ਖ਼ਤਮ ਹੋ ਜਾਂਦਾ ਹੈ। ਬੰਦਾ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ। ਜਿਹੜਾ ਨਿਰਭਉ ਹੋਵੇ ਉਹ ਨਿਰਵੈਰ ਆਪਣੇ ਆਪ ਹੀ ਹੋ ਜਾਂਦਾ ਹੈ। ਕਿਉਂਕਿ ਜਿਸ ਨੂੰ ਭੈ ਹੈ, ਉਹੀ ਦੂਜਿਆਂ ਨੂੰ ਡਰਾਉਂਦਾ ਹੈ। ਉਸ ਦੇ ਹੀ ਸਾਰੇ ਵੈਰੀ ਬਣਦੇ ਹਨ। ਜੋ ਨਿਰਭਉ ਹੈ ਉਸਦਾ ਕੋਈ ਵੈਰੀ ਨਹੀਂ ਹੁੰਦਾ। ਇਸ ਵਾਸਤੇ ਉਹ ਨਿਰਵੈਰ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਕਹਿਣਾ ਹੈ ਕਿ ਉਸ ਨੂੰ ਹੀ ਸੱਚਾ ਗਿਆਨੀ ਮੰਨਣਾ ਚਾਹੀਦਾ ਹੈ। ਜਿਹੜਾ ਨਿਰਭਉ ਅਤੇ ਨਿਰਵੈਰ ਹੈ। ਬਾਕੀ ਗਿਆਨ ਤਾਂ ਸਿਰਫ਼ ਕਿਤਾਬੀ ਗਿਆਨ ਹੈ —

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥**

*(ਪੰਨਾ ੧੪੨੭)*

ਸੋ ਜਦੋਂ ਹੀ ਚੇਤਨਾ ਸਵਾਧਿਸ਼ਟਾਨ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਮੌਤ ਦਾ ਡਰ ਖ਼ਤਮ ਹੋ ਜਾਂਦਾ ਹੈ। ਬੰਦਾ ਨਿਰਭਉ ਹੁੰਦਾ ਹੈ। ਜਦੋਂ ਭੈ ਖ਼ਤਮ ਹੋ ਜਾਏ ਤਾਂ ਸਮਝ ਲਉ ਇਹ ਬੰਦਾ ਗਿਆਨੀ ਹੋ ਗਿਆ ਹੈ। ਭੈ ਭੀਤ ਬੰਦਾ ਗਿਆਨੀ ਨਹੀਂ ਹੁੰਦਾ। ਨਹੀਂ ਤਾਂ, ਬੜੇ ਬੜੇ ਮਹਾਪੁਰਸ਼ਾਂ ਨੂੰ ਡਰੇ ਹੋਏ ਵੇਖਿਆ ਗਿਆ ਹੈ। ਪਈ ਆਪਣੇ ਨਾਲ ਪੰਜਾਹ-ਪੰਜਾਹ ਬੰਦੇ ਬਾਡੀਗਾਰਡ ਲਈ ਫਿਰਦੇ ਹਨ। ਕਬੀਰ ਸਾਹਿਬ ਕਹਿੰਦੇ ਹਨ ਕਿ ਮਹਾ ਪੁਰਖ ਤਾਂ ਉਹ ਹੈ ਜਿਹੜਾ ਨਾ ਡਰਦਾ ਹੈ ਅਤੇ ਨਾ ਹੀ ਡਰਾਉਂਦਾ ਹੈ। ਡਰਿਆ ਹੋਇਆ ਮਨੁੱਖ ਧਰਮੀ ਨਹੀਂ ਹੁੰਦਾ, ਪਾਪੀ ਹੁੰਦਾ ਹੈ।

**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥**
**ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥**

*(ਪੰਨਾ ੮੪)*

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਜਿਹੜਾ ਬੰਦਾ ਗੁਰੂ ਕ੍ਰਿਪਾ ਦੁਆਰਾ ਆਪਣੇ ਮਾਲਕ ਦਾ ਨਾਮ ਸਮਾਰਦਾ ਹੈ। ਉਸ ਦਾ ਡਰ ਮੁੱਕ ਜਾਂਦਾ ਹੈ ਅਤੇ ਮਨਮੁਖ ਸਾਰੀ ਜ਼ਿੰਦਗੀ ਡਰ ਡਰ ਮਰਦਾ ਹੈ।

**ਸੋ ਕਤ ਡਰੈ ਜਿ ਖਸਮੁ ਸਮ੍ਾਰੈ॥**

**ਡਰਿ ਡਰਿ ਪਚੇ ਮਨਮੁਖ ਵੇਚਾਰੇ॥** *(ਧਨਾਸਰੀ ਮ: ੫, ਪੰਨਾ ੬੭੭)*

ਗੁਰਦੇਵ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਕਿ ਨਾਮ ਧਿਆਉਣ ਦੀ ਬਰਕਤ ਨਾਲ ਮਨੁੱਖ ਦੀ ਅਵਸਥਾ ਉਹ ਬਣਦੀ ਹੈ ਜਿਵੇਂ ਰਾਤ ਦੇ ਹਨੇਰੇ ਵਿੱਚ ਜਿਹੜੀ ਵਸਤ ਸਾਡੇ ਕੋਲ ਪਈ ਸਾਨੂੰ ਪਤਾ ਨਹੀਂ ਸੀ। ਉਹ ਸੂਰਜ ਦੇ ਉਦੇ ਹੋਣ ਨਾਲ ਆਪਣੇ ਆਪ ਦਿੱਸ ਪੈਂਦੀ ਹੈ।

**ਡਰ ਚੂਕੇ ਬਿਨਸੇ ਅੰਧਿਆਰੇ॥**

**ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ॥** *(ਪੰਨਾ ੧੦੭੭)*

ਕਬੀਰ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਪਈ ਰਾਮ ਦੇ ਗੁਣ ਗਾਉਂਦਿਆਂ ਗਾਉਂਦਿਆਂ ਮੈਨੂੰ ਇਹ ਗਿਆਨ ਪ੍ਰਾਪਤ ਹੋਇਆ ਹੈ। ਹੁਣ ਮੈਂ ਨਾ ਡਰਦਾ ਹਾਂ ਅਤੇ ਨਾ ਮੈਂ ਡਰਾਉਂਦਾ ਹਾਂ।

**ਕਹਤ ਕਬੀਰ ਰਾਮ ਗੁਨ ਗਾਵਉ॥** *(ਪੰਨਾ ੪੭੯)*

**ਆਪਿ ਨ ਡਰਉ ਨ ਅਵਰ ਡਰਾਵਉ॥** *(ਪੰਨਾ ੩੨੭)*

ਕਿਸੇ ਨੂੰ ਡਰਾਇਆ ਕਿਉਂ ਜਾਏ। ਅਸੀਂ ਕੋਈ ਦੈਂਤ ਹਾਂ? ਕਿਸੇ ਕੋਲੋਂ ਡਰਿਆ ਕਿਉਂ ਜਾਏ, ਅਸੀਂ ਕੋਈ ਬੱਕਰੀ ਭੇਡ ਹਾਂ? ਆਖ਼ਰ ਜੀਵਨ ਦਾ ਕੋਈ ਢੰਗ ਚਾਹੀਦਾ ਹੈ। ਬ੍ਰਹਮ ਗਿਆਨੀਆਂ ਨੂੰ ਜਦੋਂ ਇਹ ਗਿਆਨ ਆ ਜਾਂਦਾ ਹੈ ਤਾਂ ਉਹ ਵੱਡੇ ਵੱਡੇ ਖ਼ਤਰੇ ਨਾਲ ਵੀ ਟਕਰਾ ਜਾਂਦੇ ਹਨ। ਇਸੇ ਗਿਆਨ ਦੀ ਬ-ਦੌਲਤ ਗੁਰੂ ਨਾਨਕ ਸਾਹਿਬ ਨੇ ਬਾਬਰ ਨਾਲ ਮੱਥਾ ਲਾਇਆ। ਕਬੀਰ ਸਾਹਿਬ ਨੇ ਸਿਕੰਦਰ ਲੋਧੀ ਨਾਲ ਬਿਨਾਂ ਹਥਿਆਰਾਂ ਤੋਂ ਟੱਕਰ ਲਈ। ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਨਾਲ ਟੱਕਰ ਲਈ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੁਸ਼ਟ ਨਾਲ ਮੱਥਾ ਮਾਰਿਆ। ਨਹੀਂ ਤਾਂ ਕਹਿ ਦੇਂਦੇ ਪਈ ਅਸੀਂ ਕੀ ਲੈਣਾ ਹੈ? ਜੋ ਕਰਦਾ ਹੈ ਕਰੀ ਜਾਏ। ਫਿਰ ਤਾਂ ਇਹ ਕਾਇਰਤਾ ਸੀ। ਡਰ ਸੀ। ਬੁਜ਼ਦਿਲੀ ਸੀ।

ਮਨੁੱਖ ਦੀ ਚੇਤਨਾ ਜਦੋਂ ਸਵਾਧਿਸ਼ਟਾਨ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਡਰ ਦੀ ਦੁਨੀਆਂ ਖ਼ਤਮ ਹੋ ਜਾਂਦੀ ਹੈ। ਭੈ ਬਿਲਕੁਲ ਹੀ ਨਹੀਂ ਰਹਿੰਦਾ। ਉਹ

ਬੰਦਾ ਨਿਰਭੈ ਵਿਚਰਦਾ ਹੈ। ਪ੍ਰਭੂ ਦਾ ਨਾਮ ਜਪਦਿਆਂ-ਜਪਦਿਆਂ ਜਿਹੜੀ ਦੂਜੀ ਸੌਗਾਤ ਮਿਲਦੀ ਹੈ। ਉਹ ਇਹ ਹੈ ਕਿ ਬੰਦਾ ਨਿਰਭਉ ਹੋ ਜਾਂਦਾ ਹੈ।

**ਨਿਰਭਉ ਜਪੈ ਸਗਲ ਭਉ ਮਿਟੈ॥** *(ਪੰਨਾ ੨੯੬)*

ਪਰ ਇਹ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੈ। ਅਜੇ ਤਾਂ ਵਾਸ਼ਨਾ ਅਤੇ ਡਰ ਦਾ ਜਗਤ ਖ਼ਤਮ ਹੋਇਆ ਹੈ। ਬਾਕੀ ਅਜੇ ਚਾਰ ਪੜਾਅ ਹੋਰ ਹਨ।

ਜ਼ਮੀਨ ਉੱਪਰ ਚਲ ਕੇ ਬੰਦਾ ਅਗਰ ਕੋਈ ਯਾਤਰਾ ਕਰੇ ਤਾਂ ਰਸਤੇ ਦੇ ਮੀਲ ਪੱਥਰ ਦਸ ਦੇਂਦੇ ਹਨ ਕਿ ਰਸਤਾ ਕਿੰਨਾ ਤਹਿ ਹੋਇਆ ਹੈ। ਯਾਤਰਾ ਅਜੇ ਕਿੰਨੀ ਰਹਿੰਦੀ ਹੈ। ਯਾਤਰਾ ਕਿਥੇ ਜਾ ਕੇ ਸੰਪੂਰਨ ਹੋਣੀ ਹੈ। ਇਹ ਤਾਂ ਬਾਹਰ ਦੇ ਮੀਲ ਪੱਥਰ ਦਸ ਦੇਂਦੇ ਹਨ। ਪਰ ਧਰਮ ਯਾਤਰਾ ਬੰਦੇ ਨੇ ਕਿੰਨੀ ਕੀਤੀ ਹੈ? ਗੁਰਮਤ ਦੁਆਰਾ ਇਹ ਵੀ ਪਤਾ ਲਗ ਜਾਂਦਾ ਹੈ। ਜੇ ਜ਼ਮੀਨ ਉੱਪਰ ਅਸੀਂ ਚਲੀਏ। ਇਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਹੋਵੇ ਤਾਂ ਸੜਕ ਤੇ ਲਿਖੇ ਮੀਲ ਪੱਥਰ ਦਸ ਦੇਂਦੇ ਹਨ ਕਿ ਵਾਟ ਕਿੰਨੀ ਰਹਿ ਗਈ ਹੈ। ਕਿੰਨੀ ਤਹਿ ਕੀਤੀ ਹੈ। ਪੱਥਰਾਂ ਤੋਂ ਪਤਾ ਲਗ ਜਾਂਦਾ ਹੈ।

ਧਰਮ ਯਾਤਰਾ ਬੰਦੇ ਨੇ ਕਿੰਨੀ ਕੁ ਕੀਤੀ ਹੈ। ਇਹ ਗੁਰਮਤ ਦੁਆਰਾ ਪਤਾ ਲਗਦੀ ਹੈ। ਕਿਸੇ ਨੇ ਅੱਜ ਹੀ ਨਵਾਂ ਨਵਾਂ ਚਲਣਾ ਸ਼ੁਰੂ ਕੀਤਾ ਹੈ। ਇਹ ਵੀ ਪਤਾ ਲੱਗ ਜਾਂਦਾ ਹੈ। ਧਰਮ ਯਾਤਰਾ ਵੀ ਇਕ ਮਾਰਗ ਹੈ। ਇਹ ਮਾਰਗ ਦੀ ਜੋ ਅੰਤਿਮ ਮੰਜ਼ਿਲ ਹੈ। ਜਿਥੇ ਮਨੁੱਖ ਨੇ ਜਾ ਕੇ ਸੰਪੂਰਨ ਹੋਣਾ ਹੈ। ਉਸ ਮੰਜ਼ਿਲ ਦਾ ਨਾਮ ਸੱਚਖੰਡ ਹੈ। ਸੱਚਖੰਡ ਵਿੱਚ ਹੀ ਸੱਚ ਦਾ ਵਾਸਾ ਹੈ। ਸੱਚ ਵਿਚ ਲੀਨ ਹੋਏ ਤੋਂ ਬਿਨਾਂ ਪੂਰਨ ਨਹੀਂ ਹੋਇਆ ਜਾ ਸਕਦਾ। ਸੱਚ ਹੀ ਪਰਮ ਜੀਵਨ ਹੈ। ਜੀਵਨ ਦੀ ਯਾਤਰਾ ਪਰਮ ਜੀਵਨ ਤਕ ਹੈ। ਪਰਮ ਜੀਵਨ ਹੀ ਪ੍ਰਮਾਤਮਾ ਹੈ। ਅਧੂਰਾ ਜੀਵਨ ਪ੍ਰਮਾਤਮਾ ਵਿੱਚ ਲੀਨ ਹੋਕੇ ਹੀ ਪੂਰਾ ਹੋ ਸਕਦਾ ਹੈ। ਪ੍ਰਮਾਤਮਾ ਪੂਰਾ ਹੈ ਤੇ ਬਾਕੀ ਸਭ ਕੁਝ ਅਧੂਰਾ ਹੈ। ਪ੍ਰਮਾਤਮਾ ਨਾਲ ਜੁੜ ਕੇ ਯਾਨੀ ਕਿ ਮਿਲ ਕੇ ਹੀ ਬੰਦਾ ਪੂਰਾ ਹੋ ਸਕਦਾ ਹੈ। ਪੂਰੇ ਪ੍ਰਭੂ ਦੇ ਗੁਣ ਗਾਉਣੇ ਹਨ। ਗੁਰਦੇਵ ਕਹਿੰਦੇ ਹਨ ਕਿ ਪ੍ਰਭੂ ਦਾ ਨਾਮ ਜਪਦੇ ਜਪਦੇ ਉਸ ਵਿੱਚ ਲੀਨ ਹੋਣਾ ਹੈ—

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥**<br>
**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥**

*(ਪੰਨਾ ੨੯੫)*

ਇਹ ਗੱਲ ਵੱਖਰੀ ਹੈ ਕਿ ਬੰਦਾ ਮਰ ਜਾਏ ਤਾਂ ਅਸੀਂ ਕਹਿੰਦੇ ਹਾਂ ਕਿ ਪੂਰਾ ਹੋ ਗਿਆ ਹੈ। ਇਹ ਪੂਰਨਤਾ ਨਹੀਂ ਹੈ। ਦਰਅਸਲ ਸਰੀਰ ਦੇ ਮਰਨ ਨਾਲ ਕੋਈ ਪੂਰਾ ਨਹੀਂ ਹੁੰਦਾ। ਮਨ ਦੇ ਮਰਨ ਨਾਲ ਪੂਰਾ ਹੁੰਦਾ ਹੈ।

ਮਨੁੱਖ ਦੀ ਚੇਤਨਾ ਜਦੋਂ ਸਵਾਧਿਸ਼ਟਾਨ ਪੜਾਅ ਵਿਚ ਪ੍ਰਵੇਸ਼ ਕਰਦੀ ਹੈ ਤਾਂ ਮੌਤ ਖ਼ਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਬੰਦੇ ਨੂੰ ਡਰਾਇਆ ਨਹੀਂ ਜਾ ਸਕਦਾ। ਦੂਜੇ ਪੜਾਅ ਤੱਕ ਪਹੁੰਚ ਗਿਆ ਹੈ। ਪਰ ਸੰਪੂਰਨ ਹੋਣ ਲਈ ਇਹ ਅਭਿਆਸ ਜਾਰੀ ਰਖਣਾ ਹੈ। ਅਗਰ ਅਭਿਆਸ ਰੁਕ ਗਿਆ ਤਾਂ ਸੁਰਤ ਨਿਵਾਣ ਵੱਲ ਜਾਵੇਗੀ ਅਤੇ ਚੇਤਨਾ ਫਿਰ ਸੌਂ ਜਾਵੇਗੀ।

# ਤੀਜੀ ਝਲਕ
# ਅਤੇ
# ਕੁਦਰਤ ਦੀ ਕਲਾ

ਅੱਗੇ ਤੀਜਾ ਪੜਾਅ ਹੈ। ਇਸ ਪੜਾਅ ਦਾ ਨਾਮ ਹੈ, ਮਨੀਪੁਰ। ਇਸ ਪੜਾਅ ਵਿੱਚ ਫੁਰਨੇ ਹਨ। ਮਨ ਫੁਰਨਿਆਂ ਨਾਲ ਭਰਿਆ ਹੋਇਆ ਹੈ। ਨਿਰੰਤਰ ਵਿਚਾਰਾਂ ਦਾ ਪ੍ਰਵਾਹ ਚਲਦਾ ਹੈ। ਬੜੀ ਭੀੜ ਹੈ ਫੁਰਨਿਆਂ ਅਤੇ ਵਿਚਾਰਾਂ ਦੀ। ਬੰਦਾ ਬੈਠਾ ਹੈ ਪਰ ਫੁਰਨੇ ਚਲਦੇ ਹਨ। ਇਸੇ ਨੂੰ ਕਹਿੰਦੇ ਹਨ ਕਿ ਮਨ ਚਲਦਾ ਹੈ। ਵਿਚਾਰ ਚਲਦੇ ਹਨ।

ਜਿਸ ਨੂੰ ਮਨ ਆਖਿਆ ਜਾਂਦਾ ਹੈ, ਇਹ ਬੰਦੇ ਦੇ ਸਰੀਰ ਦਾ ਕੋਈ ਅੰਗ ਨਹੀਂ ਹੈ। ਇਹ ਮਨੁੱਖੀ ਚੇਤਨਾ ਦੇ ਉੱਪਰ ਲਗੀ ਹੋਈ ਮੈਲ ਦੀਆਂ ਪਰਤਾਂ ਦਾ ਨਾਮ ਹੈ। ਇਹ ਮੈਲ ਦੀਆਂ ਪਰਤਾਂ ਜਨਮਾਂ ਜਨਮਾਂਤਰਾਂ ਦੇ ਸੰਸਕਾਰਾਂ ਤੋਂ ਬਣਦੀਆਂ ਹਨ। ਮਨੁੱਖਤਾ ਦੀ ਭਟਕਣਾ ਦਾ ਸਭ ਤੋਂ ਵੱਡਾ ਕਾਰਨ ਇਹ ਮੈਲ ਹੈ। ਯਾਨੀ ਕਿ ਮਨ ਹੈ। ਜਦੋਂ ਸਤਿਗੁਰ ਦਾ ਉਪਦੇਸ਼ ਹੁੰਦਾ ਹੈ ਕਿ ਮਨ ਨੂੰ ਮਾਰੋ ਤਾਂ ਮਤਲਬ ਹੁੰਦਾ ਹੈ ਕਿ ਚੇਤਨਾ ਦੇ ਤਲ ਤੋਂ ਮੈਲ ਖ਼ਤਮ ਕਰੋ। ਇਹ ਸੰਸਕਾਰਾਂ ਦੀ ਪੰਡ ਹੈ। ਜਿਸ ਨੂੰ ਧੋਣਾ ਹੈ। ਇਹ ਸੰਸਕਾਰ ਯਾਨੀ ਕਿ ਮਨ ਦੀ ਮੈਲ ਬਿਨਾਂ ਸਾਧਨਾ ਤੋਂ ਸਾਫ਼ ਨਹੀਂ ਹੋ ਸਕਦੀ। ਸਖ਼ਤ ਘਾਲਣਾ ਦੀ ਲੋੜ ਹੈ। ਅੱਜ ਸਾਇੰਸ ਦਾ ਯੁਗ ਹੈ। ਵਿਗਿਆਨ ਨੇ ਸੰਸਾਰ ਨੂੰ ਬੜੇ ਸੁੱਖਾਂ ਦੇ ਵਸੀਲੇ ਪ੍ਰਦਾਨ ਕੀਤੇ ਹਨ। ਇਸ ਵਾਸਤੇ ਅੱਜ ਦਾ ਮਨੁੱਖ ਬੜਾ ਸੁਖਿਆਰਾ ਹੋ ਗਿਆ ਹੈ। ਘਾਲਣਾ ਨਹੀਂ ਘਾਲਦਾ। ਮਨੁੱਖ ਚਾਹੁੰਦਾ ਹੈ ਦੂਜਾ ਮਸ਼ੱਕਤ ਕਰੇ ਤੇ ਮੈਨੂੰ ਫਲ ਮਿਲੇ। ਨਾਮ ਦੂਜਾ ਜਪੇ ਅਤੇ ਲਾਭ ਮੈਨੂੰ ਹੋਵੇ। ਜਾਂ ਮੈਂ ਪੈਸੇ ਦੇ ਕੇ ਖ਼ਰੀਦ ਲਵਾਂ। ਹੁਣ ਫਰਸ਼ ਸਾਫ਼ ਕਰਨ ਵਾਲੀਆਂ ਮਸ਼ੀਨਾਂ ਹਨ। ਆਟਾ ਗੁੰਨ੍ਹਣ ਵਾਲੀਆਂ ਮਸ਼ੀਨਾਂ ਹਨ। ਭਾਂਡੇ ਮਾਂਜਣ ਅਤੇ ਕਪੜੇ ਧੋਣ ਵਾਲੀਆਂ ਮਸ਼ੀਨਾਂ ਆ ਗਈਆਂ ਹਨ। ਬੰਦਾ ਸੋਚਦਾ ਹੈ ਕਿ ਕੋਈ ਮਨ ਧੋਣ ਵਾਲੀ ਮਸ਼ੀਨ ਹੋਵੇ ਅਤੇ ਸਾਡਾ ਮਨ ਵੀ ਸਾਫ਼ ਕਰ ਦੇਵੇ। ਨਹੀਂ! ਇਹ ਤਾਂ ਖ਼ੁਦ ਕਰਨਾ ਪੈਣਾ ਹੈ। ਭਾਵੇਂ ਮਸ਼ੀਨੀ ਯੁਗ ਹੈ। ਭਾਵੇਂ ਬੰਦਾ ਬਹੁਤ ਸਾਰੇ ਕੰਮ ਦੂਜਿਆਂ ਤੋਂ

ਕਰਵਾ ਲੈਂਦਾ ਹੈ। ਲੇਕਿਨ ਮਨ ਤਾਂ ਆਪ ਹੀ ਧੋਣਾ ਪੈਂਦਾ ਹੈ। ਕੋਈ ਨੌਕਰ ਨਹੀਂ ਧੋ ਸਕਦਾ। ਭਾਵੇਂ ਵੱਡੇ ਤੋਂ ਵੱਡਾ ਰਾਜਾ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਬੜੀ ਪਿਆਰੀ ਕਥਾ ਆਉਂਦੀ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਤੀਜੀ ਉਦਾਸੀ ਤੇ ਗਏ। ਯਾਨੀ ਕਿ ਪ੍ਰਚਾਰਕ ਫੇਰੀ ਤੇ ਗਏ ਤਾਂ ਉਹ ਮਨੀਪੁਰ ਰਿਆਸਤ ਵਿਚ ਗਏ। ਉਸ ਸਮੇਂ ਇਹ ਇਲਾਕਾ ਸਿੰਧ ਵਿਚ ਸਵਰਨਦੀਪ ਕਰਕੇ ਜਾਣਿਆ ਜਾਂਦਾ ਸੀ। ਗੁਰ ਨਾਨਕ ਪ੍ਰਕਾਸ਼ ਵਿਚ ਬਕਾਇਦਾ ਇਹ ਜ਼ਿਕਰ ਹੈ —

**ਸਿੰਧ ਵਿਖੇ ਟਾਪੂ ਇਕ ਆਵਾ॥**
**ਦੇਸ ਬਿਸੀਹਰ ਜਾਕੋ ਨਾਵਾ॥** *(ਪੰਨਾ ੫੭੫)*

ਤਵਾਰੀਖ ਗੁਰੂ ਖਾਲਸਾ ਦੇ ਕਰਤਾ ਨੇ ਲਿਖਿਆ ਹੈ ਕਿ ਮਨੀਪੁਰ ਦਾ ਪੁਰਾਣਾ ਨਾਮ '**ਬਿਸੀਹਰ**, ਸੀ। ਮਨੀਪੁਰ ਰਿਆਸਤ ਦੀ ਰਾਜਧਾਨੀ ਉਦੋਂ "**ਅਸੀਮ.ਫਲ**" ਸੀ। ਇਥੇ ਸੋਨਦੀਪ ਵਿਚ ਰਾਜਾ ਸੁਧਰਸੈਣ ਦਾ ਰਾਜ ਸੀ। ਸੋਨਦੀਪ ਵੀ ਮਨੀਪੁਰ ਦਾ ਪੁਰਾਣਾ ਨਾਮ ਹੈ। ਗੁਰੂ ਨਾਨਕ ਦੇਵ ਜੀ ਨੂੰ ਇਥੇ ਸਭ ਤੋਂ ਪਹਿਲਾਂ ਝੰਡਾ ਬਾਢੀ ਨਾਮ ਦਾ ਇਕ ਆਦਮੀ ਮਿਲਿਆ। ਉਹ ਗੁਰਦੇਵ ਦੇ ਉਪਦੇਸ਼ ਤੋਂ ਬਹੁਤ ਪ੍ਰਭਾਵਤ ਹੋਇਆ। ਉਸਦੇ ਰਾਹੀਂ ਬਾਅਦ ਵਿਚ ਰਾਜਾ ਸੁਧਰਸੈਣ ਅਤੇ ਸੁਧਰਸੈਣ ਦਾ ਮਾਮਾ ਇੰਦਰਸੈਣ ਵੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ। ਇੰਦਰਸੈਣ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਮਹਾਰਾਜ! ਤੁਸੀਂ ਸੰਪੂਰਨ ਗੁਰੂ ਹੋ। ਕ੍ਰਿਪਾ ਕਰਕੇ ਮੈਨੂੰ ਆਤਮ ਗਿਆਨ ਦਾ ਉਪਦੇਸ਼ ਦਿਉ।

**ਜੇਕਰ ਤੁਮ ਹਹੁ ਗਿਆਨ ਸੰਪੂਰਨ॥**
**ਨਿਜ ਉਪਦੇਸ਼ ਕੀਜੀਏ ਤੂਰਨ॥** *(ਪੰਨਾ ੫੭੯)*

ਗੁਰਦੇਵ ਕਹਿਣ ਲਗੇ ਇੰਦਰਸੈਣ ਆਤਮ ਗਿਆਨ ਪ੍ਰਾਪਤੀ ਲਈ ਪਹਿਲਾਂ ਗੁਰੂ ਦੱਛਣਾ ਦੇਣੀ ਪਵੇਗੀ।

**ਤਉ ਪ੍ਰਥਮੇਂ ਗੁਰ ਦਛਨਾ ਦੀਜੈ॥**
**ਪਾਛੈ ਸਰਵਨ ਗਿਆਨ ਕੋ ਕੀਜੈ॥** *(ਪੰਨਾ ੫੭੯)*

ਇੰਦਰਸੈਣ ਕਹਿਣ ਲਗਾ, ਗੁਰਦੇਵ!

**ਕਹਿਨ ਲਗੇ 'ਹਮਰਾ ਧਨ ਧਾਨਾ'॥**
**ਸਦਨ ਸਹਿਤ ਤੁਮ ਚਰਨ ਚਢਾਨਾ॥** *(ਪੰਨਾ ੫੭੯)*

ਇੰਦਰਸੈਣ ਕਹਿਣ ਲਗਾ ਮਹਾਰਾਜ! ਇਹ ਸਾਰਾ ਅੰਨ, **ਧਨ,** ਮਹਿਲ ਮੰਦਰ ਅਤੇ ਸਭ ਪਦਾਰਥ ਸਭ ਆਪ ਦੇ ਹੀ ਹਨ। ਜੋ ਦੱਛਣਾ ਚਾਹੀਦੀ ਹੈ ਲੈ ਲਉ।

ਗੁਰਦੇਵ ਕਹਿਣ ਲਗੇ, ਇੰਦਰਸੈਣ! ਇਹ ਜੋ ਮਹਿਲ ਮੰਦਰ ਅਤੇ ਧਨ ਪਦਾਰਥ ਇਹ ਤਾਂ ਹਨ, ਬੰਦਾ ਤਨ ਦੀ ਮਿਹਨਤ ਨਾਲ ਬਣਾਉਂਦਾ ਅਤੇ ਕਮਾਉਂਦਾ ਹੈ। ਇਹ ਸਭ ਕੁਝ ਤਨ ਦੇ ਹੀ ਕੰਮ ਆਉਂਦਾ ਹੈ। ਸਾਨੂੰ ਭੇਟਾ (ਦੱਛਣਾ) ਉਹ ਚਾਹੀਦੀ ਹੈ ਜੋ ਆਤਮਾ ਦੇ ਕੰਮ ਆਵੇ। ਤਨ ਤਾਂ ਪੰਜ ਤੱਤਾਂ ਦਾ ਜੋੜ ਹੈ –

**ਸ੍ਰੀ ਗੁਰ ਬੋਲੇ ਬਹੁਰ ਪ੍ਰਬੀਨਾ॥**
**ਯਹਿ ਭੀ ਪੰਚ ਤਤ ਨੇ ਕੀਨਾ॥** *(ਪੰਨਾ ੫੮੦)*

ਇਹ ਤਨ ਤਾਂ ਪੰਜਾਂ ਤਤਾਂ ਦਾ ਬਣਿਆ ਅਤੇ ਪੰਜ ਤੱਤਾਂ ਵਿਚ ਮਿਲ ਜਾਏਗਾ। ਇੰਦਰਸੈਣ! ਮੈਂ ਪੁਛੱਦਾ ਹਾਂ ਤੇਰੇ ਕੋਲ ਆਪਣਾ ਕੀ ਹੈ। ਉਹ ਭੇਟਾ ਕਰ? ਇੰਦਰਸੈਣ ਕਹਿਣ ਲਗਾ, ਗੁਰਦੇਵ! ਮੇਰੇ ਪਾਸ ਤਾਂ ਹੁਣ ਇਹ ਮੈਂ ਹੀ ਹਾਂ।

**ਸੁਨ ਕਰ ਦੋਨੋਂ ਬੈਨ ਅਲਾਵਾ॥ ਅਬ ਤੋਂ ਅੰਤਹਕਰਨ ਰਹਾਵਾ॥**
*(ਪੰਨਾ ੫੮੦)*

ਸਰੀਰ ਦਾ ਸੂਖਸ਼ਮ ਭਾਗ ਜੋ ਨਿਰਾਕਾਰ ਹੈ, ਉਸਨੂੰ ਅੰਤਹਕਰਨ ਕਿਹਾ ਜਾਂਦਾ ਹੈ। ਅੰਤਸ਼ਕਰਨ ਵਿੱਚ ਚਾਰ ਪਹਿਲੂ ਹਨ। ਮਨ, ਬੁੱਧ, ਚਿਤ ਅਤੇ ਅਹੰ॥ ਇਹ ਜੋ ਅੰਤਸ਼ਕਰਨ ਹੈ ਇਹ ਮੈਲਾ ਹੋਵੇ ਤਾਂ ਸਰੀਰ ਦੇ ਕੀਤੇ ਹੋਏ ਕਰਮ ਮੈਲੇ ਹੋਣਗੇ। ਅੰਤਸ਼ਕਰਨ ਸ਼ੁਧ ਹੋਵੇ ਤਾਂ ਸਰੀਰ ਸਾਰੇ ਕੰਮ ਸ਼ੁਭ ਕਰੇਗਾ। ਅੰਤਸ਼ਕਰਣ ਦਾ ਸਭ ਤੋਂ ਪਹਿਲਾ ਪਹਿਲੂ ਮਨ ਹੈ। ਇਹ ਮਨ ਹੀ ਮੈਂ ਹਾਂ। ਮਨ ਹੀ ਹਉਮੈ ਹੈ। ਮਨ ਹੀ ਮੋਹ ਹੈ। ਆਤਮਦਰਸ਼ਨ ਕਰਨ ਵਿਚ, ਮਨ ਹੀ ਰੁਕਾਵਟ ਹੈ। ਯਾਨੀ ਕਿ ਪਰਦਾ ਹੈ। ਇਹ ਮਨ ਗੁਰੂ ਨੂੰ ਅਰਪਣ ਹੋ ਜਾਏ ਤਾਂ ਮਨੁੱਖ ਦੇ ਅੰਦਰੋਂ ਮਨ ਮੱਤ ਖ਼ਤਮ ਹੋ ਕੇ ਗੁਰਮਤਿ ਉਜਾਗਰ ਹੋਵੇਗੀ। ਮਨ ਅਰਪਣ ਕਰਨ ਨਾਲ ਬੁੱਧ, ਚਿੱਤ ਅਤੇ ਅਹੰ ਆਪਣੇ ਆਪ ਹੀ ਗੁਰੂ ਨੂੰ ਅਰਪਣ ਹੋ ਜਾਂਦੇ ਹਨ। ਆਤਮਾਨੰਦ ਦੀ ਪ੍ਰਾਪਤੀ ਦਾ ਕਾਰਜ, ਮਨ ਗੁਰੂ ਨੂੰ ਅਰਪਣ ਕਰੇ ਤੋਂ ਬਿਨਾਂ, ਰਾਸ ਨਹੀਂ ਆ ਸਕਦਾ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਵਿੱਤਰ ਕਥਨ ਹੈ ਕਿ –

**ਮਨੁ ਬੇਚੈ ਸਤਿਗੁਰ ਕੈ ਪਾਸਿ॥**
**ਤਿਸੁ ਸੇਵਕ ਕੇ ਕਾਰਜ ਰਾਸਿ॥** *(ਪੰਨਾ ੨੮੬)*

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਮਹਾਰਾਜ ਕਹਿੰਦੇ ਹਨ ਕਿ ਆਪਣੇ ਗੁਰੂ ਨੂੰ ਅੰਨ, ਧਨ ਅਤੇ ਪਦਾਰਥ ਅਰਪਣ ਦੀ ਬਜਾਇ, ਆਪਣਾ ਅੰਤਸ਼ਕਰਨ ਹੀ ਅਰਪਣ ਕਰ ਦੇਣਾ ਚਾਹੀਦਾ ਹੈ। ਮਨ, ਬੁੱਧ, ਚਿੱਤ ਅਤੇ ਅਹੰ ਦਾ ਜੋ ਸਰੂਪ ਅੰਤਸ਼ਕਰਨ ਹੈ।

**ਅੰਤਿਹਕਰਨ ਸਰੂਪ ਸੋ ਚਾਰੋਂ॥**
**ਸੋ ਦੇ ਡਾਰੇ ਰਿਦੈ ਬਿਸਾਰੋ॥** *(ਪੰਨਾ ੫੮੧)*

ਮਨ ਬਿਰਤੀ ਨੂੰ ਖਿੰਡਾਉਣ ਦਾ ਕਾਰਨ ਇਹ ਚਾਰੇ ਹਨ। ਇਹ ਚਾਰੇ ਹੀ ਗੁਰੂ ਅਰਪਣ ਕਰ ਦੇਣੇ ਚਾਹੀਦੇ ਹਨ। ਫਿਰ ਬਿਰਤੀ ਟਿਕ ਜਾਏਗੀ। ਟਿਕੀ ਹੋਈ ਬਿਰਤੀ ਨਾਲ ਧਿਆਨ ਅਤੇ ਜਪੁ ਦਾ ਅਭਿਆਸ ਅਰੰਭ ਕਰਨਾ ਚਾਹੀਦਾ ਹੈ। ਜਦੋਂ ਤਕ ਅੰਤਸ਼ਕਰਨ ਵਿਚ ਮਨ ਵੱਸਦਾ ਹੈ। ਯਾਨੀ ਕਿ ਮੈਂ ਵੱਸਦੀ ਹੈ। ਉਨੀ ਦੇਰ ਆਤਮ ਦਰਸ਼ਨ ਨਹੀਂ ਹੋ ਸਕਦੇ। ਬੰਦੇ ਅਤੇ ਪ੍ਰਮਾਤਮਾ ਦੇ ਦਰਮਿਆਨ ਕੋਈ ਮੀਲਾਂ ਦਾ ਫ਼ਾਸਲਾ ਨਹੀਂ ਹੈ। ਬਲਕਿ ਫੁਟਾਂ, ਇੰਚਾਂ ਅਤੇ ਸੂਤਰਾਂ ਦਾ ਵੀ ਫ਼ਾਸਲਾ ਨਹੀਂ। ਭਗਤ ਰਵਿਦਾਸ ਜੀ ਮਹਾਰਾਜ ਦਾ ਕਥਨ ਹੈ ਕਿ —

**ਕਹਿ ਰਵਿਦਾਸ ਹਾਥ ਪੈ ਨੇਰੈ**
**ਸਹਜੇ ਹੋਇ ਸੁ ਹੋਈ॥** *(ਪੰਨਾ ੬੫੮)*

ਇਕ ਵਿਚਾਰ ਹਰੇਕ ਮਨੁੱਖ ਦੇ ਨਿਜੀ ਅਨੁਭਵ ਦੀ ਹੈ। ਪਈ ਸਰੀਰ ਨੂੰ ਕਿਤੋਂ ਵੀ ਕੋਈ ਖ਼ਤਰਾ ਹੋਵੇ ਜਾਂ ਦਰਦ ਹੋਵੇ ਤਾਂ ਸਭ ਅੰਗਾਂ ਤੋਂ ਪਹਿਲਾਂ ਹੱਥ ਉਸ ਥਾਂ ਤੇ ਜਾਂਦਾ ਹੈ। ਅੱਖ ਵਿਚ ਕੁਝ ਪੈਣ ਲਗੇ ਤਾਂ ਹੱਥ ਅਗੇ ਹੋ ਜਾਂਦਾ ਹੈ। ਕੋਈ ਤਲਵਾਰ ਆਦਿ ਦਾ ਵਾਰ ਕਰਨ ਲਗੇ ਤਾਂ ਝੱਟ ਪਹਿਲਾਂ ਹੱਥ ਅਗੇ ਹੁੰਦਾ ਹੈ। ਪੇਟ ਵਿਚ ਦਰਦ ਹੋਵੇ ਤਾਂ ਹੱਥ ਉਥੇ ਚਲਾ ਜਾਂਦਾ ਹੈ। ਹੱਥ ਸਾਡੇ ਸਰੀਰ ਦਾ ਸਭ ਤੋਂ ਨੇੜਦਾ ਸਹਿਯੋਗੀ ਅੰਗ ਹੈ। ਲੇਕਿਨ ਫਿਰ ਵੀ ਭਗਤ ਰਵਿਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਹੱਥ ਦੇ ਜਾਂਦਿਆਂ ਅਜੇ ਵੀ ਦੇਰ ਲਗਦੀ ਹੈ। ਪਰ ਪ੍ਰਮਾਤਮਾ ਇਸ ਤੋਂ ਵੀ ਨੇੜੇ ਹੈ। ਬਲਕਿ ਪਹਿਲਾਂ ਹੀ ਉਥੇ ਮੌਜੂਦ ਹੈ।

**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥**

ਜੇ ਹੁਣ ਪ੍ਰਮਾਤਮਾ ਏਨਾ ਨੇੜੇ ਹੈ ਤਾਂ ਦੂਰ ਕਿਉਂ ਭਾਸਦਾ ਹੈ? ਦੂਰੀ ਕਾਹਦੀ ਹੈ?

ਜੋ ਦੂਰੀ ਹੈ ਉਹ ਸਿਰਫ਼ ਮੈਂ ਦੀ ਹੈ। ਹਉਮੈ ਦੀ। ਯਾਨੀ ਕਿ ਮੈਂ ਹਾਂ। ਮਨ ਆਪਣੇ ਆਪ ਦੀ ਹੋਂਦ ਦਾ ਦਾਵ੍ਹਾ ਕਰਦਾ ਹੈ ਕਿ ਮੈਂ ਕੁਝ ਹਾਂ। ਇਕ ਮਕਾਨ ਦੇ ਦੋ ਮਾਲਕ ਹੋਣ ਦਾ ਦਾਵ੍ਹਾ ਕਰਦੇ ਹਨ। ਪਰ ਉਹ ਮਾਰਗ ਇੰਨਾ ਬਰੀਕ ਹੈ ਕਿ ਉਸ ਮਾਰਗ ਤੇ ਦੋ ਨਹੀਂ ਰਹਿ ਸਕਦੇ। ਜਾਂ ਮਨ ਰਹੇਗਾ ਜਾਂ ਪ੍ਰਮਾਤਮਾ।

"ਰਹੀਮ ਖਾਂ" ਨਾਮ ਦੇ ਇਕ ਮਹਾਨ ਦਾਰਸ਼ਨਿਕ ਕਵੀ ਹੋਏ ਹਨ। ਅਕਬਰ ਦੇ ਦਰਬਾਰ ਦੇ ਨੌਂ ਰਤਨਾਂ ਵਿਚੋਂ ਇਕ ਰਤਨ ਇਹ ਕਵੀ ਰਹੀਮ ਸਨ। ਅਕਬਰ ਨੇ ਆਪਣੇ ਦਰਬਾਰ ਦੇ ਨੌਂ ਬੰਦੇ ਇੰਨੇ ਕੀਮਤੀ ਚੁਣੇ ਹੋਏ ਸਨ ਕਿ ਉਨ੍ਹਾਂ ਨੂੰ ਨੌਂ ਰਤਨਾਂ ਦਾ ਖ਼ਿਤਾਬ ਦਿੱਤਾ ਹੋਇਆ ਸੀ। ਕਵੀ ਰਹੀਮ ਖਾਂ ਨੇ ਬ੍ਰਿਜ ਭਾਸ਼ਾ ਵਿਚ ਕਾਫ਼ੀ ਦੋਹਰੇ ਲਿਖੇ ਹਨ। ਕਵੀ ਰਹੀਮ ਖਾਂ ਦੀਆਂ ਦੋ ਪੁਸਤਕਾਂ "ਰਹੀਮ ਦੋਹਾਵਰੀ" ਅਤੇ "ਰਹੀਮ ਸਤਸ਼ਈ" ਵੀ ਮਿਲਦੀਆਂ ਹਨ। ਮਨ ਦੀ ਦੁਨੀਆ ਬਾਰੇ ਰਹੀਮ ਲਿਖਦੇ ਹਨ ਕਿ —

**ਰਹਿਮਨ ਗਲੀ ਅਤਿ ਸੰਕੁਰੀ, ਦੋਨਹੁ ਨਾ ਠਹਰਾਇ॥**

ਭਾਵ ਕਿ ਗਲੀ ਬੜੀ ਭੀੜੀ ਹੈ। ਉਸ ਗਲੀ ਵਿਚੋਂ ਸਿਰਫ਼ ਇਕੋ ਹੀ ਲੰਘ ਸਕਦਾ ਹੈ। ਦੋ ਨਹੀਂ ਲੰਘ ਸਕਦੇ।

**ਹਰਿ ਬਸੈ ਤਉ ਆਪ ਨਹਿ, ਆਪ ਬਸੈ ਤਉ ਹਰਿ ਨਾਹਿ॥**

*(ਰਹੀਮ)*

ਮਨ ਆਪ ਹੋਵੇਗਾ ਤਾਂ ਪ੍ਰਮਾਤਮਾ ਨਹੀਂ ਹੋਵੇਗਾ। ਪ੍ਰਮਾਤਮਾ ਹੋਵੇਗਾ ਤਾਂ ਆਪਾ ਨਹੀਂ ਟਿਕ ਸਕੇਗਾ। ਗਲੀ ਬਹੁਤ ਸੌੜੀ ਹੈ। ਇਥੋਂ ਤੂੰ ਸਿਰਫ਼ ਪ੍ਰਮਾਤਮਾ ਨੂੰ ਲੰਘਣ ਦੇ। ਆਪਣੇ ਆਪ ਨੂੰ ਗੁਰੂ ਦੇ ਸਨਮੁਖ ਅਰਪਣ ਕਰ ਦੇ। ਅੰਦਰੋਂ ਮਨ ਨਾ ਮਰਿਆ ਤਾਂ ਦੁਬਿਧਾ ਬਣੀ ਰਹੇਗੀ। ਬੰਦੇ ਦੇ ਅੰਦਰ ਜਦੋਂ ਮਾਲਕ ਹੀ ਦੋ ਹਨ ਤਾਂ ਸੋਚਣਾ ਪਏਗਾ ਪਈ ਕੌਣ ਚੰਗਾ ਹੈ? ਅਤੇ ਕੌਣ ਘਟ ਚੰਗਾ ਹੈ? ਬੰਦੇ ਦੇ ਜੀਵਨ ਦੀ ਸਭ ਤੋਂ ਵੱਡੀ ਕਮਜ਼ੋਰੀ ਦੁਬਿਧਾ ਹੈ। ਯਾਨੀ ਕਿ ਅੰਦਰੋਂ ਦੋ ਹੋਣਾ ਹੈ।

ਭਾਈ ਗੁਰਦਾਸ ਨੇ ਇਕ ਦਿਨ ਕੁਝ ਬੱਚਿਆਂ ਨੂੰ ਪਤੰਗ ਉਡਾਉਂਦੇ ਹੋਏ ਦੇਖਿਆ। ਭਾਈ ਸਾਹਿਬ ਪੁਛਣ ਲਗੇ, ਬੇਟਾ! ਇਹ ਪਤੰਗ (ਗੁੱਡੀ)

ਕਿਵੇਂ ਉਡ ਰਹੀ ਹੈ? ਬੱਚੇ ਕਹਿਣ ਲਗੇ ਬਾਬਾ ਜੀ! ਇਹ ਹਵਾ ਨਾਲ ਉੱਡ ਰਹੀ ਹੈ। ਭਾਈ ਸਾਹਿਬ ਜੀ ਕਹਿਣ ਲਗੇ ਗੱਲ ਤਾਂ ਬਿਲਕੁਲ ਠੀਕ ਹੈ। ਹਵਾ ਤੋਂ ਬਿਨਾ ਕੋਈ ਨਹੀਂ ਉੱਡ ਸਕਦਾ। ਪ੍ਰਭੂ ਨੇ ਬੰਦੇ ਦੇ ਅੰਦਰ ਸੁਆਸਾਂ ਦੀ ਹਵਾ ਪਾਈ ਹੈ ਫਿਰ ਇਹ ਉਡਿਆ ਫਿਰਦਾ ਹੈ।

ਕੁਝ ਬੱਚੇ ਲਾਟੂ ਚਲਾ ਰਹੇ ਸਨ। ਯਾਨੀ ਭੰਭੀਰੀਆਂ ਚਲਾ ਰਹੇ ਸਨ। ਭਾਈ ਸਾਹਿਬ ਉਨ੍ਹਾਂ ਨੂੰ ਪੁੱਛਦੇ ਹਨ ਬੇਟਾ! ਇਹ ਲਾਟੂ ਕਿਵੇਂ ਘੁੰਮਦਾ ਹੈ? ਬੱਚੇ ਕਹਿਣ ਲਗੇ ਬਾਬਾ ਜੀ! ਇਹ ਡੋਰੀ ਦੀ ਮਰੋੜ ਨਾਲ ਘੁੰਮਦਾ ਹੈ। ਯਾਨੀ ਕਿ ਵੱਟ ਨਾਲ ਘੁੰਮਦਾ ਹੈ। ਭਾਈ ਸਾਹਿਬ ਕਹਿਣ ਲਗੇ ਕਿ ਇਹ ਵੀ ਗੱਲ ਠੀਕ ਹੈ। ਬੰਦੇ ਨੂੰ ਵੀ ਕੋਈ ਮਰੋੜ ਹੈ ਯਾਨੀ ਕਿ ਵੱਟ ਹੈ। ਇਹ ਵੀ ਘੁੰਮਣ ਘੇਰੀ ਵਿੱਚ ਹੀ ਹੈ। ਇਹ ਸਾਰਾ ਜੀਵਨ ਘੁੰਮਦਾ ਹੈ। ਹੁਣ ਭਾਈ ਗੁਰਦਾਸ ਰੱਬੀ ਕਵੀ ਹਨ। ਕੋਮਲ ਹਿਰਦਾ ਰਖਦੇ ਹਨ। ਉਨ੍ਹਾਂ ਦੀ ਦੇਖਣ ਦੀ ਦ੍ਰਿਸ਼ਟੀ ਹੋਰ ਹੈ। ਭਾਈ ਸਾਹਿਬ ਨੇ ਇਕ ਦਿਨ ਇਕ ਸੁਨਿਆਰੇ ਨੂੰ ਦੇਖਿਆ। ਸੁਨਿਆਰਾ ਸੋਨੇ ਨੂੰ ਤਾਅ ਦੇ ਰਿਹਾ ਸੀ। ਭਾਈ ਸਾਹਿਬ ਸੁਨਿਆਰੇ ਨੂੰ ਪੁਛਣ ਲਗੇ ਪਈ ਤੁਹਾਨੂੰ ਇਹ ਕਿਵੇਂ ਪਤਾ ਲਗਦਾ ਹੈ ਕਿ ਸੋਨਾ ਖਰਾ ਹੈ ਕਿ ਖੋਟਾ ਹੈ। ਸੁਨਿਆਰਾ ਕਹਿਣ ਲਗਾ ਬਾਬਾ ਜੀ! ਜਦੋਂ ਤਕ ਸੋਨਾ ਅੱਗ ਉਪਰ ਭਟਕਦਾ ਹੈ, ਸਮਝੋ ਖੋਟਾ ਹੈ। ਜਦੋਂ ਅੱਗ ਉੱਪਰ ਟਿਕ ਜਾਏ ਸਮਝੋ ਖਰਾ ਹੋ ਗਿਆ। ਭਾਈ ਸਾਹਿਬ ਕਹਿਣ ਲਗੇ ਗੱਲ ਤਾਂ ਇਹ ਵੀ ਠੀਕ ਹੈ। ਬੰਦਾ ਜਦੋਂ ਤਕ ਭਟਕਦਾ ਹੈ ਸਮਝੋ ਖੋਟਾ ਹੈ। ਜਿਸ ਦਿਨ ਬੰਦੇ ਦਾ ਮਨ ਟਿਕ ਜਾਏ ਸਮਝੋ ਖਰਾ ਹੋ ਗਿਆ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਸੋਨੇ ਵਿਚ ਤਾਂ ਲਾਖ ਜਾਂ ਪਿੱਤਲ, ਤਾਂਬੇ ਆਦਿ ਦੀ ਖੋਟ ਹੋ ਸਕਦੀ ਹੈ। ਪਰ ਬੰਦੇ ਦੇ ਮਨ ਵਿੱਚ ਦੁਬਿਧਾ ਹੀ ਖੋਟ ਹੈ। ਦੁਬਿਧਾ ਹੀ ਬੰਦੇ ਨੂੰ ਖੋਟਿਆਂ ਕਰਦੀ ਹੈ। ਇਹ ਸਾਰਾ ਕਥਨ ਭਾਈ ਸਾਹਿਬ ਨੇ ਇਕ ਕਬਿੱਤ ਵਿੱਚ ਕੀਤਾ ਹੈ ਕਿ —

**ਪਵਨ ਗਵਨ ਜੈਸੇ ਗੁਡੀਆ ਉਡਤਰ ਹੈ,**
**ਪਵਨ ਰਹਿਤ ਗੁਡੀ ਉਡ ਨ ਸਕਤ ਹੈ॥**
**ਡੋਰੀ ਕੀ ਮਰੋੜ ਜੈਸੇ ਲਟੂਆ ਫਿਰਤ ਰਹੈ,**
**ਤਾਉ, ਹਾਉ ਮਿਟੈ ਗਿਰ ਪਰੈ ਹੈ ਥਕਤ ਹੈ॥**
**ਕੰਚਨ ਅਸ਼ੁਧ ਜਿਉ ਕੁਠਾਰੀ ਠਹਿਰਾਤ ਨਾਹੀ,**
**ਸ਼ੁਧ ਭਾਏ ਨਿਹਚਲ ਸ਼ਬ ਕੋ ਸੁਕਤ ਹੈ॥**

**ਦੁਬਿਧਾ ਦੁਰਮਤ ਭਰਮਤ ਹੈ ਚਤੁਰ ਕੁੰਟ,**
**ਗੁਰਮਤ ਟੇਕ ਏਕ ਮੋਨ ਨ ਬਕਤ ਹੈ॥** *(ਕਬਿਤ)*

ਦੁਬਿਧਾ ਕਰਕੇ ਬੰਦੇ ਦਾ ਮਨ ਮਲੀਨ ਹੁੰਦਾ ਹੈ। ਮਲੀਨ ਮਨ, ਤਨ ਨੂੰ ਮਲੀਨ ਕਰਮ ਕਰਨ ਲਈ ਪ੍ਰੇਰਦਾ ਹੈ। ਬੰਦੇ ਨੂੰ, ਤਨ ਸੁਆਰਨਾ ਤਾਂ ਆ ਗਿਆ ਹੈ ਪਰ ਮਨ ਸੁਆਰਨਾ ਨਹੀਂ ਆਇਆ। ਪਈ ਬੰਦੇ ਦੇ ਤਨ ਨੂੰ ਕੋਈ ਕਾਲਖ ਲਗੀ ਹੈ ਤਾਂ ਬੰਦਾ ਸਾਫ਼ ਕਰ ਲਏਗਾ। ਪਰ ਜੇ ਮਨ ਕਾਲਾ ਹੈ ਤਾਂ ਉਹ ਬੰਦਾ, ਜਿਥੇ ਬੈਠੇਗਾ ਅਨੇਕਾਂ ਨੂੰ ਕਾਲਿਆਂ ਕਰੇਗਾ। ਤਨ ਧੋਣ ਵਾਸਤੇ ਪਾਣੀ ਤਾਂ ਸੰਸਾਰ ਵਿਚੋਂ ਥਾਂ ਥਾਂ ਮਿਲ ਸਕਦਾ ਹੈ, ਪਰ ਮਨ ਧੋਣ ਵਾਲਾ ਜਲ ਸਿਰਫ਼ ਸੰਪੂਰਨ ਗੁਰੂ ਪਾਸੋਂ ਪਤਾ ਲਗੇਗਾ।

**ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ**
**ਸੋ ਅੰਮ੍ਰਿਤੁ ਗੁਰ ਪਾਹੀ ਜੀਉ॥**
**ਛੋਡਹੁ ਵੇਸੁ ਭੇਖ ਚਤੁਰਾਈ**
**ਦੁਬਿਧਾ ਇਹੁ ਫਲੁ ਨਾਹੀ ਜੀਉ॥੧॥**
**ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥**
**ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ**
**ਘਰਿ ਅੰਮ੍ਰਿਤੁ ਘਟ ਮਾਹੀ ਜੀਉ॥** *(ਪੰਨਾ ੫੯੮)*

ਮਨ ਨੂੰ ਟਿਕਾਉਣ ਵਾਲਾ ਅਤੇ ਸਾਫ਼ ਕਰਨ ਵਾਲਾ ਅੰਮ੍ਰਿਤ ਜਲ, ਕਰਤਾ ਪੁਰਖ ਪ੍ਰਮਾਤਮਾ ਨੇ ਮਨੁੱਖ ਦੇ ਅੰਦਰ ਹੀ ਟਿਕਾਇਆ ਹੋਇਆ ਹੈ। ਗੁਰੂ ਦੀ ਕ੍ਰਿਪਾ ਦੁਆਰਾ ਉਸ ਅੰਮ੍ਰਿਤ ਜਲ ਨੂੰ ਪ੍ਰਾਪਤ ਕਰਨ ਦੀ ਜੁਗਤ ਪ੍ਰਾਪਤ ਹੁੰਦੀ ਹੈ। ਤਨ ਦੀ ਮੈਲ ਪਾਣੀ ਨਾਲ ਧੁਪਦੀ ਹੈ ਅਤੇ ਮਨ ਦੀ ਮੈਲ ਬਾਣੀ ਨਾਲ ਧੁਪਦੀ ਹੈ।

**ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**
*(ਪੰਨਾ ੪)*

ਬੜੀ ਪੁਰਾਣੀ ਇਕ ਕਥਾ ਹੈ। ਬਿਕ੍ਰਮਾਜੀਤ ਦੇ ਵੱਡੇ ਭਰਾ ਦਾ ਨਾਮ ਭਰਥਰੀ ਸੀ। ਬਿਕ੍ਰਮਾਜੀਤ ਦੇ ਨਾਮ ਉੱਪਰ ਸੰਮਤ ਬਿਕ੍ਰਮੀ ਚਲਦਾ ਹੈ। ਭਰਥਰੀ ਨੂੰ ਘਰੋਂ ਹੀ ਚੋਟ ਐਸੀ ਲਗ ਗਈ। ਪਤਨੀ ਬੇਵਫ਼ਾ ਨਿਕਲੀ।

ਇਸਦਾ ਮਨ ਟੁਟ ਗਿਆ। ਬਰਦਾਸ਼ਤ ਨਾ ਕਰ ਸਕਿਆ। ਤਾਂ ਇਸ ਨੇ ਸਭ ਕੁਝ ਰਾਜ ਭਾਗ ਸਮੇਤ ਛੱਡ ਦਿੱਤਾ। ਸੋਚਿਆ ਕਿ ਕਿਤੇ ਮਨ ਨੂੰ ਟਿਕਾਉਣ ਦਾ ਕੋਈ ਵਸੀਲਾ ਕਰਦੇ ਹਾਂ। ਭਰਥਰੀ ਯੋਗੀ ਹੋ ਗਿਆ। ਭਰਥਰੀ ਆਪ ਕਹਿੰਦਾ ਹੈ ਕਿ ਮਨ ਬੜਾ ਪੁਰਾਣਾ ਪਾਪੀ ਹੈ। ਪਹਿਲਾਂ ਰਾਜ ਮਹੱਲਾਂ ਵਿੱਚ ਨਹੀਂ ਸੀ ਟਿਕਦਾ ਅਤੇ ਹੁਣ ਯੋਗੀ ਬਣਿਆਂ ਵੀ ਨਹੀਂ ਟਿਕਦਾ।

ਭਰਥਰੀ ਹਰੀ ਨਾਲ ਵਾਕਿਆ ਹੋ ਗਿਆ। ਕਿਤੇ ਰਾਤ ਸਫ਼ਰ ਕਰਦਾ ਤੁਰਿਆ ਜਾ ਰਿਹਾ ਸੀ। ਰਾਤ ਚਾਨਣੀ ਸੀ। ਰਸਤੇ ਵਿਚ ਚੰਦਰਮਾਂ ਦੀ ਰੋਸ਼ਨੀ ਵਿੱਚ ਕੋਈ ਚਮਕਦੀ ਹੋਈ ਚੀਜ਼ ਦਿਖਾਈ ਦਿੱਤੀ। ਭਰਥਰੀ ਨੇ ਸੋਚਿਆ ਕਿ ਹੀਰਾ ਜਾਂ ਲਾਲ ਹੈ। ਪਰ ਇਹ ਸੋਚ ਕੇ ਉਸ ਨੇ ਛੱਡ ਦਿੱਤਾ ਕਿ ਜਿਹੜਾ ਰਾਜ ਭਾਗ ਤਿਆਗ ਕੇ ਆਏ ਹਾਂ, ਉਥੇ ਕਿਹੜੇ ਹੀਰੇ ਲਾਲ ਘੱਟ ਸਨ। ਇਹ ਵੀ ਤਿਆਗ ਦਿਓ। ਇਹ ਕਿਸ ਕੰਮ ਹੈ। ਪਰ ਅਗੇ ਜਾਕੇ ਮਨ ਬਦਲ ਗਿਆ। ਮਨ ਨੇ ਅੰਦਰੋਂ ਅਵਾਜ਼ ਦਿੱਤੀ ਕਿ ਤੂੰ ਇਹ ਹੀਰਾ ਕਿਉਂ ਛੱਡਦਾ ਹੈਂ। ਜੇ ਤੇਰੇ ਕਿਸੇ ਕੰਮ ਨਹੀਂ ਤਾਂ ਤੂੰ ਕਿਸੇ ਗ਼ਰੀਬ ਨੂੰ ਦੇ ਦੇਵੀਂ। ਇਹ ਸੋਚ ਕੇ ਭਰਥਰੀ ਪਿਛੇ ਪਰਤੇ। ਆ ਕੇ ਉਹ ਹੀਰਾ ਜਾਂ ਲਾਲ ਜੋ ਸੀ ਉਸ ਨੂੰ ਹੱਥ ਨਾਲ ਪਕੜਨ ਲਗੇ। ਜਦੋਂ ਹੱਥ ਨੀਵਾਂ ਕੀਤਾ ਹੱਥ ਗੰਦਗੀ ਨਾਲ ਅਲੂਦ ਹੋ ਗਿਆ। ਬੜਾ ਧੋਖਾ ਹੋ ਗਿਆ। ਦਰਅਸਲ ਉਹ ਹੀਰਾ ਜਾਂ ਲਾਲ ਨਹੀਂ ਸੀ। ਉਹ ਤਾਂ ਕਿਸੇ ਪਾਨ ਖਾਣ ਵਾਲੇ ਨੇ ਪਾਨ ਖਾਕੇ ਥੁਕਿਆ ਹੋਇਆ ਸੀ। ਉਹ ਪੀਕ ਦਾ ਬੁਲਬੁਲਾ, ਚੰਦਰਮਾਂ ਦੀ ਰੋਸ਼ਨੀ ਵਿਚ ਚਮਕ ਰਿਹਾ ਸੀ। ਭਰਥਰੀ ਹਰੀ ਨੇ ਆਪਣੇ ਮਨ ਨੂੰ ਬੜੀਆਂ ਲਾਹਨਤਾਂ ਪਾਈਆਂ। ਬੜਾ ਪਰੇਸ਼ਾਨ ਹੋਇਆ। ਆਪਣੇ ਮਨ ਨੂੰ ਕਹਿਣ ਲਗਾ ਤੂੰ ਫਿਰ ਧੋਖਾ ਦੇ ਗਿਆ ਹੈਂ। ਮੈਂ ਇਨੇ ਲਾਲ, ਹੀਰੇ, ਮਾਣਕ, ਮੋਤੀ ਛੱਡ ਕੇ ਆਇਆ ਹਾਂ। ਇੰਨੀ ਧਨ ਸੰਪਤੀ ਛੱਡੀ ਹੈ। ਜੇ ਮੈਂ ਥੁੱਕ ਨਾਲ ਹੀ ਹੱਥ ਭਰਨੇ ਸਨ, ਉਹ ਵੀ ਕਿਸੇ ਦੇ ਥੁੱਕ ਨਾਲ ਤਾਂ ਮੈਨੂੰ ਇੰਨਾ ਕੁਝ ਤਿਆਗਣ ਦੀ ਕੀ ਜ਼ਰੂਰਤ ਸੀ? ਜ਼ਰੂਰ ਮੇਰੇ ਮਨ ਵਿੱਚ ਕਮੀ ਹੈ। ਅਜੇ ਕੁਝ ਵੀ ਨਹੀਂ ਤਿਆਗਿਆ ਗਿਆ। ਆਪਣੇ ਮਨ ਨੂੰ ਲਾਹਨਤ ਪਾਉਂਦਿਆਂ ਭਰਥਰੀ ਨੇ ਇਕ ਬੜਾ ਸੁੰਦਰ ਦੋਹਰਾ ਕਿਹਾ ਹੈ —

**ਲਾਲ ਤਜੇ ਮੰਦਰ ਤਜੇ, ਤਜੇ ਸਖੀਅਨ ਕੇ ਸਾਥ॥**
**ਭਰਥਰਿ ਧੋਖੇ ਲਾਲ ਕੇ, ਭਰੇ ਪੀਕ ਸਿਉਂ ਹਾਥ॥**

*(ਭਰਥਰੀ ਹਰੀ)*

ਭਰਥਰੀ ਆਖਦੇ ਹਨ ਕਿ ਲਾਲ, ਹੀਰੇ, ਜਵਾਹਰਾਤ, ਲਾਲ ਜੜ੍ਹੇ ਹੋਏ ਮੰਦਰ, ਜਿਨ੍ਹਾਂ ਵਿਚ ਰਹਿ ਅਨੇਕਾਂ ਸਖੀਆਂ ਸੇਵਾ ਕਰਦੀਆਂ ਸਨ, ਸਭ ਤਿਆਗ ਦਿੱਤਾ। ਪਰ ਅਜੇ ਵੀ ਕੋਈ ਅੰਦਰ ਖਿੱਚ ਹੈ, ਪਕੜ ਹੈ। ਅਜੇ ਪੂਰਨ ਤਿਆਗ ਨਹੀਂ ਹੋਇਆ। ਨਹੀਂ ਤਾਂ ਮੈਂ ਥੁੱਕ ਵਿੱਚ ਹੱਥ ਨਹੀਂ ਸੀ ਭਰ ਸਕਦਾ।

ਭਰਥਰੀ ਉਜਾੜ ਵਿੱਚ ਰਹਿੰਦੇ ਸਨ। ਭਰਥਰੀ ਨੇ ਗੁਰੂ ਗੋਰਖ ਨਾਥ ਤੋਂ ਯੋਗ ਲਿਆ ਸੀ। ਜਦੋਂ ਗੋਰਖ ਦੇ ਕੋਲ ਭਰਥਰੀ ਦੀਖਿਆ ਲੈਣ ਵਾਸਤੇ ਆਏ ਸਨ ਤਾਂ ਸਭ ਤੋਂ ਪਹਿਲਾਂ ਗੋਰਖ ਨੇ ਭਰਥਰੀ ਨੂੰ ਕਿਹਾ ਸੀ ਕਿ ਤੂੰ ਆਪਣੇ ਕਪੜੇ ਉਤਾਰ ਤੇ ਲੀਰਾਂ ਦੀ ਬਣੀ ਹੋਈ ਗੋਦੜੀ ਪਾਇਆ ਕਰ। ਘਰ ਘਰ ਤੋਂ ਮੰਗ ਕੇ ਲਿਆਇਆ ਕਰ। ਤੇਰੇ ਅੰਦਰ ਜੋ ਰਾਜੇਪਣ ਦਾ ਹੰਕਾਰ ਹੈ, ਉਹ ਤਾਂ ਹੀ ਜਾਏਗਾ ਜੇ ਤੂੰ ਇਸ ਤਰ੍ਹਾਂ ਕਰੇਂਗਾ। ਜੋ ਭਿਖਿਆ ਮੰਗ ਕੇ ਲਿਆਉਣੀ ਹੈ, ਉਹ ਦਿਨ ਵਿਚ ਸਿਰਫ਼ ਇਕੋ ਵਾਰ ਹੀ ਮੰਗਣੀ ਹੈ। ਓਨੀ ਹੀ ਮੰਗਣੀ ਹੈ ਜਿਸ ਨਾਲ ਸਿਰਫ਼ ਭੁਖ ਮਿਟਾਈ ਜਾ ਸਕੇ। ਉਹ ਕੋਈ ਬਹੁਤਾ ਸੁਆਦੀ ਪਦਾਰਥ ਵੀ ਨਹੀਂ ਹੋਣਾ ਚਾਹੀਦਾ। ਭਰਥਰੀ ਹਰੀ ਆਪ ਇਹ ਬਿਆਨ ਕਰਦੇ ਹਨ।

**ਜਾਚ ਜਾਚ ਕੇ ਅਹਾਰ, ਸੋ ਭਿ ਨਾ ਸਵਾਦ ਵਾਰ॥**
**ਲਾਭ ਹੋਤ ਏਕ ਬਾਰ, ਭੂਖ ਤਾਪ ਕੋ ਅਵਾਰ॥**

ਫਿਰ ਗੁਰੂ ਗੋਰਖ ਨਾਥ ਨੇ ਕਿਹਾ ਸੀ ਕਿ ਕਿਸੇ ਸ਼ਹਿਰ ਵਿੱਚ ਵਾਸਾ ਨਹੀਂ ਕਰਨਾ। ਕਿਸੇ ਰਿਸ਼ਤੇਦਾਰ ਨਾਲ ਮੇਲ ਮੁਲਾਕਾਤ ਨਹੀਂ ਰਖਣੀ। ਰਿਸ਼ਤੇਦਾਰ ਕਿਸੇ ਨੂੰ ਮੰਨਣਾ ਹੀ ਨਹੀਂ। ਧਰਤੀ ਉਤੇ ਹੀ ਸੌਣਾ ਹੈ। ਸੌਣ ਵਾਸਤੇ ਕੋਈ ਚੰਗਾ ਆਸਣ ਜਾਂ ਬਿਸਤਰਾ ਨਹੀਂ ਰਖਣਾ। ਸਰੀਰ ਸਿਰਫ਼ ਵੇਖਣ ਵਾਸਤੇ ਸਰੀਰ ਹੋਵੇ। ਉਸ ਵਿਚ ਕੋਈ ਜੋਬਨ ਨਹੀਂ ਹੋਣਾ ਚਾਹੀਦਾ। ਨਹੀਂ ਤਾਂ ਮਨ ਵਾਸ਼ਨਾ ਵੱਲ ਦੌੜੇਗਾ। ਕੋਈ ਵਧੀਆ ਘਰ ਨਹੀਂ ਬਨਾਉਣਾ। ਸਿਰਫ਼ ਉਜਾੜਾਂ ਵਿੱਚ ਇਕ ਝੌਂਪੜੀ ਬਨਾਉਣੀ ਹੈ। ਜੋ ਗਿਆਨ ਦੇ ਗ੍ਰੰਥ ਪੜ੍ਹੇ ਹਨ। ਉਨ੍ਹਾਂ ਨੂੰ ਬਾਰ ਬਾਰ ਪੜ੍ਹਨਾ ਹੈ।

ਯੋਗੀ ਭਰਥਰੀ ਹਰੀ ਕਹਿੰਦੇ ਹਨ ਕਿ ਗੋਰਖ ਦੇ ਦਸੇ ਮਾਰਗ ਅਨੁਸਾਰ ਮੈਂ ਹਰ ਸਾਧਨ ਕੀਤਾ ਹੈ। ਗੋਰਖ ਨੇ ਸਾਧਨਾਂ ਦੀਆਂ ਬੜੀਆਂ ਵਿਧੀਆਂ ਬਣਾਈਆਂ ਸਨ। ਏਨੀਆਂ ਵਿਧੀਆਂ ਰੱਬ ਨੂੰ ਖੋਜਣ ਦੀਆਂ ਬਣਾਈਆਂ ਸਨ ਕਿ ਕਈ ਵਾਰ ਚੇਲੇ ਏਨੀਆਂ ਵਿਧੀਆਂ ਦਾ ਅਧਿਐਨ ਕਰਦੇ ਕਰਦੇ ਉਕਤਾ ਜਾਂਦੇ ਸਨ। ਏਨੇ ਮੰਤਰ ਵਿਧੀਆਂ ਨੂੰ ਵੇਖ ਸੁਣ ਕੇ

ਹੀ ਚੇਲਿਆਂ ਨੂੰ ਘਬਰਾਹਟ ਹੋਣ ਲਗਦੀ ਸੀ। ਚੇਲੇ ਇਸ ਘਬਰਾਹਟ ਵਿੱਚ ਆ ਕੇ ਆਮ ਕਹਿੰਦੇ ਸਨ ਕਿ "ਇਹ ਨਿਰਾ ਹੀ ਗੋਰਖ ਧੰਧਾ ਹੈ।" ਜਿਥੇ ਰੱਬ ਦੀ ਗੱਲ ਬੜੀ ਅਟਪਟੀ ਹੈ। ਉਥੇ ਮਨ ਦੀ ਵੀ ਬੜੀ ਖਟਪੱਟੀ ਹੈ। ਮਨ ਦੀ ਖਟਪਟੀ ਦੂਰ ਕਰਨ ਲਈ ਗੋਰਖ ਨੇ ਏਨ੍ਹੀਆਂ ਵਿਧੀਆਂ ਤਿਆਰ ਕੀਤੀਆਂ ਸਨ ਕਿ ਉਨ੍ਹਾਂ ਵਿਧੀਆਂ, ਵਿਧਾਨਾਂ ਅਤੇ ਮੰਤਰਾਂ ਦਾ ਜਾਲ ਇਕ ਗੋਰਖ ਧੰਧਾ ਬਣ ਕੇ ਹੀ ਰਹਿ ਗਿਆ। ਇਸੇ ਵਾਸਤੇ ਹੀ ਰੱਬ ਨਾਲ ਵੀ ਇਹ ਮੁਹਾਵਰਾ ਜੁੜ ਗਿਆ ਕਿ —

**ਰਬ ਇਕ ਗੋਰਖ ਧੰਧਾ॥**

ਜਿਥੇ ਰੱਬ ਇਕ ਗੁੰਝਲਦਾਰ ਬੁਝਾਰਤ ਹੈ, ਉਥੇ ਮਨ ਵੀ ਬੜਾ ਹੀ ਗੁੰਝਲਦਾਰ ਹੈ। ਮਨ ਨੂੰ ਸਮਝਣਾ ਵੀ ਉਨਾਂ ਹੀ ਔਖਾ ਹੈ ਜਿੰਨਾਂ ਰੱਬ ਨੂੰ ਸਮਝਣਾ ਔਖਾ ਹੈ। ਮੇਰੇ ਵੱਡੇ ਬਾਬਾ ਜੀ ਇਕ ਬਚਨ ਕਰਦੇ ਹੁੰਦੇ ਸਨ। ਉਹ ਰੱਬ ਦੀ ਗੱਲ ਨੂੰ ਅਤੇ ਮਨ ਦੀ ਅਵਸਥਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹੁੰਦੇ ਸਨ ਕਿ —

**ਏਕ ਬਾਤ ਹੈ ਅਟਪਟੀ, ਝਟ ਪਟ ਲਖੀ ਨ ਜਾਇ॥**
**ਝੱਟ ਪਟ ਤਾਂ ਤਉ ਹੀ ਲਖੈ, ਜਉ ਮਨ ਕੀ ਖਟ ਪਟੀ ਜਾਇ॥**

*(ਸੰਤਰੇਨ ਸੁਆਮੀ)*

ਯੋਗੀ ਭਰਥਰੀ ਕਹਿੰਦੇ ਹਨ ਕਿ ਮੈਂ ਆਪਣੇ ਗੁਰੂ ਗੋਰਖ ਦੇ ਦਸੇ ਹੋਏ ਸਾਰੇ ਮੰਤਰ ਅਪਣਾਏ ਹਨ। ਪਈ—

**ਜਾਚ ਜਾਚ ਕੇ ਅਹਾਰ, ਸੋ ਭਿ ਨਾ ਸਵਾਦ ਵਾਰ॥**
**ਲਾਭ ਹੋਤ ਏਕ ਬਾਰ, ਭੂਖ ਤਾਪ ਕੋ ਅਵਾਰ॥**

ਮੰਗ ਮੰਗ ਕੇ ਟੁਕਰ ਮੈਂ ਖਾਂਦਾ ਰਿਹਾ ਹਾਂ। ਉਹ ਵੀ ਦਿਨ ਵਿੱਚ ਸਿਰਫ਼ ਇਕ ਵਾਰ, ਜਿਸ ਨਾਲ ਸਿਰਫ਼ ਭੁਖ ਦਾ ਦੁਖ ਮਿਟਾਇਆ ਜਾ ਸਕੇ। ਉਹ ਭੋਜਨ ਕੋਈ ਸਵਾਦ ਵਾਲਾ ਨਹੀਂ ਹੁੰਦਾ ਸੀ।

**ਸੈਨ ਭੂਮ ਮੈ ਬਨੋ, ਨਾ ਸਾਕ ਸੈਨ ਕੋ ਗਨੋ,**
**ਸ਼ਰੀਰ ਮਾਤਰ ਪੇਖਨੋ, ਨਾ ਜੋਬਨੋ ਸਪੇਦ ਵਾਰ॥**

ਧਰਤੀ ਉਤੇ ਮੈਂ ਸੌਂਦਾ ਰਿਹਾ ਹਾਂ। ਅੰਗ ਸਾਕ ਮੇਰਾ ਕੋਈ ਨਹੀਂ ਹੈ। ਸਰੀਰ ਮੇਰਾ ਹੁਣ ਏਨਾ ਕਮਜ਼ੋਰ ਅਤੇ ਬਿਰਧ ਹੋ ਗਿਆ ਹੈ ਕਿ ਸਰੀਰ ਦਾ ਕੋਈ ਐਸਾ ਰੋਮ (ਵਾਲ) ਨਹੀਂ ਜਿਹੜਾ ਕਾਲਾ ਹੋਵੇ। ਸਭ ਚਿੱਟੇ ਹੋ ਗਏ

ਹਨ। ਅਭਿਆਸ ਨਾਲ ਇਸ ਸਰੀਰ ਨੂੰ ਮੈਂ ਇੰਨਾ ਸੁਕਾ ਛਡਿਆ ਹੈ ਕਿ ਵੇਖਣ ਨੂੰ ਹੀ ਸਰੀਰ ਹੈ ਵਰਨਾ ਇਸ ਵਿਚ ਕੋਈ ਜਾਨ ਜਾਂ ਤਾਕਤ ਨਹੀਂ ਹੈ।

**ਖੀਨ ਚੀਨ ਗੋਦਰੀ ਅਨੇਕ ਲੀਰ ਸਿਉਂ ਕਰੀ,**
**ਕਰੀ ਉਜਾਰ ਝੌਂਪੜੀ, ਅਧਿਐਨ ਗ੍ਰੰਥ ਵਾਰ ਵਾਰ॥**

ਤਰ੍ਹਾਂ ਤਰ੍ਹਾਂ ਦੀਆਂ ਲੀਰਾਂ ਇਕੱਠੀਆਂ ਕਰਕੇ ਮੈਂ ਆਪਣੀ ਗੋਦੜੀ ਬਣਾਉਂਦਾ ਰਿਹਾ ਹਾਂ। ਜਿਸ ਨਾਲ ਸਿਰਫ਼ ਤਨ ਹੀ ਢਕਿਆ ਜਾ ਸਕੇ। ਉਜਾੜ ਵਿਚ ਝੌਂਪੜੀ ਬਣਾ ਕੇ ਰਹਿੰਦਾ ਹਾਂ। ਪੜ੍ਹੇ ਹੋਏ ਗ੍ਰੰਥਾਂ ਦਾ ਅਧਿਐਨ ਮੈਂ ਬਾਰ ਬਾਰ ਕਰੀ ਜਾਂਦਾ ਹਾਂ।

**ਹਾਇ ਹਾਇ ਭੋਗ ਚਾਹ, ਨਾਹਿ ਮੈਂ ਤਜੇ ਅਜੇ,**
**ਮੋਰ ਚਿੱਤ ਬੈਲ ਕੋ ਸਵਾਰ, ਬੈਲ ਕੇ ਸਵਾਰ॥** *(ਭਰਥਰੀ)*

ਯੋਗੀ ਭਰਥਰੀ ਕਹਿੰਦੇ ਹਨ ਕਿ ਸਾਰੇ ਸੀੜ੍ਹੀ ਸਿਆਪੇ ਮੈਂ ਗੋਰਖ ਦੇ ਕਹੇ ਅਨੁਸਾਰ ਕੀਤੇ ਹਨ। ਪਰ ਇਹ ਮਨ ਬੜਾ ਹੀ ਗੁੰਝਲਦਾਰ ਹੈ। ਇਸ ਦੀ ਮੈਨੂੰ ਕੋਈ ਸਮਝ ਨਹੀਂ ਲਗਦੀ। ਅਜੇ ਵੀ ਮੇਰਾ ਮਨ ਵਾਸ਼ਨਾਵਾਂ ਦੀ ਚਾਹਤ ਵਿੱਚ ਹੈ। ਹੇ ਨੰਦੀ ਬੌਲਦ ਦੀ ਅਸਵਾਰੀ ਕਰਨ ਵਾਲੇ ਸ਼ਿਵਜੀ! ਮੇਰੇ ਉਪਰ ਤਾਂ ਮੇਰਾ ਮਨ ਦਾ ਬੌਲਦ ਹੀ ਅਸਵਾਰ ਹੈ। ਮੈਂ ਅਜੇ ਤਕ ਇਸ ਬੌਲਦ ਨੂੰ ਆਪਣੇ ਕਾਬੂ ਨਹੀਂ ਕਰ ਸਕਿਆ। ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਫੁਰਮਾਣ ਹੈ ਕਿ —

**ਸਾਧੋ ਇਹੁ ਮਨੁ ਗਹਿਓ ਨ ਜਾਈ॥**
**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥**

*(ਪੰਨਾ ੨੧੯)*

ਮਨ, ਸੰਗਤ ਅਤੇ ਕੁਸੰਗਤ ਦਾ ਅਸਰ ਕਬੂਲਦਾ ਹੈ। ਇਕ ਵਿਦਵਾਨ ਦਾ ਕਹਿਣਾ ਹੈ ਕਿ ਅਭਿਆਸੀ ਬੰਦਾ ਕਈ ਵਾਰ ਆਪਣੇ ਮਨ ਤੋਂ ਧੋਖਾ ਖਾਂਦਾ ਹੈ। ਅਭਿਆਸੀ ਸਮਝ ਬੈਠਦਾ ਹੈ ਕਿ ਮਨ ਦਾ ਅਭਾਵ ਹੋ ਗਿਆ ਹੈ। ਪਰ ਮਨ ਬੜਾ ਚਲਾਕ ਹੈ। ਆਪਣੇ ਆਪ ਨੂੰ ਲੁਕਾ ਲੈਂਦਾ ਹੈ। ਸਮਾਂ ਮਿਲਦੇ ਹੀ ਮਨ ਵਿਚੋਂ ਲੋਭ ਦੀ ਲਹਿਰ ਅਤੇ ਵਾਸ਼ਨਾਵਾਂ ਦੀ ਅੱਗ ਪੈਦਾ ਹੋ ਜਾਂਦੀ ਹੈ।

ਬਰਸਾਤ ਦੇ ਮੌਸਮ ਵਿੱਚ ਇਕ ਅਜੀਬ ਗ਼ਰੀਬ ਕੌਤਕ ਵੇਖਣ ਨੂੰ ਮਿਲਦਾ ਹੈ। ਜਦੋਂ ਜ਼ੋਰ ਦਾ ਮੀਂਹ ਪੈਂਦਾ ਹੈ ਤਾਂ ਬਹੁਤ ਸਾਰੇ ਮੋਟੇ ਮੋਟੇ ਡੱਡੂ

ਥਲਿਉਂ ਧਰਤੀ ਵਿਚੋਂ ਨਿਕਲ ਆਉਂਦੇ ਹਨ। ਪਰ ਫਿਰ ਬਰਸਾਤ ਦੇ ਰੁਕਣ ਦੇ ਨਾਲ ਹੀ ਅਲੋਪ ਹੋ ਜਾਂਦੇ ਹਨ। ਬੰਦਾ ਸਮਝ ਸਕਦਾ ਹੈ, ਕਿ ਸ਼ਾਇਦ! ਉਹ ਸਾਰੇ ਡੱਡੂ ਮਰ ਗਏ ਹਨ। ਦਰਅਸਲ ਮਰੇ ਨਹੀਂ ਹੁੰਦੇ, ਲੁੱਕ ਜਾਂਦੇ ਹਨ। ਇਹੀ ਹਾਲ ਮਨੁੱਖ ਦੇ ਮਨ ਦਾ ਹੈ। ਵਿਦਵਾਨ ਸੱਜਣ ਦਾ ਕਹਿਣਾ ਹੈ ਕਿ—

**ਮੈਂ ਜਾਨਿਉ ਮਨ ਮਰ ਗਇਓ, ਮਰਿਉ ਸੁ ਅਜਹੂੰ ਨਾਹਿ॥**
**ਬਰਖਾ ਪੜੀ ਕੁਸੰਗ ਕੀ, ਦਾਦਰ ਜਿਉ ਗਰੁੜਾਇ॥**

*(ਇਕ ਸਿਆਣਾ)*

ਗੁਰੂ ਅਮਰਦਾਸ ਜੀ ਮਹਾਰਾਜ ਦਾ ਪਵਿੱਤਰ ਕਥਨ ਹੈ ਕਿ ਇੰਦਰਿਆਂ ਦਾ ਰਸ ਮਨ ਨੂੰ ਨਿਤ ਸਤਾਉਂਦਾ ਹੈ। ਇਸ ਵਾਸਤੇ ਮਨ ਪ੍ਰਭੂ ਚਿੰਤਨ ਤੋਂ ਉਚਾਟ ਹੁੰਦਾ ਹੈ। ਦਸਾਂ ਦਿਸ਼ਾਵਾਂ ਵੱਲ ਦੌੜਦਾ ਹੈ —

**ਮਨੂਆ ਦਹਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥**
**ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥**

*(ਪੰਨਾ ੫੬੫)*

ਮਨ ਵਿਚਾਰਾਂ ਦੇ ਪ੍ਰਵਾਹ ਦਾ ਇਕ ਇਕੱਠ ਹੈ। ਜਿਵੇਂ ਪਾਣੀ ਦੀ ਸਤ੍ਹਾ ਦੇ ਉੱਪਰ ਲਹਿਰਾਂ ਚਲਦੀਆਂ ਹਨ। ਇਵੇਂ ਹੀ ਮਨ ਦੀ ਸਤ੍ਹਾ ਉੱਪਰ ਵਿਚਾਰਾਂ ਚਲਦੀਆਂ ਹਨ। ਇਸ ਤਰ੍ਹਾਂ ਨਿਰੰਤਰ ਹੀ ਰਹਿੰਦਾ ਹੈ। ਇਸ ਵਾਸਤੇ ਮਨ ਟਿਕਦਾ ਨਹੀਂ ਹੈ। ਮਨ ਨੂੰ ਟਿਕਾਉਣ ਵਾਸਤੇ ਨਿਰੰਤਰ ਅਭਿਆਸ ਕਰਨਾ ਚਾਹੀਦਾ ਹੈ। ਪਾਠ ਕਰਨ ਲਈ ਬੰਦਾ ਬੈਠਦਾ ਹੈ, ਪਰ ਪਾਠ ਜ਼ਬਾਨ ਨਾਲ ਹੋ ਰਿਹਾ ਹੁੰਦਾ ਅਤੇ ਮਨ ਨਾਲ ਆਪਣੇ ਹੋਰ ਧੰਧੇ ਹੋ ਰਹੇ ਹੁੰਦੇ ਹਨ। ਗੁਰੂ ਦਰਬਾਰ ਦੀ ਇਕ ਕਥਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਇਕ ਬੜਾ ਹਸਮੁੱਖ ਅਤੇ ਵਿਅੰਗਕਾਰ ਸਿੱਖ ਸੀ। ਇਸ ਦਾ ਨਾਮ ਸੁਥਰਾ ਸ਼ਾਹ ਸੀ।

ਇੱਕ ਵਾਰ ਦੀ ਘਟਨਾ ਹੈ ਕਿ ਇਕ ਗੁਰਸਿੱਖ ਇਕਾਂਤ ਵਿੱਚ ਬੈਠ ਕੇ ਸੋਦਰ, ਰਹਿਰਾਸ ਦਾ ਪਾਠ ਕਰ ਰਿਹਾ ਸੀ। ਪਾਠ ਉਹ ਉੱਚੀ ਅਵਾਜ਼ ਵਿਚ ਬੋਲ ਕੇ ਕਰਦਾ ਸੀ। ਜਦੋਂ ਇਸ ਪਉੜੀ ਦਾ ਉਹ ਪਾਠ ਕਰ ਰਿਹਾ ਸੀ ਕਿ "ਗਾਵਨਿ ਤੁਧਨੋ ਪਉਣ ਪਾਣੀ ਬੈਸੰਤਰ" ਤਾਂ ਸੁਥਰੇ ਸ਼ਾਹ ਉਸ ਸਿੱਖ ਦੇ ਕੋਲ ਆਣ ਖਲੋਤਾ। ਜਦੋਂ ਉਸ ਸਿੱਖ ਨੇ ਇਹ ਪਾਠ ਪੜ੍ਹਿਆ ਕਿ —

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ**
**ਗਾਵੈ ਰਾਜਾ ਧਰਮੁ ਦੁਆਰੇ॥** *(ਸੋਦਰੁ)*

ਤਾਂ ਸੁਥਰੇ ਸ਼ਾਹ ਉਸ ਸਿੱਖ ਦੇ ਕੰਨ ਵਿੱਚ ਕਹਿਣ ਲਗਾ ਪਈ ਗਾਉਂਦੇ ਹਨ ਤਾਂ ਤੈਨੂੰ ਕੀ?

ਇਹ ਸੁਣ ਕੇ ਉਸ ਸਿੱਖ ਨੇ ਬੜਾ ਬੁਰਾ ਮਨਾਇਆ, ਪਈ, ਮੈਂ ਪਾਠ ਕਰਦਾ ਹਾਂ ਤੇ ਸੁਥਰਾ ਕੀ ਕਰਦਾ ਹੈ? ਪਰ ਉਹ ਸਿੱਖ ਆਪਣੇ ਆਪ ਨੂੰ ਸੰਭਾਲ ਕੇ ਫਿਰ ਪਾਠ ਕਰਨ ਲਗ ਪਿਆ। ਜਦੋਂ ਉਸ ਨੇ ਦੁਬਾਰਾ ਇਹ ਪਾਠ ਪੜ੍ਹਿਆ ਕਿ —

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ**
**ਗਾਵਨਿ ਤੁਧਨੋ ਸਾਧ ਬੀਚਾਰੇ॥** *(ਸੋਦਰੁ)*

ਸੁਥਰੇ ਸ਼ਾਹ ਫਿਰ ਉਸ ਸਿੱਖ ਦੇ ਦੂਜੇ ਕੰਨ ਵਿੱਚ ਆ ਕੇ ਕਹਿਣ ਲਗਾ ਪਈ ਗਾਉਂਦੇ ਹਨ ਤਾਂ ਤੈਨੂੰ ਕੀ? ਇਹ ਸੁਣ ਕੇ ਉਸ ਸਿੱਖ ਨੇ ਪਾਠ ਤਾਂ ਵਿਚੇ ਹੀ ਛੱਡ ਦਿੱਤਾ। ਇੰਨਾ ਬੁਰਾ ਮਨਾਇਆ ਉਸ ਨੇ ਕਿ ਉਠ ਕੇ ਸਿੱਧਾ ਗੁਰਦੇਵ ਕੋਲ ਗਿਆ। ਕਹਿਣ ਲਗਾ ਸਤਿਗੁਰੂ! ਮੈਂ ਤਾਂ ਸੋਦਰ ਦਾ ਪਾਠ ਕਰਦਾ ਹਾਂ। ਪਰ ਇਹ ਸੁਥਰਾ ਕੀ ਕਰਦਾ ਹੈ? ਗੁਰਦੇਵ ਪੁੱਛਣ ਲਗੇ ਕੀ ਕਰਦਾ ਹੈ? ਤਾਂ ਸਿੱਖ ਕਹਿਣ ਲਗਾ ਮਹਾਰਾਜ ਮੈਂ ਕਹਿੰਦਾ ਹਾਂ —

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ**
**ਗਾਵੈ ਰਾਜਾ ਧਰਮੁ ਦੁਆਰੇ॥** *(ਸੋਦਰੁ)*

ਪਰ ਇਹ ਸੁਥਰੇ ਸ਼ਾਹ ਮੇਰੇ ਕੰਨ ਵਿੱਚ ਕਹੀ ਜਾਂਦਾ ਹੈ ਕਿ ਗਾਉਂਦੇ ਹਨ ਤਾਂ ਤੈਨੂੰ ਕੀ? ਦੱਸੋ, ਪਾਤਸ਼ਾਹ! ਇਹ ਬੇ-ਅਦਬੀ ਨਹੀਂ ਕਰਦਾ? ਗੁਰਦੇਵ ਨੇ ਸੁਥਰੇ ਸ਼ਾਹ ਨੂੰ ਪੁੱਛਿਆ ਕਿਉਂ ਸੁਥਰੇ ਸ਼ਾਹ! ਕੀ ਗੱਲ ਹੈ? ਸੁਥਰੇ ਸ਼ਾਹ ਕਹਿਣ ਲਗਾ, ਗੁਰਦੇਵ! ਮੈਂ ਤਾਂ ਇਹ ਵੇਖ ਰਿਹਾ ਸੀ ਕਿ ਇਹ ਸਿੱਖ ਦਾ ਮਨ ਵੀ ਉਸ ਪ੍ਰਭੂ ਦੀ ਉਸਤਤ ਗਾਉਂਦਾ ਹੈ ਕਿ ਨਿਰਾ ਉਸ ਪ੍ਰਭੂ ਦੀ ਉਸਤਤ ਕਰਨ ਵਾਲਿਆਂ ਦੀ ਸੂਚੀ ਹੀ ਪੜ੍ਹ ਰਿਹਾ ਹੈ। ਪਈ ਇਹ ਠੀਕ ਹੈ। ਉਸ ਪ੍ਰਭੂ ਦੇ ਹੁਕਮ ਵਿਚ ਪਉਣ ਹੈ, ਪਾਣੀ ਹੈ, ਸਭ ਕੁਝ ਹੈ। ਪਰ ਬੰਦੇ ਦਾ ਮਨ ਵੀ ਉਸ ਪ੍ਰਭੂ ਦੇ ਹੁਕਮ ਵਿਚ ਹੈ ਕਿ ਨਹੀਂ? ਪਈ ਹੇ ਪ੍ਰਭੂ! ਤੈਨੂੰ ਸਿੱਧ ਸਮਾਧੀ ਲਾ ਕੇ ਗਾਉਂਦੇ ਹਨ। ਤੂੰ ਦੱਸ? ਤੇਰਾ ਮਨ ਗਾਉਂਦਾ ਹੈ ਕਿ ਨਹੀਂ। ਤੇਰਾ ਮਨ ਟਿਕਿਆ ਹੈ ਕਿ ਨਹੀਂ? ਆਪਣੀ ਗੱਲ ਕਰ!

ਪਾਠ ਕਰਨਾ, ਇਹ ਤਨ ਦੀ ਕਿਰਿਆ ਹੈ। ਪਰ ਮਨ ਬਹੁਤ ਸੂਖਸ਼ਮ ਹੈ। ਮਨ ਦਾ ਬੋਧ ਹਾਸਿਲ ਕਰਨ ਲਈ ਬੜੀ ਸੂਖਸ਼ਮ ਬੁੱਧੀ ਚਾਹੀਦੀ ਹੈ। ਮਨੁੱਖੀ ਮਨ ਫੁਰਨਿਆਂ ਦਾ ਸਾਗਰ ਹੈ। ਸਾਗਰ ਵਿੱਚ ਜੁਆਰ ਭਾਟਾ ਆਉਣ ਨਾਲ ਉਤਰਾ ਚੜ੍ਹਾ ਆਉਂਦਾ ਰਹਿੰਦਾ ਹੈ। ਮਨ ਵਿਚ ਵੀ ਬੜੇ ਉਤਰਾ ਚੜ੍ਹਾ ਆਉਂਦੇ ਹਨ। ਮਨ ਦੇ ਤਲ ਉਪਰ ਤਵਾਜ਼ਨ ਕਾਇਮ ਰੱਖ ਕੇ ਕੀਤਾ ਹੋਇਆ ਪਾਠ ਪੂਜਾ ਸਕਾਰਥ ਹੁੰਦਾ ਹੈ।

**ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥**
**ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥**

*(ਸਲੋਕ ਮ: ੩, ਪੰਨਾ ੧੦੯੩)*

ਮਨ ਦੀ ਕਿਤਾਬ ਪੜ੍ਹੀ ਜਾ ਸਕੇ ਤਾਂ ਸਹਿਜ ਸੁਖ ਮਿਲਦਾ ਹੈ। ਇਹੀ ਸੁਖ ਸਾਰੇ ਸੁਖਾਂ ਦਾ ਸਾਰ ਸੁਖ ਹੈ।

ਭਗਤ ਕਬੀਰ ਸਾਹਿਬ ਦੀ ਜੀਵਨ ਕਥਾ ਵਿਚ ਇਕ ਕਥਾ ਆਉਂਦੀ ਹੈ। ਇਕ ਦਿਨ ਕਬੀਰ ਸਾਹਿਬ ਆਪਣੀ ਮਸਤੀ ਵਿਚ ਮਸਤ ਬੈਠੇ ਸਨ। ਉਨ੍ਹਾਂ ਕੋਲ ਇਕ ਬੜਾ ਅਮੀਰ ਵਪਾਰੀ ਆਇਆ। ਪਹਿਲਾਂ ਵੀ ਉਹ ਕਈ ਵਾਰ ਅਕਸਰ ਆਉਂਦਾ ਸੀ। ਪਰ ਅੱਜ ਜਦੋਂ ਆਇਆ ਤਾਂ ਉਸ ਅਮੀਰ ਵਪਾਰੀ ਨੇ ਸੋਨੇ ਦੀਆਂ ਅਸ਼ਰਫ਼ੀਆਂ ਦੀ ਭਰੀ ਹੋਈ ਥੈਲੀ, ਕਬੀਰ ਸਾਹਿਬ ਦੇ ਚਰਨਾਂ ਉੱਪਰ ਰੱਖ ਕੇ ਮੱਥਾ ਟੇਕਿਆ। ਕਬੀਰ ਸਾਹਿਬ ਨੇ ਏਨੀਆਂ ਸੋਨੇ ਦੀਆਂ ਮੋਹਰਾਂ ਵੇਖ ਕੇ, ਉਸ ਵਪਾਰੀ ਨੂੰ ਪੁੱਛਿਆ ਕਿ ਇਹ ਏਨਾ ਸੋਨਾ ਜੋ ਤੂੰ ਮੇਰੇ ਅੱਗੇ ਰਖਿਆ ਹੈ। ਇਹ ਕਿਸ ਵਾਸਤੇ ਰਖਿਆ ਹੈ। ਹੁਣ ਕਬੀਰ ਸਾਹਿਬ ਵਰਗੇ ਮਹਾਪੁਰਖ ਮਨੋਵਿਗਿਆਨੀ ਵੀ ਹੁੰਦੇ ਹਨ। ਕਬੀਰ ਸਾਹਿਬ ਉਸ ਅਮੀਰ ਧਨਵਾਨ ਨੂੰ ਕਹਿਣ ਲਗੇ ਕਿ ਤੂੰ ਵਪਾਰੀ ਤਬੀਅਤ ਦਾ ਬੰਦਾ ਹੈਂ। ਵਪਾਰ ਦੀ ਦੁਨੀਆਂ ਵਿੱਚ ਕੁਝ ਦੇ ਕੇ ਹੀ ਮਿਲਦਾ ਹੈ। ਜੇ ਧਨ ਦੇਈਏ ਤਾਂ ਸੌਦਾ ਲਈਦਾ ਹੈ। ਸੌਦਾ ਵੇਚੀਏ ਤਾਂ ਧਨ ਲਈਦਾ ਹੈ। ਤੂੰ ਏਨਾ ਜ਼ਿਆਦਾ ਸੋਨਾ ਮੇਰੇ ਅਗੇ ਰਖਿਆ ਹੈ। ਪਹਿਲਾਂ ਤੂੰ ਇਹ ਦੱਸ, ਕਿ ਇਸ ਦੇ ਇਵਜ਼ਾਨੇ ਵਿੱਚ ਤੂੰ ਮੈਥੋਂ ਕੀ ਮੰਗੇਂਗਾ? ਕਿਉਂਕਿ ਮੰਗੇਂਗਾ ਤੂੰ ਕੁਝ ਜ਼ਰੂਰ। ਮੈਂ ਓਨੀ ਦੇਰ ਇਹ ਸੋਨਾ ਪ੍ਰਵਾਨ ਨਹੀਂ ਕਰਦਾ, ਜਿੰਨੀ ਦੇਰ ਤੂੰ ਆਪਣੀ ਮੰਗ ਨਹੀਂ ਦੱਸਦਾ। ਜੇ ਮੈਂ ਸੋਨਾ ਰੱਖ ਲਵਾਂ, ਪਰ ਤੇਰੀ ਮੰਗ ਪੂਰੀ ਨਾ ਕਰ ਸਕਾਂ, ਤਾਂ ਮੈਂ ਵੀ ਨਿਰਾਸ਼ ਹੋਵਾਂਗਾ ਅਤੇ ਤੂੰ ਵੀ। ਉਹ ਧਨਵਾਨ ਕਬੀਰ ਸਾਹਿਬ ਨੂੰ ਕਹਿਣ ਲੱਗਾ, ਕਿ ਮੇਰੀ ਕੋਈ ਖ਼ਾਸ ਮੰਗ

ਨਹੀਂ! ਬੱਸ ਮੈਂ ਇਹੀ ਆਪ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਤੁਹਾਨੂੰ ਅਕਸਰ ਦੇਖਦਾ ਹਾਂ। ਤੁਸੀਂ ਕੋਈ ਅਮੀਰ ਨਹੀਂ। ਇਕ ਝੌਂਪੜੇ ਨੁਮਾ ਘਰ ਵਿੱਚ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹੋ। ਪਰ ਤੁਹਾਡੇ, ਚਿਹਰੇ ਉੱਪਰ ਮਸਤੀ ਇਸ ਤਰ੍ਹਾਂ ਦੀ ਹੈ ਮਾਨੋਂ ਤੁਸੀਂ ਰਾਜਨ ਰਾਜੇ ਹੋ। ਪਰ ਮੈਂ ਇੰਨਾ ਅਮੀਰ ਹਾਂ। ਪਰ ਇਹ ਮਸਤੀ ਮੇਰੇ ਕੋਲ ਨਹੀਂ। ਮੈਂ ਤਾਂ ਬੜਾ ਬੇਚੈਨ ਹਾਂ। ਮੈਂ ਤਾਂ ਆਪਣੀ ਨੀਂਦ ਵੀ ਪੂਰੀ ਕਦੇ ਨਹੀਂ ਸੁੱਤਾ। ਬ-ਮੁਸ਼ਕਲ ਅੱਧੀ ਰਾਤ ਵੇਲੇ ਜਾਕੇ ਮੇਰੀ ਅੱਖ ਲਗਦੀ ਹੈ। ਮੈਂ ਆਪ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਚਾਹਵੋ ਤਾਂ ਸੋਨਾ ਮੈਂ ਹੋਰ ਵੀ ਆਪ ਨੂੰ ਅਰਪਣ ਕਰ ਸਕਦਾ ਹਾਂ। ਪਰ ਤੁਸੀਂ ਮੈਨੂੰ ਇਸ ਮਸਤੀ ਦਾ ਰਾਜ਼ ਦਸੋ? ਮੈਂ ਵੀ ਇਸ ਤਰ੍ਹਾਂ ਦੀ ਮਸਤੀ ਦਾ ਜੀਵਨ ਜਿਊਣਾ ਚਾਹੁੰਦਾ ਹਾਂ। ਕਬੀਰ ਸਾਹਿਬ ਨੇ ਇਹ ਸੁਣ ਕੇ ਉਸ ਅਮੀਰ ਸੇਠ ਨੂੰ ਕਿਹਾ! ਕਿ ਜੇਕਰ ਇਹ ਗੱਲ ਹੈ ਤਾਂ ਫਿਰ ਇਹ ਸਾਰਾ ਧਨ ਤੂੰ ਚੁੱਕ ਲੈ। ਇਹ ਮਸਤੀ ਜੋ ਤੂੰ ਮੰਗਦਾ ਹੈਂ, ਇਹ ਧਨ ਸੋਨੇ ਦੇ ਬਦਲੇ ਨਹੀਂ ਮਿਲਦੀ। ਇਹ ਮਸਤੀ ਤਾਂ ਮਨ ਦੇ ਬਦਲੇ ਮਿਲਦੀ ਹੈ। ਇਥੇ ਤਾਂ ਮਨ ਭੇਟਾ ਕਰਨਾ ਪੈਂਦਾ ਹੈ। ਮੈਨੂੰ ਤੂੰ ਪੁੱਛਦਾ ਹੈਂ ਕਿ ਜਿਹੜੀ ਮਸਤੀ ਮੇਰੇ ਕੋਲ ਹੈ। ਮੈਂ ਆਪਣਾ ਮਨ ਗੁਰੂ ਨੂੰ ਵੇਚ ਦਿੱਤਾ ਹੈ।

**ਕੰਚਨ ਸਿਉ ਪਾਈਐ ਨਹੀ ਤੋਲਿ॥**

**ਮਨੁ ਦੇ ਰਾਮੁ ਲੀਆ ਹੈ ਮੋਲਿ॥੧॥** *(ਪੰਨਾ ੩੨੭)*

ਜਿਸ ਢੰਗ ਨਾਲ ਮੈਂ ਪ੍ਰਾਪਤ ਕੀਤੀ ਹੈ, ਇਹ ਮਸਤੀ। ਤੂੰ ਵੀ ਉਸੇ ਢੰਗ ਨਾਲ ਪ੍ਰਾਪਤ ਕਰ। ਸਾਡੇ ਕੋਲ ਆਪਣੀ ਵਸਤੂ ਧਨ ਨਹੀਂ। ਬਲਕਿ ਮਨ ਹੈ। ਮਨ ਦੇ ਅਰਪਣ ਕਰਨ ਨਾਲ ਸਭ ਕੁਝ ਹੀ ਅਰਪਣ ਹੋ ਜਾਂਦਾ ਹੈ। ਸੁਰਤ ਸ਼ਬਦ ਦੀ ਸਾਰੀ ਸਾਧਨਾ ਮਨ ਤੇ ਖੜੀ ਹੈ। ਮਨ ਇਕ ਫੁਰਨਿਆਂ ਦਾ ਪ੍ਰਵਾਹ ਹੈ। ਫੁਰਨੇ ਜਿੰਨੇ ਤੇਜ਼ ਵੇਗ ਨਾਲ ਮਨ ਵਿਚ ਚਲਦੇ ਹਨ। ਉਨਾਂ ਹੀ ਬੰਦਾ ਬੇਚੈਨ ਹੁੰਦਾ ਹੈ।

ਸ਼ੇਖ ਚਿੱਲੀ ਦੇ ਜੀਵਨ ਦੀ ਇਕ ਬੜੀ ਅਦਭੁਤ **ਕਹਾਣੀ** ਹੈ। ਸ਼ੇਖ ਚਿੱਲੀ ਦੇ ਜੀਵਨ ਨਾਲ ਬੜੀਆਂ ਅਜੀਬੋ ਗ਼ਰੀਬ ਕਹਾਣੀਆਂ ਜੁੜੀਆਂ ਹੋਈਆਂ ਹਨ। ਬੜੀ ਅਜੀਬ ਕਹਾਣੀ ਹੈ ਕਿ ਇਕ ਵਾਰੀ ਸ਼ੇਖ ਚਿੱਲੀ ਇਕ ਦਰੱਖ਼ਤ ਉੱਪਰ ਚੜ੍ਹ ਕੇ ਬਾਲਣ ਵਾਸਤੇ ਟਹਿਣੀਆਂ ਕੱਟ ਰਿਹਾ ਸੀ। ਦਰੱਖ਼ਤ ਦੀ ਜਿਸ ਟਹਿਣੀ ਨੂੰ ਉਹ ਕੱਟ ਰਿਹਾ ਸੀ। ਉਸੇ ਟਹਿਣੀ ਉੱਪਰ ਆਪ ਬੈਠਾ ਸੀ। ਦਰੱਖ਼ਤ ਦੇ ਨੇੜਿਉਂ ਦੀ ਕੋਈ ਸਾਧੂ ਲੰਘਿਆ, ਉਸ ਨੇ

ਸ਼ੇਖ ਚਿੱਲੀ ਨੂੰ ਵੇਖਿਆ ਕਿ ਜਿਸ ਟਹਿਣੀ ਉਤੇ ਬੈਠਾ ਹੈ ਉਸੇ ਨੂੰ ਕੱਟ ਰਿਹਾ
ਹੈ। ਉਸ ਸਾਧੂ ਨੇ ਉਸ ਨੂੰ ਅਵਾਜ਼ ਮਾਰੀ ਤੇ ਆਖਿਆ, ਪਾਗਲ! ਟਹਿਣੀ
ਨਾ ਕੱਟ। ਡਿੱਗ ਕੇ ਮਰ ਜਾਏਂਗਾ। ਪਰ ਸ਼ੇਖ ਚਿੱਲੀ ਨੇ ਕੋਈ ਪ੍ਰਵਾਹ ਨਾ
ਕੀਤੀ। ਟਹਿਣੀ ਨੂੰ ਕੱਟਦਾ ਰਿਹਾ ਉਹ ਸਾਧੂ ਅਜੇ ਥੋੜੀ ਦੂਰ ਹੀ ਗਿਆ
ਸੀ ਕਿ ਟਹਿਣੀ ਕੱਟੀ ਗਈ ਅਤੇ ਸ਼ੇਖ ਚਿੱਲੀ ਥੱਲੇ ਡਿੱਗ ਪਿਆ। ਸ਼ੇਖ
ਚਿੱਲੀ ਨੇ ਸੋਚਿਆ ਕਿ ਉਹ ਸਾਧੂ ਤਾਂ ਕੋਈ ਅੰਤਰਜਾਮੀ ਲੱਗਦਾ ਹੈ। ਉਸ
ਨੇ ਕਿਹਾ ਸੀ, ਟਹਿਣੀ ਨਾ ਕੱਟ ਡਿੱਗ ਕੇ ਮਰ ਜਾਏਂਗਾ। ਇਹ ਤਾਂ ਸੱਚ
ਹੋ ਗਿਆ ਹੈ। ਮੈਂ ਡਿੱਗ ਵੀ ਪਿਆ ਹਾਂ। ਹੁਣ ਮਰ ਵੀ ਜ਼ਰੂਰ ਜਾਵਾਂਗਾ।
ਸ਼ੇਖ ਚਿੱਲੀ ਉਸ ਸਾਧੂ ਦੇ ਪਿੱਛੇ ਦੌੜਿਆ। ਉਸ ਨੂੰ ਜਾ ਕੇ ਪਕੜਿਆ। ਉਸ
ਦੇ ਪੈਰਾਂ ਉੱਪਰ ਮੱਥਾ ਰਖਿਆ। ਹੱਥ ਜੋੜੇ। ਸ਼ੇਖ ਚਿੱਲੀ ਨੇ ਉਸ ਸਾਧੂ ਨੂੰ
ਕਿਹਾ ਤੂੰ ਤਾਂ ਕੋਈ ਪਹੁੰਚਿਆ ਹੋਇਆ ਕਾਮਲ ਸਾਧੂ ਹੈਂ। ਤੇਰੇ ਮੂੰਹ ਦਾ
ਬੋਲ ਤਾਂ ਪੂਰਾ ਹੋ ਜਾਂਦਾ ਹੈ। ਤੂੰ ਮੈਨੂੰ ਕਿਹਾ ਕਿ ਟਹਿਣੀ ਨਾ ਕੱਟ ਡਿੱਗ
ਕੇ ਮਰ ਜਾਏਂਗਾ। ਬੱਸ ਮੈਂ ਟਹਿਣੀ ਕੱਟਣੋਂ ਨਹੀਂ ਹਟਿਆ ਅਤੇ ਤੇਰਾ
ਕਹਿਆ ਸੱਚ ਹੋ ਗਿਆ ਹੈ। ਮੈਂ ਥੱਲੇ ਡਿੱਗਿਆ ਹਾਂ। ਮੈਨੂੰ ਹੁਣ ਇਹ ਵੀ
ਯਕੀਨ ਹੈ ਕਿ ਮੈਂ ਮਰ ਵੀ ਜਾਣਾ ਹੈ। ਪਰ ਤੂੰ ਮੈਨੂੰ ਦੱਸ ਮੈਂ ਮਰਨਾ ਕਦੋਂ
ਹੈ? ਉਸ ਸਾਧੂ ਨੇ ਬੜਾ ਕਿਹਾ ਕਿ ਨਹੀਂ ਮੈਂ ਤਾਂ ਤੈਨੂੰ ਟਹਿਣੀ ਉੱਪਰ ਬੈਠੇ
ਨੂੰ ਵੇਖ ਕੇ ਕਿਹਾ ਸੀ ਕਿ ਤੂੰ ਡਿੱਗੇਂਗਾ ਤੇ ਮਰੇਂਗਾ। ਪਰ ਸ਼ੇਖ ਚਿੱਲੀ ਉਸ
ਸਾਧੂ ਦੀ ਗੱਲ ਸਮਝੇ ਹੀ ਨਾ। ਉਹ ਆਪਣੀ ਧੁਨ ਵਿਚ ਹੀ ਕਹੀ ਜਾਵੇ,
ਨਹੀਂ। ਹੁਣ ਮੈਂ ਤਾਂ ਮਰ ਜਾਣਾ ਹੈ। ਪਰ ਮੈਨੂੰ ਤੂੰ ਦੱਸ ਮੈਂ ਮਰਨਾ ਕਦੋਂ ਹੈ?
ਅਖ਼ੀਰ ਉਸ ਸਾਧੂ ਨੇ ਉਸ ਕੋਲੋਂ ਪਿੱਛਾ ਛੁਡਾਉਣ ਵਾਸਤੇ ਆਖਿਆ ਕਿ
ਤੂੰ ਜਦੋਂ ਵੀ ਮਰੇਂਗਾ ਬਸ ਸੱਤਾਂ ਦਿਨਾਂ ਵਿਚੋਂ ਹੀ ਕਿਸੇ ਦਿਨ ਮਰੇਂਗਾ। ਗੱਲ
ਤਾਂ ਠੀਕ ਹੈ। ਦਿਨ ਤਾਂ ਸੱਤ ਹੀ ਹਨ। ਐਤ, ਸੋਮ, ਮੰਗਲ, ਬੁਧ ਆਦਿ।
ਮੌਤ ਹਮੇਸ਼ਾਂ ਇਨ੍ਹਾਂ ਦਿਨਾਂ ਵਿਚੋਂ ਹੀ ਇਕ ਦਿਨ ਆਉਂਦੀ ਹੈ। ਉਸ ਸਾਧੂ
ਨੇ ਕਿਹਾ ਸ਼ੇਖ ਚਿੱਲੀ! ਅਕਸਰ ਤੂੰ ਸੱਤ ਦਿਨਾਂ ਵਿਚੋਂ ਹੀ ਇਕ ਦਿਨ
ਮਰੇਂਗਾ। ਸ਼ੇਖ ਚਿੱਲੀ ਸਮਝ ਗਿਆ ਕਿ ਮੈਂ ਸੱਤਾਂ ਦਿਨਾਂ ਨੂੰ ਹੁਣ ਮਰ ਜਾਣਾ
ਹੈ। ਅਕਸਰ ਇਸ ਤਰ੍ਹਾਂ ਬੰਦਾ ਸਮਝਦਾ ਹੈ। ਗੁਰੂ ਕੁਝ ਹੋਰ ਸਮਝਾਉਂਦੇ ਹਨ।
ਪਰ ਬੰਦੇ ਦਾ ਮਨ ਕੁਝ ਹੋਰ ਹੀ ਸਮਝ ਜਾਂਦਾ ਹੈ।

ਸ਼ੇਖ ਚਿੱਲੀ ਨੇ ਉਸ ਦਿਨ ਤੋਂ ਬਾਅਦ ਦਿਨ ਗਿਣਨੇ ਸ਼ੁਰੂ ਕਰ
ਦਿੱਤੇ। ਜਿਸ ਦਿਨ ਸੱਤਵਾਂ ਦਿਨ ਆਇਆ ਤਾਂ ਉਸ ਨੇ ਆਪਣਾ ਐਲਾਨ
ਕਰ ਦਿੱਤਾ ਕਿ ਮੈਂ ਅੱਜ ਮਰ ਜਾਣਾ ਹੈ। ਆਪੇ ਹੀ ਸ਼ਮਸ਼ਾਨ ਭੂਮੀ ਵੱਲ

ਚਲਾ ਗਿਆ। ਆਪਣੀ ਕਬਰ ਵੀ ਆਪ ਪੁੱਟ ਲਈ। ਸੂਰਜ ਛਿਪਣ ਵਾਲਾ ਸੀ। ਸ਼ੇਖ ਚਿੱਲੀ ਨੇ ਆਪਣਾ ਫ਼ੈਸਲਾ ਆਪੇ ਹੀ ਕਰ ਲਿਆ ਕਿ ਹੁਣ ਮੈਂ ਮਰ ਗਿਆ ਹਾਂ। ਕਬਰ ਵਿੱਚ ਲੇਟ ਗਿਆ ਕਿ ਬੱਸ! ਹੁਣ ਮੈਂ ਮਰ ਗਿਆ ਹਾਂ।

ਬੱਸ! ਬੰਦੇ ਦਾ ਮਨ ਸ਼ੇਖ ਚਿੱਲੀ ਦੀ ਤਰ੍ਹਾਂ ਹੀ ਹੈ। ਆਪਣੇ ਆਪ ਦਾ ਫ਼ੈਸਲਾ ਆਪੇ ਹੀ ਕਰ ਲੈਂਦਾ ਹੈ। ਬਹੁਤ ਲੋਕ ਮਿਲਦੇ ਹਨ। ਮਨ ਚਾਰੇ ਪਾਸੇ ਦੌੜ ਰਿਹਾ ਹੁੰਦਾ ਹੈ। ਮਨ ਵਾਸ਼ਨਾ, ਤ੍ਰਿਸ਼ਨਾ, ਨਿੰਦਾ, ਕਾਮ, ਕ੍ਰੋਧ, ਲੋਭ ਸਭ ਵਿਕਾਰਾਂ ਵਿਚ ਗ਼ਲਤਾਨ ਹੈ। ਪਰ ਬੰਦਾ ਐਲਾਨ ਕਰੀ ਜਾਂਦਾ ਹੈ ਕਿ ਮੈਂ ਸੰਤ ਹਾਂ। ਮੈਂ ਮਹਾਤਮਾ ਹਾਂ। ਮੈਂ ਬ੍ਰਹਮ ਗਿਆਨੀ ਹਾਂ। ਬਸ ਸ਼ੇਖ ਚਿੱਲੀ ਕਬਰ ਵਿਚ ਲੇਟੇ ਹਨ।

ਸ਼ੇਖ ਚਿੱਲੀ ਕਬਰ ਵਿੱਚ ਲੇਟਿਆ ਹੋਇਆ ਸੀ। ਇਕ ਪਠਾਣ, ਆਪਣੇ ਸਿਰ ਉਪਰ ਇਕ ਘੜਾ ਘਿਉ ਦਾ ਚੁਕਿਆ ਹੋਇਆ ਅਤੇ ਇਕ ਪੀਪਾ ਹੱਥ ਵਿਚ ਲਟਕਾਇਆ ਆ ਗਿਆ। ਪਠਾਣ ਉਸ ਸ਼ੇਖ ਚਿੱਲੀ ਨੂੰ ਕਹਿਣ ਲਗਾ, ਸੱਜਣਾ! ਮੈਂ ਦੂਰੋਂ ਆਇਆ ਹਾਂ। ਬਹੁਤ ਥੱਕ ਗਿਆ ਹਾਂ। ਅਜੇ ਮੈਂ ਕਾਫ਼ੀ ਦੂਰ ਜਾਣਾ ਹੈ। ਮੈਂ ਤੈਨੂੰ ਦੋ ਰੁਪਏ ਭਾੜਾ ਕਿਰਾਇਆ ਵੀ ਦੇਵਾਂਗਾ। ਤੂੰ ਇਹ ਘੜਾ ਘਿਉ ਵਾਲਾ ਚੁੱਕ ਲੈ ਅਤੇ ਮੇਰੇ ਪਿੰਡ ਤਕ ਛੱਡ ਆ। ਸ਼ੇਖ ਚਿੱਲੀ ਨੇ ਜਵਾਬ ਦਿੱਤਾ ਕਿ ਮੈਂ ਛੱਡ ਤਾਂ ਜ਼ਰੂਰ ਆਉਂਦਾ। ਪਰ ਮੈਂ ਤਾਂ ਮਰ ਗਿਆ ਹੋਇਆ ਹਾਂ। ਪਠਾਣ ਕਹਿਣ ਲੱਗਾ ਤੂੰ ਮਰ ਗਿਆ ਹੈਂ? ਸ਼ੇਖ ਚਿੱਲੀ ਕਹਿਣ ਲੱਗਾ ਹਾਂ। ਪੂਰੇ ਸੱਤ ਦਿਨਾਂ ਬਾਅਦ ਮਰਿਆ ਹਾਂ। ਅਕਸਰ ਇਸ ਤਰ੍ਹਾਂ ਦੇ ਸੰਤ ਮਿਲ ਜਾਂਦੇ ਹਨ ਜੋ ਕਹਿੰਦੇ ਹਨ ਸੱਤਾਂ ਦਿਨਾਂ ਵਿੱਚ ਹੀ ਸੰਤ ਹੋ ਗਏ ਹਾਂ। ਉਸ ਪਠਾਣ ਨੇ ਘਿਉ ਵਾਲਾ ਘੜਾ ਅਤੇ ਪੀਪਾ ਥੱਲੇ ਰਖਿਆ ਤੇ ਸ਼ੇਖ ਚਿੱਲੀ ਨੂੰ ਬਾਹੋਂ ਫੜ ਕੇ ਖਿੱਚ ਕੇ ਬਾਹਰ ਕੱਢ ਕੇ ਕਹਿਣ ਲਗਾ ਕਿ ਜੇ ਤੂੰ ਮਰ ਗਿਆ ਹੈਂ ਤਾਂ ਬੋਲਦਾ ਕਿਉਂ ਹੈਂ? ਮੁਰਦੇ ਕਦੇ ਬੋਲਦਾ ਨੇ। ਸ਼ੇਖ ਚਿੱਲੀ ਕਹਿਣ ਲੱਗਾ ਕੀ ਮੈਂ ਮਰਿਆ ਨਹੀਂ? ਪਠਾਣ ਕਹਿਣ ਲੱਗਾ ਨਹੀਂ। ਪਰ ਉਹ ਸਾਧੂ ਤਾਂ ਕਹਿੰਦਾ ਸੀ ਤੂੰ ਸੱਤਾਂ ਦਿਨਾਂ ਵਿਚ ਮਰੇਂਗਾ। ਪਠਾਣ ਕਹਿਣ ਲੱਗਾ, ਅਗੋਂ ਕਿਹੜੇ ਦਿਨ ਨਹੀਂ ਆਉਣੇ। ਹਫ਼ਤੇ ਦੇ ਸੱਤ ਦਿਨ ਹੀ ਹਨ ਤੇ ਜਦੋਂ ਮਰੇਂਗਾ ਸੱਤਾਂ ਦਿਨਾਂ ਵਿੱਚ ਹੀ ਮਰੇਂਗਾ। ਪਠਾਣ ਨੇ ਕਿਹਾ ਇਹ ਘਿਉ ਵਾਲਾ ਘੜਾ ਚੁੱਕ ਅਤੇ ਮੈਂ ਪੀਪਾ ਚੁੱਕਦਾ ਹਾਂ। ਮੈਨੂੰ ਮੇਰੇ ਪਿੰਡ ਤਕ ਛੱਡ ਕੇ ਆ। ਮੈਂ ਤੈਨੂੰ ਦੋ ਰੁਪਏ ਵੀ

ਦਿਆਂਗਾ। ਛੇਤੀ ਚਲ ਦਿਨ ਛਿਪਣ ਵਾਲਾ ਹੈ। ਸ਼ੇਖ ਚਿੱਲੀ ਦੋ ਰੁਪਏ ਸੁਣਕੇ ਬੜਾ ਖ਼ੁਸ਼ ਹੋਇਆ ਘੜਾ ਘਿਉ ਵਾਲਾ ਸਿਰ ਉੱਪਰ ਰੱਖ ਲਿਆ ਤੇ ਤੁਰ ਪਿਆ। ਸ਼ੇਖ ਚਿੱਲੀ ਦੇ ਮਨ ਵਿਚ ਖ਼ਿਆਲ ਆਇਆ ਕਿ ਦੋ ਰੁਪਿਆਂ ਦੇ ਅੰਡੇ ਲੈ ਲਵਾਂਗੇ। ਉਨ੍ਹਾਂ ਅੰਡਿਆਂ ਵਿਚੋਂ ਮੁਰਗੀਆਂ ਨਿਕਲਣਗੀਆਂ। ਉਹ ਮੁਰਗੀਆਂ ਫਿਰ ਅੰਡੇ ਦੇਣਗੀਆਂ। ਉਨ੍ਹਾਂ ਅੰਡਿਆਂ ਤੋਂ ਫਿਰ ਮੁਰਗੀਆਂ ਨਿਕਲਣਗੀਆਂ। ਇਸ ਤਰ੍ਹਾਂ ਮੇਰੇ ਕੋਲ ਬਹੁਤ ਸਾਰੀਆਂ ਮੁਰਗੀਆਂ ਹੋਣਗੀਆਂ। ਕੁਝ ਮੁਰਗੀਆਂ ਵੇਚ ਕੇ ਬੱਕਰੀ ਲੈ ਲਵਾਂਗੇ। ਉਸ ਬੱਕਰੀ ਤੋਂ ਹੋਰ ਬੱਚੇ ਹੋਣਗੇ। ਫਿਰ ਮੇਰੇ ਕੋਲ ਬਹੁਤ ਬੱਕਰੀਆਂ ਵੀ ਹੋਣਗੀਆਂ। ਕੁਝ ਬੱਕਰੀਆਂ ਵੇਚ ਕੇ ਗਊ ਲੈ ਲਵਾਂਗਾ। ਉਸ ਗਊ ਦੇ ਅਗੋਂ ਹੋਰ ਬੱਚੇ ਹੋਣਗੇ। ਫਿਰ ਮੇਰੇ ਕੋਲ ਬਹੁਤ ਗਊਆਂ ਵੀ ਹੋਣਗੀਆਂ। ਫੇਰ ਮੈਂ ਵਿਆਹ ਕਰਵਾਵਾਂਗਾ। ਫੇਰ ਮੇਰੇ ਕੋਲ ਬਹੁਤ ਧਨ ਹੋਵੇਗਾ। ਮੈਂ ਪਿੰਡ ਦਾ ਚੌਧਰੀ ਹੋਵਾਂਗਾ। ਫੇਰ ਜੇ ਕੋਈ ਪਠਾਣ ਮੈਨੂੰ ਕਹੇਗਾ ਕਿ ਮੇਰਾ ਘੜਾ ਚੁੱਕ ਤਾਂ ਮੈਂ ਅਗੋਂ ਸਿਰ ਮਾਰ ਕੇ ਆਖਾਂਗਾ ਨਹੀਂ! ਮੈਂ ਪਿੰਡ ਦਾ ਚੌਧਰੀ ਹਾਂ। ਜਦੋਂ ਸ਼ੇਖ ਚਿੱਲੀ ਨੇ ਜ਼ੋਰ ਨਾਲ ਸਿਰ ਮਾਰਿਆ ਤਾਂ ਘਿਉ ਵਾਲਾ ਘੜਾ ਸਿਰ ਤੋਂ ਥੱਲੇ ਆ ਪਿਆ ਅਤੇ ਟੁੱਟ ਗਿਆ। ਪਠਾਣ ਵੇਖ ਕੇ ਕਹਿਣ ਲੱਗਾ, ਪਾਗ਼ਲਾ! ਇਹ ਕੀ ਕੀਤਾ ਹੈ, ਸਾਰਾ ਘਿਉ ਦਾ ਘੜਾ ਰੋੜ੍ਹ ਦਿੱਤਾ ਹੈ। ਸ਼ੇਖ ਚਿੱਲੀ ਕਹਿਣ ਲਗਾ ਤੇਰਾ ਤਾਂ ਘੜਾ ਘਿਉ ਦਾ ਰੁੜ੍ਹਿਆ ਹੈ। ਪਰ ਮੇਰਾ ਤਾਂ ਸਭ ਕੁਝ ਹੀ ਰੁੜ੍ਹ ਗਿਆ ਹੈ।

ਬੱਸ! ਬੰਦੇ ਦਾ ਮਨ ਸ਼ੇਖ ਚਿੱਲੀ ਹੈ।

**ਧਾਵੰਤਿ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥**

*(ਸਲੋਕ ਸਹਸਕ੍ਰਿਤੀ, ਮ: ੫, ਪੰਨਾ ੧੩੫੮)*

ਮਨ ਦੀ ਭਟਕਣਾ ਵਾਕਿਆ ਮਨੁੱਖ ਨੂੰ ਥਿੜਕਾ ਦੇਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸੁਲਤਾਨ ਪੁਰ ਦੇ ਨਵਾਬ ਦੌਲਤ ਖਾਂ ਨੂੰ ਮਨ ਦੇ ਟਿਕਾਉ ਵਾਸਤੇ ਹੀ ਉਪਦੇਸ਼ ਕੀਤਾ ਸੀ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਬੜਾ ਸੁੰਦਰ ਉਲੇਖ ਹੈ ਇਸ ਕਥਾ ਦਾ। ਉਸ ਸਮੇਂ ਦੇ ਕਾਜ਼ੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਖ਼ਿਆਲ ਨਾਲ ਮਸੀਤ ਵਿੱਚ ਲਿਆਂਦਾ ਸੀ, ਕਿ ਇਕ ਵਾਰ ਗੁਰੂ ਨਾਨਕ ਦੇਵ ਜੀ ਸਾਡੇ ਨਾਲ ਨਿਮਾਜ਼ ਅਦਾ ਕਰ ਲੈਣ। ਫਿਰ ਅਸੀਂ ਲੋਕਾਂ ਵਿਚ ਆਪ ਹੀ ਪ੍ਰਚਲਤ ਕਰ ਦੇਣਾ ਹੈ ਕਿ ਨਾਨਕ ਮੁਸਲਮਾਨ ਹੋ ਗਿਆ ਹੈ। ਹੁਣ ਗੁਰੂ ਨਾਨਕ ਸਾਹਿਬ ਵਾਸਤੇ ਤਾਂ ਸਭ ਥਾਵਾਂ ਪਰੀਪੂਰਨ

ਪ੍ਰਮਾਤਮਾ ਦੀਆਂ ਆਪਣੀਆਂ ਹਨ। ਗੁਰੂ ਨਾਨਕ ਦੇਵ ਜੀ ਮਸੀਤ ਵਿਚ ਚਲੇ ਗਏ। ਮਸੀਤ ਵਿੱਚ ਨਵਾਬ ਦੌਲਤ ਖਾਂ ਵੀ ਗਿਆ। ਸ਼ਾਹੀ ਕਾਜ਼ੀ ਅਗੇ ਅਤੇ ਉਸ ਪਿਛੇ ਨਵਾਬ ਅਤੇ ਬਾਕੀ ਮੁਸਲਮਾਨ ਨਿਮਾਜ਼ ਅਦਾ ਕਰਨ ਲਗੇ। ਗੁਰਦੇਵ ਵੀ ਨੇੜੇ ਹੀ ਖੜੇ ਹੋ ਗਏ। ਕਾਜ਼ੀ, ਨਵਾਬ ਅਤੇ ਬਾਕੀ ਮੁਸਲਮਾਨ ਨਿਮਾਜ਼ ਅਦਾ ਕਰ ਰਹੇ ਸਨ। ਗੁਰਦੇਵ, ਜਿੰਨਾ ਚਿਰ ਨਿਮਾਜ਼ ਅਦਾ ਹੁੰਦੀ ਰਹੀ ਉਨੀ ਦੇਰ ਤਕ ਕਾਜ਼ੀ ਤੇ ਨਵਾਬ ਦੇ ਚਿਹਰੇ ਵੱਲ ਵੇਖ ਕੇ ਮੁਸਕ੍ਰਾਉਂਦੇ ਰਹੇ। ਬਹੁਤ ਮੁਸਲਮਾਨਾਂ ਨੇ ਗੁਰਦੇਵ ਨੂੰ ਮੁਸਕਰਾਉਂਦੇ ਹੋਏ ਦੇਖਿਆ। ਕਟੜਪੰਥੀ ਮੁਸਲਮਾਨਾਂ ਨੇ ਬੜਾ ਬੁਰਾ ਮਨਾਇਆ।

ਇਕ ਧਿਆਨ ਯੋਗ ਵਿਚਾਰ ਹੈ ਪਈ ਜੋ ਕੰਮ ਗੁਰਦੇਵ ਨੇ ਕੀਤਾ ਹੈ। ਇਹ ਕਿਸੇ ਸੂਰਮੇ ਦਾ ਹੀ ਕੰਮ ਸੀ। ਨਵਾਬ ਅਤੇ ਸ਼ਾਹੀ ਕਾਜ਼ੀ ਦੇ ਨਿਮਾਜ਼ ਪੜ੍ਹਦਿਆਂ ਦੇ ਕੋਲ ਖਲੋ ਕੇ ਸੈਂਕੜੇ ਲੋਕਾਂ ਦੇ ਸਾਹਮਣੇ, ਉਨ੍ਹਾਂ ਦੇ ਮੂੰਹ ਵੱਲ ਵੇਖ ਕੇ ਉਨ੍ਹਾਂ ਦਾ ਹਾਸਾ ਉਡਾਉਣਾ। ਜਦੋਂ ਕਿ ਇਸਲਾਮੀ ਰਾਜ ਹੈ। ਸੁਲਤਾਨ ਪੁਰ ਦਾ ਹਾਕਮ ਤੇ ਸ਼ਾਹੀ ਕਾਜ਼ੀ ਸੈਂਕੜੇ ਮੁਸਲਮਾਨਾਂ ਸਮੇਤ ਮਸੀਤ ਵਿਚ ਸ਼ਾਮਲ ਹੈ। ਨਿਮਾਜ਼ ਵਰਗਾ ਪਾਕ ਕੰਮ ਕਰਦੇ ਸਮੇਂ ਸਭ ਤੋਂ ਵੱਡੇ ਕਾਜ਼ੀ ਅਤੇ ਹਾਕਮ ਦੇ ਕੋਲ ਖਲੋ ਕੇ ਹੱਸਣਾ। ਉਹ ਵੀ ਇਕ ਗ਼ੈਰ ਮੁਸਲਮਾਨ ਵਾਸਤੇ ਇਹ ਤਾਂ ਸ਼ਰਹ ਦੀ ਬੜੀ ਵੱਡੀ ਤੌਹੀਨ ਹੈ। ਗੁਰਦੇਵ ਇਹ ਵੀ ਜਾਣਦੇ ਹਨ ਕਿ ਇਸ ਦੀ ਸਜ਼ਾ ਕੀ ਹੈ। ਪਰ ਗੁਰੂ ਸੂਰਮੇ ਨੇ ਭਰੀ ਮਸੀਤ ਵਿਚ ਕਾਜ਼ੀ ਦਾ ਮਜ਼ਾਕ ਉਡਾਇਆ। ਇਹ ਤੌਹੀਨ, ਕਾਜ਼ੀ ਕਿਵੇਂ ਸਹਾਰ ਸਕਦਾ ਸੀ।

ਨਿਮਾਜ਼ ਖ਼ਤਮ ਹੋਣ ਉਪਰੰਤ, ਕਾਜ਼ੀ ਨੇ ਉਥੇ ਹੀ ਮਸੀਤ ਵਿੱਚ ਇਕੱਠੇ ਹੋਏ ਲੋਕਾਂ ਦੇ ਸਾਹਮਣੇ ਨਵਾਬ ਦੌਲਤ ਖਾਂ ਨੂੰ ਕਿਹਾ ਕਿ ਇਹ ਇਸਲਾਮ ਦੀ ਤੌਹੀਨ ਹੈ। ਨਵਾਬ ਨੇ ਖ਼ੁਦ ਵੀ ਇਹ ਸਭ ਕੁਝ ਵੇਖਿਆ ਸੀ। ਨਵਾਬ ਨੇ ਗੁਰਦੇਵ ਨੂੰ ਪੁਛਿਆ ਕਿ ਤੁਸੀਂ ਕਹਿੰਦੇ ਸੀ ਕਿ ਮੈਂ ਨਿਮਾਜ਼ ਤੁਹਾਡੇ ਨਾਲ ਪੜ੍ਹਾਂਗਾ। ਪਰ ਤੁਸੀਂ ਨਿਮਾਜ਼ ਕਿਉਂ ਨਹੀਂ ਪੜ੍ਹੀ?

**ਨਾਨਕ ਆਨਨ ਭਨੈ ਖਾਨ ਕਾਨਹਿ ਸੁਣੋ?**
**ਕਿਹ ਸੰਗ ਕਰੌ ਨਿਵਾਜ਼ ਲਾਜ ਨਹਿ ਤੁਮ ਮਣੋ॥**

ਨਵਾਬ ਜੀ! ਦੱਸੋ! ਮੈਂ ਨਿਮਾਜ਼ ਕਿਸ ਨਾਲ ਪੜ੍ਹਦਾ?

**ਠਾਢੇ ਆਪ ਮਸੀਤ, ਨ ਮਨ ਠਹਿਰਾਇਆ॥**

**ਹੋ ਸਿਜਦੇ ਸੰਕਲਪ ਕੰਧਾਰ ਪਠਾਇਆ॥** *(ਗੁਰ ਨਾਨਕ ਪ੍ਰਕਾਸ਼)*

ਗੁਰਦੇਵ ਨੇ ਕਿਹਾ ਕਿ ਸਰੀਰ ਤੁਹਾਡਾ ਮਸੀਤ ਵਿਚ ਸਿਜਦੇ ਕਰਦਾ ਹੈ ਅਤੇ ਸੁਰਤ ਤੁਹਾਡੀ ਕੰਧਾਰ ਵਿੱਚ ਘੋੜੇ ਖ਼ਰੀਦਦੀ ਫਿਰਦੀ ਹੈ। ਦੱਸੋ! ਇਹ ਨਿਮਾਜ਼ ਗੁਜ਼ਾਰਨ ਦਾ ਢੰਗ ਠੀਕ ਹੈ? ਇਹ ਸੁਣ ਕੇ ਨਵਾਬ ਨੂੰ ਮੰਨਣਾ ਪਿਆ ਕਿ ਵਾਕਿਆਈ ਮਨ ਬੜਾ ਤਰਲ ਹੈ। ਖ਼ੁਦਾ ਦੀ ਨਿਮਾਜ਼ ਕਰਦਿਆਂ ਵੀ ਮਨ ਆਪਣੀ ਮਰਜ਼ੀ ਕਰ ਜਾਂਦਾ ਹੈ। ਮੇਰਾ ਮਨ ਵਾਕਿਆਈ ਇਥੇ ਨਹੀਂ ਸੀ। ਮੇਰੇ ਮਨ ਵਿਚ ਤਾਂ ਕੰਧਾਰ ਦੇ ਘੋੜਿਆਂ ਦੀ ਖ਼ਰੀਦ ਵੇਚ ਦੇ ਸੰਕਲਪ ਸਨ।

ਗੁਰਦੇਵ ਨੂੰ ਨਵਾਬ ਕਹਿਣ ਲੱਗਾ ਕਿ ਜੇ ਮੇਰਾ ਮਨ ਥਿੜਕਿਆ ਹੋਇਆ ਸੀ ਤਾਂ ਤੁਸੀਂ ਕਾਜ਼ੀ ਦੇ ਪਿਛੇ ਨਿਮਾਜ਼ ਅਦਾ ਕਰ ਲੈਣੀ ਸੀ। ਮੈਂ ਆਪ ਤੁਹਾਨੂੰ ਵੇਖਿਆ ਸੀ ਕਿ ਤੁਸੀਂ ਕਾਜ਼ੀ ਦੇ ਚਿਹਰੇ ਵੱਲ ਦੇਖ ਕੇ ਮੁਸਕਰਾ ਰਹੇ ਸੀ। ਗੁਰਦੇਵ ਕਹਿਣ ਲਗੇ, ਨਵਾਬ ਜੀ! ਚਿਹਰਾ ਬੰਦੇ ਦੇ ਮਨ ਦਾ ਸ਼ੀਸ਼ਾ ਹੁੰਦਾ ਹੈ। ਜੋ ਬੰਦੇ ਦੇ ਮਨ ਵਿਚ ਹੋਵੇ। ਉਹ ਚਿਹਰੇ ਤੋਂ ਪੜ੍ਹਿਆ ਜਾ ਸਕਦਾ ਹੈ। ਕਾਜ਼ੀ ਸਾਹਿਬ ਦਾ ਮਨ ਨਿਮਾਜ਼ ਵੇਲੇ ਥਾਂ ਸਿਰ ਨਹੀਂ ਸੀ। ਕਾਜ਼ੀ ਦੇ ਚਿਹਰੇ ਦੀ ਦਸ਼ਾ ਵੇਖਕੇ ਮੈਂ ਮੁਸਕਰਾ ਰਿਹਾ ਸੀ। ਕਾਜ਼ੀ ਦਾ ਮਨ ਜਿਸ ਖ਼ੁਦਾ ਦੀ ਨਿਮਾਜ਼ ਅਦਾ ਕਰ ਰਿਹਾ ਸੀ, ਉਹ ਮੈਨੂੰ ਪਤਾ ਹੈ।

ਗੁਰਦੇਵ ਦੀ ਇਸ ਵੀਚਾਰ ਨਾਲ ਕਾਜ਼ੀ ਭੜਕ ਉਠਿਆ ਅਤੇ ਕਹਿਣ ਲਗਾ ਇਹ ਗੱਲ ਗ਼ਲਤ ਹੈ। ਤੁਸੀਂ ਕਿਸ ਸਬੂਤ ਨਾਲ ਕਹਿ ਸਕਦੇ ਹੋ ਕਿ ਮੇਰਾ ਮਨ ਥਾਂ ਸਿਰ ਨਹੀਂ ਸੀ? ਗੁਰਦੇਵ ਬੜੇ ਧੀਰਜ ਨਾਲ ਕਹਿਣ ਲਗੇ, ਕਾਜ਼ੀ ਜੀ! ਧਾਰਮਕ ਬੰਦਿਆਂ ਨੂੰ ਝੂਠ ਸ਼ੋਭਾ ਨਹੀਂ ਦੇਂਦਾ। ਜ਼ਰਾ ਖ਼ੁਦਾ ਪਾਕ ਨੂੰ ਹਾਜ਼ਰ ਨਾਜ਼ਰ ਸਮਝਕੇ ਦੱਸੋ! ਕਿ ਤੁਹਾਡਾ ਮਨ ਨਿਮਾਜ਼ ਵਿਚ ਸੀ ਕਿ ਜੋ ਨਵੀਂ ਸੂਈ ਹੋਈ ਘੋੜੀ ਹੈ ਤੁਹਾਡੇ ਘਰ, ਉਸ ਵੱਲ ਸੀ?

**ਬੜਵਾ ਜਯੋ ਵਛੇਰ ਗਰਤ ਤਹਿ ਪਾਸ ਹੈ॥**
**ਹੋ ਤਿਹ ਮਹਿ ਨਹਿ ਗਿਰ ਪਰੇ, ਬਹੁਤ ਬਿਸਵਾਸ ਹੈ॥**
*(ਨਾਨਕ ਪ੍ਰਕਾਸ਼)*

ਘਰ ਵਿੱਚ ਡੂੰਘਾ ਟੋਆ ਸੀ। ਘੋੜੀ ਨੇ ਵਛੇਰਾ ਦਿੱਤਾ ਸੀ। ਕਾਜ਼ੀ ਦੇ ਮਨ ਵਿੱਚ ਚਿੰਤਾ ਸੀ। ਨਿਮਾਜ਼ ਕਰਦੇ ਸਮੇਂ ਵੀ ਮਨ ਨੂੰ ਫਿਕਰ ਸੀ ਕਿ ਉਹ ਨਵਜਾਤ ਬੱਚਾ ਵਛੇਰਾ, ਖੂਹ ਵਿਚ ਨਾ ਡਿੱਗ ਜਾਏ। ਇਹ ਨਿਰੋਲ

ਸਚਾਈ ਸੀ। ਗੁਰਦੇਵ ਨੇ ਆਪਣੇ ਆਤਮ ਬਲ ਨਾਲ ਇਹ ਸਚਾਈ ਕਾਜ਼ੀ ਨੂੰ ਦਰਸਾਈ। ਕਾਜ਼ੀ ਦਾ ਮਨ ਇਸ ਸਚਾਈ ਤੋਂ ਇਨਕਾਰੀ ਨਾ ਹੋ ਸਕਿਆ। ਕਾਜ਼ੀ ਸਿਰ ਤੋਂ ਪੈਰਾਂ ਤਕ ਝੰਝੋੜਿਆ ਗਿਆ। ਕੋਲੋਂ ਨਵਾਬ ਨੇ ਵੀ ਪੁਛਿਆ ਕਿ ਕਾਜ਼ੀ ਜੀ! ਇਹ ਸੱਚ ਹੈ ਕਿ ਤੁਹਾਡੇ ਘਰ ਘੋੜੀ ਨੇ ਬੱਚਾ ਦਿੱਤਾ ਹੈ? ਕਾਜ਼ੀ ਨੇ ਨੀਵੀਂ ਪਾਉਂਦੇ ਹੋਏ ਆਖਿਆ, ਨਵਾਬ ਜੀ! ਇਹ ਸੱਚ ਹੈ ਅਤੇ ਇਹ ਵੀ ਸੱਚ ਹੈ ਕਿ ਮੇਰਾ ਮਨ ਨਿਮਾਜ਼ ਵੇਲੇ ਇਸੇ ਚਿੰਤਾ ਵਿਚ ਭਟਕਦਾ ਸੀ ਕਿ ਵਛੇਰਾ ਕਿਤੇ ਖੂਹ ਵਿਚ ਨਾ ਡਿੱਗ ਪਏ।

ਮਨ ਬੜਾ ਹੀ ਤਰਲ ਹੈ। ਬੰਦੇ ਦਾ ਤਨ ਤਾਂ ਦਿੱਸਦਾ ਹੈ। ਪਰ ਬੜੇ ਬੜੇ ਗਿਆਨੀਆਂ ਨੇ ਇਸ ਮਨ ਤੋਂ ਹਾਰ ਖਾਧੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬਿਆਨ ਕੀਤਾ ਹੈ ਕਿ ਸਨਕਾਦਿ ਵਰਗੇ ਬੜੇ ਗਿਆਨੀ ਹੋਏ ਹਨ। ਨਾਰਦ ਵਰਗੇ ਮੁਨੀ ਹੋਏ ਹਨ। ਹੁਣ ਮੁਨੀ ਤਾਂ ਉਸ ਨੂੰ ਹੀ ਕਿਹਾ ਜਾ ਸਕਦਾ ਹੈ ਜਿਸ ਨੂੰ ਮਨ ਦੀ ਪੂਰਨ ਸਮਝ ਹੋਵੇ ਉਹ ਮੁਨੀ ਹੈ। ਮਨ ਬੜਾ ਸੂਖਸ਼ਮ ਹੈ। ਮਨ ਦਾ ਬੋਧ ਕਰਨ ਵਾਸਤੇ ਬੜੀ ਸੂਖਸ਼ਮ ਬੁੱਧੀ ਚਾਹੀਦੀ ਹੈ। ਮਨ ਦਾ ਬੋਧ ਹਾਸਿਲ ਕਰਨਾ ਬੜਾ ਔਖਾ ਹੈ। ਮਨ ਦੇ ਤਵਾਜ਼ਨ ਨੂੰ ਕਾਇਮ ਰੱਖਣ ਵਾਲਾ ਹੀ ਮੁਨੀ ਹੈ। ਗੁਰੂ ਨਾਨਕ ਦੇਵ ਜੀ ਦਾ ਬੜਾ ਸੁੰਦਰ ਇਹ ਕਥਨ ਹੈ—

**ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥**
**ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥**

*(ਆਸਾ ਮ: ੧, ਪੰਨਾ ੩੫੯)*

ਭਗਤ ਕਬੀਰ ਸਾਹਿਬ ਨੇ ਵੀ ਇਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਕਿ ਬੜੇ ਬੜੇ ਗਿਆਨੀ ਹੋਏ ਹਨ ਪਰ ਤਨ ਵੇਖ ਸਕੇ ਹਨ ਮਨ ਨੂੰ ਵੇਖਣਾ ਸਮਝਣਾ ਬੜਾ ਕਠਿਨ ਹੈ।

**ਸਨਕਾਦਿਕ ਨਾਰਦ ਮੁਨਿ ਸੇਖਾ॥**
**ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥**

*(ਗਉੜੀ ਕਬੀਰ, ਪੰਨਾ ੩੩੦)*

ਮਨ ਬੜਾ ਚਲਾਕ ਹੈ। ਆਪਣੇ ਬਚਣ ਲਈ ਕੋਈ ਨਾ ਕੋਈ ਰਾਹ ਲੱਭ ਲੈਂਦਾ ਹੈ। ਇਕ ਬੜੀ ਮਜ਼ਾਕ ਦੀ ਕਹਾਣੀ ਹੈ। ਸਿਆਣੇ ਲੋਕ ਸੁਣਾਉਂਦੇ ਹੁੰਦੇ ਹਨ। ਇਕ ਅਮਲੀ ਆਦਮੀ ਨੇ ਖਜੂਰ ਦੇ ਦਰਖ਼ਤ ਉਪਰ ਪੱਕੀਆਂ ਖਜੂਰਾਂ ਵੇਖੀਆਂ। ਖਜੂਰ ਦਾ ਦਰੱਖ਼ਤ ਬੜਾ ਉੱਚਾ ਸੀ। ਪਰ ਉਹ

ਅਮਲੀ ਆਦਮੀ ਉੱਪਰ ਕਿਸੇ ਢੰਗ ਨਾਲ ਚੜ੍ਹ ਗਿਆ। ਖਜੂਰਾਂ ਤੋੜ ਲਈਆਂ। ਜਦੋਂ ਉਸ ਨੇ ਉਪਰੋਂ ਥੱਲੇ ਦੇਖਿਆ ਤਾਂ ਬੜਾ ਡਰ ਲਗਾ। ਸੋਚਣ ਲਗਾ ਕਿ ਮੈਂ ਇੰਨਾ ਉੱਪਰ ਆ ਗਿਆ ਹਾਂ। ਇਥੋਂ ਮੈਂ ਗਿਰ ਸਕਦਾ ਹਾਂ। ਉਤਰਿਆ ਨਹੀਂ ਜਾ ਸਕਦਾ। ਫਿਰ ਉਹ ਡਰਦਾ ਹੋਇਆ ਹੀ ਰੱਬ ਅਗੇ ਮਨ ਹੀ ਮਨ ਤਰਲੇ ਲੈਣ ਲਗਾ। ਉਸਨੇ ਇਹ ਪ੍ਰਣ ਵੀ ਕੀਤਾ ਕਿ ਹੇ ਪ੍ਰਭੂ! ਜੇ ਮੈਂ ਸਹੀ ਸਲਾਮਤ ਉਤਰ ਗਿਆ ਤਾਂ ਮੈਂ ਇਨ੍ਹਾਂ ਖਜੂਰਾਂ ਵਿਚੋਂ ਅੱਧੀਆਂ ਖਜੂਰਾਂ ਤੇਰੇ ਨਾਮ ਉੱਪਰ ਮੰਦਰ ਵਿਚ ਚੜ੍ਹਾ ਦਿਆਂਗਾ। ਫਿਰ ਉਹ ਸਹਿਜੇ ਸਹਿਜੇ ਥੱਲੇ ਉਤਰਨ ਲਗਾ। ਦਰੱਖ਼ਤ ਦੇ ਅੱਧ ਵਿੱਚ ਆ ਕੇ ਕਹਿਣ ਲਗਾ ਇਥੋਂ ਤਕ ਤਾਂ ਮੈਂ ਆਪ ਆ ਗਿਆ ਹਾਂ। ਇਹ ਅੱਧੀਆਂ ਖਜੂਰਾਂ ਤਾਂ ਰੱਬ ਦੇ ਨਾਮ ਤੇ ਦੇਣੀਆਂ ਜ਼ਿਆਦਾ ਹਨ। ਤੀਜਾ ਹਿੱਸਾ ਹੀ ਦਿਆਂਗਾ। ਫਿਰ ਉਹ ਆਦਮੀ ਦਰੱਖਤ ਦੇ ਅੱਧ ਨਾਲੋਂ ਥੱਲੇ ਆ ਗਿਆ। ਬੱਸ ਧਰਤੀ ਉਪਰੋਂ ਥੋੜ੍ਹਾ ਹੀ ਉੱਚਾ ਸੀ। ਫਿਰ ਉਸ ਦੇ ਮਨ ਵਿੱਚ ਸੰਕਲਪ ਆਇਆ ਕਿ ਤੀਜਾ ਹਿੱਸਾ ਵੀ ਖਜੂਰਾਂ ਦੇਣੀਆਂ ਜ਼ਿਆਦਾ ਹਨ। ਰੱਬ ਨੇ ਤਾਂ ਕੋਈ ਸਹਾਇਤਾ ਨਹੀਂ ਕੀਤੀ। ਮੈਂ ਤਾਂ ਆਪ ਹੀ ਉਤਰਿਆ ਹਾਂ। ਫਿਰ ਉਹ ਕਹਿਣ ਲੱਗਾ ਕਿ ਖਜੂਰਾਂ ਸਿਰਫ਼ ਚੌਥਾ ਹਿੱਸਾ ਹੀ ਦਿਆਂਗਾ। ਇੰਨੀ ਦੇਰ ਨੂੰ ਦਰੱਖ਼ਤ ਨਾਲੋਂ ਉਸ ਦੇ ਹੱਥ ਛੁੱਟ ਗਏ ਅਤੇ ਉਹ ਥੱਲੇ ਧਰਤੀ ਉੱਪਰ ਆਣ ਡਿੱਗਾ। ਡਿੱਗਦੇ ਹੋਏ ਉਸ ਨੇ ਕਿਹਾ ਹੇ ਪ੍ਰਭੂ! ਜੇ ਚੌਥਾ ਹਿੱਸਾ ਮਨਜ਼ੂਰ ਨਹੀਂ ਸੀ ਤਾਂ ਧੱਕਾ ਦੇਣ ਦੀ ਕੀ ਲੋੜ ਸੀ? ਪਹਿਲਾਂ ਵੀ ਤਾਂ ਮੈਂ ਤੇਰੀ ਸਹਾਇਤਾ ਤੋਂ ਬਿਨਾਂ ਹੀ ਦਰੱਖ਼ਤ ਤੋਂ ਥੱਲੇ ਆ ਰਿਹਾ ਸੀ। ਹੁਣ ਮੈਂ ਬਿਲਕੁਲ ਨੇੜੇ ਸੀ ਤੇ ਤੂੰ ਮੈਨੂੰ ਥੱਲੇ ਗਿਰਾ ਦਿੱਤਾ ਹੈ।

ਮਨ ਬੜਾ ਚਲਾਕ ਹੈ। ਹਰ ਪੱਖ ਤੋਂ ਆਪ ਬਚ ਜਾਂਦਾ ਹੈ। ਜਿਥੇ ਗ਼ਲਤੀ ਹੈ ਉਥੇ ਵੀ ਗਲਤ ਹੋਣ ਨੂੰ ਰਾਜ਼ੀ ਨਹੀਂ। ਗੁਰੂ ਨਾਨਕ ਦੇਵ ਜੀ ਬਿਆਨ ਕਰਦੇ ਹਨ। ਐ ਮਨ! ਤੂੰ ਟਿਕਿਆ ਰਹਿ ਫਿਰ ਤੈਨੂੰ ਦੁਖ ਨਹੀਂ ਹੋ ਸਕਦਾ।

**ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ॥**

(ਪੰਨਾ ੧੧੧੩, )

ਤੀਜੇ ਪੜਾਅ ਤੇ ਪਹੁੰਚ ਕੇ ਫੁਰਨੇ ਸ਼ਾਂਤ ਹੋ ਜਾਂਦੇ ਹਨ। ਇਹ ਚੰਚਲ ਮਨ ਫੁਰਨਿਆਂ ਦਾ ਦੇਸ਼ ਹੀ ਹੈ। ਇਸ ਤੋਂ ਅੱਗੇ ਦੀ ਯਾਤਰਾ ਬੜੀ ਸ਼ਾਂਤੀ ਦੀ ਯਾਤਰਾ ਹੈ। ਪਰ ਅਜੇ ਵੀ ਸੁਰਤ ਦੇ ਟੁੱਟ ਜਾਣ ਦੇ ਅਸਾਰ ਹਨ।

# ਹਉਮੈ ਦੀ ਸਮਝ
# ਅਤੇ
# ਕੁਦਰਤ ਦੀ ਕਲਾ

ਜੀਵਨ ਕੀ ਹੈ? ਮੌਤ ਕੀ ਹੈ? ਇਹ ਵੀ, ਤਾਂ ਹੀ ਸਮਝ ਲਗ ਸਕਦੀ ਹੈ ਜੇ ਆਪਣੇ ਮੂਲ ਸਰੂਪ ਨੂੰ ਜਾਣ ਸਕੀਏ ਤਾਂ। ਭਾਈ ਸਾਹਿਬ ਭਾਈ ਨੰਦ ਲਾਲ ਜੀ ਮਹਾਰਾਜ ਦੇ ਪਰਵਚਨ ਹਨ ਕਿ ਐ ਬੰਦੇ —

**ਅਜ਼ ਖ਼ੁਦੀਅਤ ਦੂਰ ਗਸ਼ਤਹ ਚੂੰ ਖ਼ੁਦਾ॥**
**ਦੂਰ ਕੁਨ ਖ਼ੁਦ-ਬੀਨੀ ਵ ਬੀਂ ਬੇ-ਗਿਲਾਫ਼॥** *(ਗ਼ਜ਼ਲ ਨੰ: ੪੮)*

ਗੁਰੂ ਨਾਨਕ ਦੇਵ ਜੀ ਦਾ ਪਾਵਨ ਵਿਚਾਰ ਹੈ ਕਿ ਐ ਇਨਸਾਨ! ਜੇ ਤੂੰ ਹਉਮੈ ਨੂੰ ਸਮਝ ਲਏਂ। ਯਾਨੀ ਕਿ ਮੈਂ ਕੀ ਹਾਂ? ਇਹ ਸਮਝ ਆ ਜਾਏ ਤਾਂ ਪ੍ਰਮਾਤਮਾ ਦੇ ਦਰ ਦੀ ਸਮਝ ਆ ਜਾਏਗੀ।

**ਹਉਮੈ ਬੂਝੈ ਤਾ ਦਰੁ ਸੂਝੈ॥** *(ਪੰਨਾ ੪੬੬)*

ਮੈਂ, ਮੇਰੇ ਦੇ ਆਸਰੇ ਹਉਮੈ ਵਧਦੀ ਹੈ। ਮੈਂ, ਮੇਰੀ ਅਤੇ ਹਉਮੈ ਦਾ ਆਪਸ ਵਿਚ ਚੋਲੀ ਦਾਮਨ ਦਾ ਸਬੰਧ ਹੈ। ਇਹ ਇਕੱਠੇ ਰਹਿੰਦੇ ਹਨ। ਮੇਰਾ ਧਨ, ਮੇਰਾ ਤਨ, ਮੇਰਾ ਦਿਮਾਗ਼, ਮੇਰੇ ਮਿੱਤਰ, ਮੇਰੇ ਪੁੱਤਰ, ਮੇਰੀ ਇੱਜ਼ਤ, ਮੇਰੀ ਸ਼ੁਹਰਤ। ਇਸ ਵਾਸਤੇ ਗੁਰਦੇਵ ਦਾ ਕਥਨ ਹੈ ਕਿ ਮੈਂ ਮੇਰੀ ਦੇ ਚੱਕਰ ਵਿੱਚ ਮੁਕਤ ਦੁਆਰੇ ਦੀ ਸਮਝ ਨਹੀਂ ਆਉਂਦੀ। ਜਿਸ ਨੂੰ ਇਸ ਹਉਮੈ ਦੇ ਨਿਯਮ ਦੀ ਸਮਝ ਆ ਗਈ; ਸਮਝੋ ਉਹੀ ਪ੍ਰਮਾਤਮਾ ਨਾਲ ਅਭੇਦ ਹੋਏਗਾ। ਉਸ ਅੰਦਰ ਹਉਮੈ ਨਹੀਂ ਰਹੇਗੀ। ਹੰਕਾਰ ਨਹੀਂ ਰਹੇਗਾ। ਗ਼ਾਲਬਨ ਸਾਰਾ ਸੰਸਾਰ ਹੰਕਾਰ ਵਿਚ ਜਿਉਂ ਰਿਹਾ ਹੈ। ਸਿਆਣੇ ਕਹਿੰਦੇ ਹਨ ਕਿ ਇਹ ਜਿਹੜੀ ਵੀਹਵੀਂ ਸਦੀ ਜਾ ਰਹੀ ਹੈ। ਇਹ ਬੜੀ ਹੰਕਾਰੀ ਸਦੀ ਜਾ ਰਹੀ ਹੈ। ਮਨੁੱਖ ਦੇ ਅੰਦਰ ਇੰਨਾ ਹੰਕਾਰ ਕਦੇ ਨਹੀਂ ਸੀ ਜਿੰਨਾ ਕਿ ਅੱਜ ਹੈ। ਬੜੇ ਸਿਖਰ ਦਾ ਹੰਕਾਰ ਹੈ। ਕਿਤੇ ਕੁਲ ਦਾ ਹੰਕਾਰ ਹੈ। ਜਾਤ ਦਾ ਹੰਕਾਰ ਹੈ। ਧਨ ਦਾ ਹੰਕਾਰ ਹੈ। ਬੰਦੇ ਨੂੰ ਆਪਣੇ ਹੁਨਰ ਅਤੇ ਗੁਣਾਂ ਦਾ ਵੀ ਹੰਕਾਰ ਹੈ। ਆਪ ਹੈਰਾਨ ਹੋਵੋਗੇ ਕਿ ਕਈਆਂ ਬੰਦਿਆਂ ਨੂੰ ਆਪਣੀ ਮੂਰਖਤਾ ਦਾ

ਬੜਾ ਹੰਕਾਰ ਹੈ। ਕਈ ਬੰਦੇ, ਆਪਣੀਆਂ ਬੇਵਕੂਫ਼ੀਆਂ ਉਪਰ ਬੜਾ ਮਾਣ ਕਰਦੇ ਹਨ। ਉਨ੍ਹਾਂ ਨੂੰ ਏਨਾ ਗਿਆਨ ਵੀ ਨਹੀਂ ਕਿ ਜਿਸ ਹਾਲਤ ਵਿੱਚ ਅਸੀਂ ਘਮੰਡ ਕਰੀ ਜਾਂਦੇ ਹਾਂ, ਇਹ ਸਿਵਾਇ ਮੂਰਖਾਂ ਤੋਂ ਹੋਰ ਕੋਈ ਨਹੀਂ ਕਰ ਸਕਦਾ।

**ਹਉਮੈ ਬੂਝੈ ਤਾ ਦਰੁ ਸੂਝੈ॥** *(ਪੰਨਾ ੪੬੬)*

ਆਪਣੇ ਮਨ ਨੂੰ ਸਮਝਣ ਦਾ ਨਾਮ ਹੀ ਹਉਮੈ ਨੂੰ ਸਮਝਣਾ ਹੈ। ਇਕ ਬੜੀ ਪਿਆਰੀ ਕਹਾਣੀ ਹੈ।

**ਸਾਖੀ** – ਬੜੇ ਪੁਰਾਣੇ ਸਮੇਂ ਦੀ ਗੱਲ ਹੈ। ਕਿਸੇ ਦੇਸ਼ ਦਾ ਰਾਜਾ, ਜਿਸ ਨੇ ਕਈ ਦੇਸ਼ਾਂ ਦੇ ਰਾਜਿਆਂ ਨੂੰ ਜਿੱਤ ਲਿਆ ਹੋਇਆ ਸੀ। ਉਸ ਨੇ ਆਪਣਾ ਬੜਾ ਵਿਸ਼ਾਲ ਰਾਜ ਬਣਾ ਲਿਆ ਸੀ। ਹੁਣ ਉਸ ਨੂੰ ਇਹ ਡਰ ਸੀ ਕਿ ਕੋਈ ਦੁਸ਼ਮਣ ਮੈਨੂੰ ਮਾਰ ਨਾ ਦੇਵੇ। ਉਸ ਨੇ ਆਪਣੇ ਬਚਾਅ ਵਾਸਤੇ ਬੜਾ ਸੁੰਦਰ ਇਕ ਮਹਿਲ ਬਣਵਾਇਆ। ਉਸ ਮਹੱਲ ਵਿਚ ਦੁਸ਼ਮਣ ਦੇ ਆਉਣ ਦੀ ਕੋਈ ਸੂਰਤ ਨਹੀਂ ਸੀ।

ਆਖ਼ਰ ਆਦਮੀ ਸਾਰੀ ਜ਼ਿੰਦਗੀ ਕਰਦਾ ਵੀ ਹੋਰ ਕੀ ਹੈ? ਇਹੋ ਹੀ ਕਰਦਾ ਹੈ ਕਿ ਉਹ ਥਾਂ ਬਣਾਵਾਂ ਜਿਥੇ ਕੋਈ ਖ਼ਤਰਾ ਨਾ ਹੋਵੇ। ਰੁਪਏ ਪੈਸੇ ਵੀ ਜ਼ਿਆਦਾ ਤੋਂ ਜ਼ਿਆਦਾ ਇਸੇ ਵਾਸਤੇ ਇਕੱਠੇ ਕਰਦਾ ਹੈ ਕਿ ਮੈਨੂੰ ਜੀਵਨ ਵਿਚ ਕੋਈ ਮੁਸ਼ਕਲ ਨਾ ਰਹੇ। ਕੋਈ ਖ਼ਤਰਾ ਨਾ ਰਹੇ। ਪਰ ਹੁੰਦਾ ਇਸ ਤੋਂ ਉਲਟ ਹੈ। ਹੁੰਦਾ ਇਹ ਹੈ ਕਿ ਬੰਦਾ ਜਿੰਨਾ ਖ਼ਤਰੇ ਤੋਂ ਬਚਣ ਦਾ ਜਤਨ ਕਰਦਾ ਹੈ। ਉਨਾਂ ਹੀ ਜ਼ਿਆਦਾ ਖ਼ਤਰਾ ਵਧਦਾ ਜਾਂਦਾ ਹੈ।

ਉਸ ਰਾਜੇ ਨੇ ਵੀ ਜਗਤ ਨੂੰ ਤਾਂ ਜਿੱਤ ਲਿਆ ਸੀ, ਪਰ ਆਪਣੇ ਮਨ ਹੱਥੋਂ ਹਾਰਿਆ ਹੋਇਆ ਸੀ। ਆਪਣੇ ਮਨ ਹੱਥੋਂ ਹਾਰਿਆ ਹੋਇਆ ਬੰਦਾ ਸਭ ਦੁਨੀਆਂ ਕੋਲੋਂ ਡਰਦਾ ਹੈ। ਉਸ ਨੂੰ ਡਰ ਹੁੰਦਾ ਹੈ ਕਿ ਮੈਨੂੰ ਕੋਈ ਮਾਰ ਨਾ ਦੇਵੇ। ਕਿਉਂਕਿ ਜਿਹੜਾ ਵੀ ਦੂਸਰੇ ਨੂੰ ਜਿੱਤਣਾ ਚਾਹੁੰਦਾ ਹੈ। ਉਹ ਸਾਰਿਆਂ ਨੂੰ ਆਪਣਾ ਦੁਸ਼ਮਣ ਬਣਾ ਲੈਂਦਾ ਹੈ। ਦੂਜੇ ਨੂੰ ਜਿੱਤਣ ਵਾਲਾ ਸਹਿਜੇ ਸਹਿਜੇ ਸਾਰਿਆਂ ਨੂੰ ਆਪਣੇ ਵੈਰੀ ਬਣਾ ਲੈਂਦਾ ਹੈ। ਜਿਹੜਾ ਆਪਣੀ ਹਾਰ ਸਵੀਕਾਰ ਕਰਦਾ ਹੈ, ਉਸ ਦੇ ਬਹੁਤ ਮਿੱਤਰ ਬਣਦੇ ਹਨ। ਜਿਹੜਾ ਹਾਰਨਾ ਜਾਣਦਾ ਹੈ। ਉਹ ਸਾਰੇ ਜਗਤ ਨੂੰ ਜਿੱਤਣ ਵਿਚ ਸਮਰੱਥ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਇਹ ਜਗਤ ਪ੍ਰਸਿੱਧ ਪ੍ਰਵਚਨ ਹੈ। ਜੋ ਇਸ ਅਰਥ ਨੂੰ ਸਪਸ਼ਟ ਕਰਦਾ ਹੈ ਕਿ —

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

*(ਜਪੁ ਜੀ, ਪੰਨਾ ੬)*

ਉਹ ਰਾਜਾ ਵੀ ਸਾਰੀ ਦੁਨੀਆ ਨੂੰ ਜਿੱਤਣਾ ਚਾਹੁੰਦਾ ਸੀ। ਪਰ ਆਪਣੇ ਮਨ ਹੱਥੋਂ ਹਾਰਿਆ ਹੋਇਆ ਸੀ। ਇਸੇ ਕਰਕੇ ਹੀ ਸਾਰੀ ਦੁਨੀਆ ਨੂੰ ਆਪਣਾ ਦੁਸ਼ਮਣ ਬਣਾਈ ਬੈਠਾ ਸੀ। ਦੁਸ਼ਮਣਾਂ ਤੋਂ ਬਚਾਅ ਵਾਸਤੇ ਉਸ ਨੇ ਇਕ ਬਹੁਤ ਵੱਡਾ ਮਹੱਲ ਬਣਵਾਇਆ। ਉਸ ਮਹੱਲ ਦਾ ਸਿਰਫ਼ ਇਕੋ ਦਰਵਾਜ਼ਾ ਰਖਿਆ। ਜਿਸ ਦੁਆਰਾ ਅੰਦਰ ਬਾਹਰ ਆਇਆ ਜਾਇਆ ਜਾ ਸਕਦਾ ਸੀ। ਉਸ ਦਰਵਾਜ਼ੇ ਤੇ ਵੀ ਉਸ ਨੂੰ ਸੈਂਕੜੇ ਨੰਗੀਆਂ ਤਲਵਾਰਾਂ ਵਾਲੇ ਪਹਿਰੇਦਾਰ ਖੜੇ ਕਰਨੇ ਪਏ। ਦੂਸਰੇ ਦੇਸ਼ ਦੇ ਗੁਆਂਢੀ ਰਾਜੇ ਨੂੰ ਉਸ ਨੇ ਸੱਦਿਆ ਅਤੇ ਆਪਣਾ ਉਹ ਮਹੱਲ ਦਿਖਾਇਆ। ਗੁਆਂਢੀ ਰਾਜਾ ਮਹੱਲ ਵੇਖਕੇ ਬੜਾ ਪ੍ਰਭਾਵਤ ਹੋਇਆ। ਉਸ ਨੇ ਕਿਹਾ ਮੈਂ ਵੀ ਇਸ ਤਰ੍ਹਾਂ ਦਾ ਇਕ ਮਹੱਲ ਬਣਵਾਵਾਂਗਾ। ਜਦੋਂ ਇਹ ਦੋਵੇਂ ਰਾਜੇ ਆਪਸ ਵਿਚ ਗੱਲਾਂ ਕਰ ਰਹੇ ਸਨ ਤਾਂ ਉਦੋਂ ਇਕ ਬੁੱਢਾ ਮਹਾਤਮਾ ਉਥੇ ਆ ਗਿਆ। ਗੁਆਂਢੀ ਰਾਜਾ ਕਹਿ ਰਿਹਾ ਸੀ ਕਿ ਮੈਂ ਤੇਰੀ ਸੂਝ ਬੂਝ ਤੋਂ ਬੜਾ ਪ੍ਰਸੰਨ ਹਾਂ। ਕਿਉਂਕਿ ਇਸ ਤਰ੍ਹਾਂ ਦਾ ਸੁਰੱਖਿਅਤ ਮਹੱਲ ਕਿਸੇ ਰਾਜੇ ਨੇ ਵੀ ਨਹੀਂ ਬਣਵਾਇਆ।

ਉਹ ਬੁੱਢਾ ਮਹਾਤਮਾ ਸੁਣ ਕੇ ਬੜਾ ਤਮਸ਼ਖ਼ਰਾਨਾ ਲਹਿਜ਼ੇ ਵਿਚ ਹੱਸਿਆ। ਉਸ ਮਹੱਲ ਦੇ ਮਾਲਕ ਰਾਜੇ ਨੇ ਉਸ ਮਹਾਤਮਾ ਨੂੰ ਕਿਹਾ ਕਿ ਤੂੰ ਪਾਗਲਾਂ ਦੀ ਤਰ੍ਹਾਂ ਕਿਉਂ ਹੱਸਦਾ ਹੈਂ? ਉਸ ਬਜ਼ੁਰਗ ਮਹਾਤਮਾ ਨੇ ਕਿਹਾ ਕਿ ਰਾਜਨ! ਇਸ ਮਹੱਲ ਨੂੰ ਬਣਾਉਣ ਸਮੇਂ ਇਕ ਭੁੱਲ ਰਹਿ ਗਈ ਹੈ। ਰਾਜੇ ਨੇ ਪੁੱਛਿਆ ਕੀ ਭੁੱਲ ਰਹਿ ਗਈ ਹੈ? ਮਹਾਤਮਾ ਨੇ ਕਿਹਾ ਰਾਜਨ! ਇਸ ਸੁੰਦਰ ਮਹੱਲ ਦਾ ਇਕੋ ਦਰਵਾਜ਼ਾ ਰਹਿ ਗਿਆ ਹੈ। ਇਹੀ ਭੁੱਲ ਹੈ। ਇਸ ਦਰਵਾਜ਼ੇ ਰਾਹੀਂ ਕੋਈ ਦੁਸ਼ਮਣ ਆ ਕੇ ਆਪ ਨੂੰ ਮਾਰ ਸਕਦਾ ਹੈ। ਮੇਰੀ ਰਾਇ ਮੰਨੋ। ਰਾਜੇ ਨੇ ਪੁੱਛਿਆ ਤੇਰੀ ਕੀ ਰਾਇ ਹੈ? ਤਾਂ ਉਹ ਮਹਾਤਮਾ ਕਹਿਣ ਲੱਗਾ ਕਿ ਤੁਸੀਂ ਆਪਣੇ ਪ੍ਰਵਾਰ ਸਮੇਤ ਮਹੱਲ ਦੇ ਅੰਦਰ ਹੋ ਜਾਉ ਅਤੇ ਦਰਵਾਜ਼ਾ ਬਾਹਰੋਂ ਚਿਣਵਾ ਦਿਉ। ਪੱਕਾ ਹੀ ਬੰਦ ਕਰਵਾ ਦਿਉ। ਫਿਰ ਤੁਹਾਨੂੰ ਕੋਈ ਨਹੀਂ ਮਾਰ ਸਕਦਾ। ਨਾਹੀ ਕੋਈ ਅੰਦਰ ਜਾ ਸਕੇਗਾ। ਫਿਰ ਦੁਸ਼ਮਣ ਦੀ ਵਾਹ ਨਹੀਂ ਚਲੇਗੀ।

ਗੁਰੂ ਨਾਨਕ ਦੇਵ ਜੀ ਦਾ ਇਹ ਜਗਤ ਪ੍ਰਸਿੱਧ ਪ੍ਰਵਚਨ ਹੈ। ਜੋ ਇਸ ਅਰਥ ਨੂੰ ਸਪਸ਼ਟ ਕਰਦਾ ਹੈ ਕਿ –

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

*(ਜਪੁ ਜੀ, ਪੰਨਾ ੬)*

ਉਹ ਰਾਜਾ ਵੀ ਸਾਰੀ ਦੁਨੀਆ ਨੂੰ ਜਿੱਤਣਾ ਚਾਹੁੰਦਾ ਸੀ। ਪਰ ਆਪਣੇ ਮਨ ਹੱਥੋਂ ਹਾਰਿਆ ਹੋਇਆ ਸੀ। ਇਸੇ ਕਰਕੇ ਹੀ ਸਾਰੀ ਦੁਨੀਆ ਨੂੰ ਆਪਣਾ ਦੁਸ਼ਮਣ ਬਣਾਈ ਬੈਠਾ ਸੀ। ਦੁਸ਼ਮਣਾਂ ਤੋਂ ਬਚਾਅ ਵਾਸਤੇ ਉਸ ਨੇ ਇਕ ਬਹੁਤ ਵੱਡਾ ਮਹੱਲ ਬਣਵਾਇਆ। ਉਸ ਮਹੱਲ ਦਾ ਸਿਰਫ਼ ਇਕੋ ਦਰਵਾਜ਼ਾ ਰਖਿਆ। ਜਿਸ ਦੁਆਰਾ ਅੰਦਰ ਬਾਹਰ ਆਇਆ ਜਾਇਆ ਜਾ ਸਕਦਾ ਸੀ। ਉਸ ਦਰਵਾਜ਼ੇ ਤੇ ਵੀ ਉਸ ਨੂੰ ਸੈਂਕੜੇ ਨੰਗੀਆਂ ਤਲਵਾਰਾਂ ਵਾਲੇ ਪਹਿਰੇਦਾਰ ਖੜੇ ਕਰਨੇ ਪਏ। ਦੂਸਰੇ ਦੇਸ਼ ਦੇ ਗੁਆਂਢੀ ਰਾਜੇ ਨੂੰ ਉਸ ਨੇ ਸੱਦਿਆ ਅਤੇ ਆਪਣਾ ਉਹ ਮਹੱਲ ਦਿਖਾਇਆ। ਗੁਆਂਢੀ ਰਾਜਾ ਮਹੱਲ ਵੇਖਕੇ ਬੜਾ ਪ੍ਰਭਾਵਤ ਹੋਇਆ। ਉਸ ਨੇ ਕਿਹਾ ਮੈਂ ਵੀ ਇਸ ਤਰ੍ਹਾਂ ਦਾ ਇਕ ਮਹੱਲ ਬਣਵਾਵਾਂਗਾ। ਜਦੋਂ ਇਹ ਦੋਵੇਂ ਰਾਜੇ ਆਪਸ ਵਿਚ ਗੱਲਾਂ ਕਰ ਰਹੇ ਸਨ ਤਾਂ ਉਦੋਂ ਇਕ ਬੁੱਢਾ ਮਹਾਤਮਾ ਉਥੇ ਆ ਗਿਆ। ਗੁਆਂਢੀ ਰਾਜਾ ਕਹਿ ਰਿਹਾ ਸੀ ਕਿ ਮੈਂ ਤੇਰੀ ਸੂਝ ਬੂਝ ਤੋਂ ਬੜਾ ਪ੍ਰਸੰਨ ਹਾਂ। ਕਿਉਂਕਿ ਇਸ ਤਰ੍ਹਾਂ ਦਾ ਸੁਰੱਖਿਤ ਮਹੱਲ ਕਿਸੇ ਰਾਜੇ ਨੇ ਵੀ ਨਹੀਂ ਬਣਵਾਇਆ।

ਉਹ ਬੁੱਢਾ ਮਹਾਤਮਾ ਸੁਣ ਕੇ ਬੜਾ ਤਮਸ਼ਖ਼ਰਾਨਾ ਲਹਿਜ਼ੇ ਵਿਚ ਹੱਸਿਆ। ਉਸ ਮਹੱਲ ਦੇ ਮਾਲਕ ਰਾਜੇ ਨੇ ਉਸ ਮਹਾਤਮਾ ਨੂੰ ਕਿਹਾ ਕਿ ਤੂੰ ਪਾਗਲਾਂ ਦੀ ਤਰ੍ਹਾਂ ਕਿਉਂ ਹੱਸਦਾ ਹੈਂ? ਉਸ ਬਜ਼ੁਰਗ ਮਹਾਤਮਾ ਨੇ ਕਿਹਾ ਕਿ ਰਾਜਨ! ਇਸ ਮਹੱਲ ਨੂੰ ਬਣਾਉਣ ਸਮੇਂ ਇਕ ਭੁੱਲ ਰਹਿ ਗਈ ਹੈ। ਰਾਜੇ ਨੇ ਪੁੱਛਿਆ ਕੀ ਭੁੱਲ ਰਹਿ ਗਈ ਹੈ? ਮਹਾਤਮਾ ਨੇ ਕਿਹਾ ਰਾਜਨ! ਇਸ ਸੋਹਣੇ ਮਹੱਲ ਦਾ ਇਕੋ ਦਰਵਾਜ਼ਾ ਰਹਿ ਗਿਆ ਹੈ। ਇਹੀ ਭੁੱਲ ਹੈ। ਇਸ ਦਰਵਾਜ਼ੇ ਰਾਹੀ ਕੋਈ ਦੁਸ਼ਮਣ ਆ ਕੇ ਆਪ ਨੂੰ ਮਾਰ ਸਕਦਾ ਹੈ। ਮੇਰੀ ਰਾਇ ਮੰਨੋ। ਰਾਜੇ ਨੇ ਪੁੱਛਿਆ ਤੇਰੀ ਕੀ ਰਾਇ ਹੈ? ਤਾਂ ਉਹ ਮਹਾਤਮਾ ਕਹਿਣ ਲੱਗਾ ਕਿ ਤੁਸੀਂ ਆਪਣੇ ਪ੍ਰਵਾਰ ਸਮੇਤ ਮਹੱਲ ਦੇ ਅੰਦਰ ਹੋ ਜਾਉ ਅਤੇ ਦਰਵਾਜ਼ਾ ਬਾਹਰੋਂ ਚਿਣਵਾ ਦਿਉ। ਪੱਕਾ ਹੀ ਬੰਦ ਕਰਵਾ ਦਿਉ। ਫਿਰ ਤੁਹਾਨੂੰ ਕੋਈ ਨਹੀਂ ਮਾਰ ਸਕਦਾ। ਨਾਹੀ ਕੋਈ ਅੰਦਰ ਜਾ ਸਕੇਗਾ। ਫਿਰ ਦੁਸ਼ਮਣ ਦੀ ਵਾਹ ਨਹੀਂ ਚਲੇਗੀ।

ਦੀਵਾਰਾਂ ਉਪਰ ਬਣਾਉਂਦੇ ਹਾਂ। ਇਹ ਤਾਂ ਇੰਨੇ ਖ਼ਤਰਨਾਕ ਨਹੀਂ। ਕਿਉਂਕਿ ਇਹ ਦਿਖਾਈ ਦੇਂਦੇ ਹਨ। ਉਹ ਦੀਵਾਰਾਂ ਬੜੀਆਂ ਬਾਰੀਕ ਹਨ। ਦਿੱਸਦੀਆਂ ਨਹੀਂ। ਉਹ ਬੜੀਆਂ ਸੂਖਸ਼ਮ ਤੇ ਪਾਰਦਰਸ਼ੀ ਦੀਵਾਰਾਂ ਹਨ। ਯਾਨੀ ਕਿ Transparent walls. ਜੋ ਦਿੱਸਦੀਆਂ ਨਹੀਂ।

ਉਹ ਬੰਧਨ ਮਨੁੱਖ ਨੇ ਜੀਵਾਤਮਾ ਦੇ ਚਾਰੇ ਪਾਸੇ ਬੰਨੇ ਹੋਏ ਹਨ। ਇਹੀ ਬੰਧਨ ਹਉਮੈ ਹਨ। ਮਨ ਦੀ ਹੋਂਦ ਕਾਇਮ ਰਖਦੇ ਹਨ। ਇਸਨੂੰ ਸਮਝਣ ਨਾਲ ਗੱਲ ਬਣ ਸਕਦੀ ਹੈ।

**ਹਉਮੈ ਬੂਝੈ ਤਾ ਦਰੁ ਸੂਝੈ॥** *(ਪੰਨਾ ੪੬੬)*

ਦਰਅਸਲ ਮੈਂ, ਮੇਰੇ ਦੇ ਸਹਾਰੇ 'ਹਉਮੈ' ਵਧਦੀ ਹੈ। ਇਹ ਮੈਂ ਤੇ ਹਉਮੈ ਦੋਵੇਂ ਇਕੱਠੇ ਹੀ ਰਹਿੰਦੇ ਹਨ। ਜੇਕਰ ਮੇਰਾ ਹੀ ਕੁਝ ਨਹੀਂ ਤਾਂ ਹਉਮੈ ਦਾ ਦਾਅਵਾ ਵੀ ਝੂਠਾ ਹੈ। ਮੇਰੇ ਮਿੱਤਰ, ਮੇਰਾ ਧਨ, ਮੇਰੀ ਸ਼ੁਹਰਤ, ਮੇਰਾ ਮਨ, ਮੇਰਾ ਤਨ, ਮੇਰਾ ਦਿਮਾਗ਼। ਪਰ ਜੇ ਮੇਰਾ ਹੀ ਕੁਝ ਨਹੀਂ ਤਾਂ ਮੈਂ ਕਿਥੇ ਰਹੇਗੀ। ਇਸ ਵਾਸਤੇ ਹਉਮੈ ਦੀ ਸਮਝ ਵਾਸਤੇ ਪ੍ਰਭੂ ਦੇ ਹੁਕਮ ਨੂੰ ਸਮਝਣਾ ਪਵੇਗਾ।

**ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ॥੨॥**

*ਪੰਨਾ ੧)*

ਮਨ ਨੂੰ ਸਾਧੇ ਬਿਨਾਂ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥**

**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥੩੨॥**

*ਪੰਨਾ ੩੪੨)*

ਕਬੀਰ ਸਾਹਿਬ ਕਹਿੰਦੇ ਹਨ ਕਿ ਮਨ ਨੂੰ ਹੀ ਸਾਧਨਾ ਹੈ ਅਤੇ ਮਨ ਨੇ ਹੀ ਮਨ ਨੂੰ ਸਮਝਣਾ ਹੈ। ਮਨ ਹੀ ਮਨ ਨੂੰ ਕਹਿੰਦਾ ਹੈ ਕਿ ਮਨ ਵਰਗਾ ਹੋਰ ਕੋਈ ਨਹੀਂ। ਹਰੇਕ ਬੰਦੇ ਨੂੰ ਆਪਣੇ ਮਨ ਬਾਰੇ ਬਹੁਤ ਕੁਝ ਪਤਾ ਨਹੀਂ।

**ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ॥**

*ਪੰਨਾ ੧੦੯੩)*

ਐ ਬੰਦੇ! ਕਦੀ ਮਨ ਦੀ ਕਿਤਾਬ ਪੜ੍ਹਨ ਦੀ ਕੋਸ਼ਿਸ਼ ਕਰ। ਮਨ ਦੀ ਕਿਤਾਬ ਪੜ੍ਹਨ ਵਾਲੀ ਹੈ। ਦਰਅਸਲ, ਮਨ ਨੂੰ ਪੜ੍ਹਨਾ ਕੀ ਹੈ? ਬੈਠਿਆਂ-ਬੈਠਿਆਂ ਆਪਣੇ ਮਨ ਨਾਲ, ਆਪਣੇ ਮਨ ਦੀਆਂ ਵਿਚਾਰਾਂ ਨੂੰ ਵੇਖਣਾ ਹੈ।

ਯਾਨੀ ਕਿ ਪੜ੍ਹਨਾ ਹੈ ਕਿ ਅੰਦਰ ਕੀ ਚਲ ਰਿਹਾ ਹੈ। ਬੱਸ ਇਹੀ ਮਨ ਨੂੰ ਪੜ੍ਹਨਾ ਹੈ। ਮਨ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਬੰਦਾ ਕੀ ਹੈ? ਲੋਕ ਤਾਂ ਬੰਦੇ ਨੂੰ ਧਾਰਮਕ ਕਹਿੰਦੇ ਹਨ। ਪਰ ਲੋਕਾਂ ਨੇ ਬੰਦੇ ਦਾ ਫ਼ੈਸਲਾ ਨਹੀਂ ਕਰਨਾ ਹੁੰਦਾ। ਆਪਣੇ ਮਨ ਦੀ ਕਿਤਾਬ ਬੰਦਾ, ਆਪ ਹੀ ਪੜ੍ਹ ਸਕਦਾ ਹੈ। ਦੂਜਾ-ਤੀਜਾ, ਨਹੀਂ ਫ਼ੈਸਲਾ ਦੇ ਸਕਦਾ। ਬੰਦਾ ਕੀ ਹੈ? ਗਿਆਨੀ ਹੈ, ਸ਼ਰੀਫ਼ ਹੈ, ਭਗਤ ਹੈ ਜਾਂ ਕੁਝ ਹੋਰ ਹੈ। ਇਹ ਤਾਂ ਬੰਦਾ ਖ਼ੁਦ ਹੀ ਫ਼ੈਸਲਾ ਕਰ ਸਕਦਾ ਹੈ। ਇਕ ਸੂਫ਼ੀ ਦਾ ਕਥਨ ਹੈ ਕਿ —

**ਤੂ ਖ਼ੁਦ ਬ-ਮੁਨਸਫ਼ ਖ਼ੁਦ॥**

ਭਾਵ ਕਿ ਐ ਬੰਦੇ! ਤੂੰ ਆਪਣਾ ਮੁਨਸਫ਼ ਆਪ ਹੈ। ਆਪਣਾ ਫ਼ੈਸਲਾ ਤੂੰ ਆਪ ਕਰ ਕਿ ਤੂੰ ਕੀ ਹੈਂ? ਅਕਸਰ ਲੋਕਾਂ ਦੇ ਫ਼ੈਸਲੇ ਦੂਜੇ ਕਰਦੇ ਹਨ ਪਈ ਫਲਾਣਾ ਸ਼ਰੀਫ਼ ਹੈ, ਗੁਰਮੁਖ ਹੈ, ਦਾਨੀ ਹੈ, ਗਿਆਨੀ ਹੈ, ਵੱਡਾ ਹੈ, ਛੋਟਾ ਹੈ ਆਦਿ। ਫਲਾਣਾ ਪਾਪੀ ਹੈ, ਪੁੰਨੀ ਹੈ। ਇਹ ਤਾਂ ਦੂਜੇ ਫ਼ੈਸਲਾ ਕਰ ਰਹੇ ਹਨ। ਦਰਅਸਲ ਦੂਜੇ ਕਿਸੇ ਨੂੰ ਕੋਈ ਪਤਾ ਨਹੀਂ ਕਿ ਬੰਦੇ ਦੀ ਮਨ ਦੀ ਕਿਤਾਬ ਵਿਚ ਕੀ ਲਿਖਿਆ ਹੈ? ਵਧ ਤੋਂ ਵਧ ਦੂਜਾ ਬੰਦਾ, ਦੂਜੇ ਬੰਦੇ ਬਾਰੇ ਇਹ ਦੱਸ ਸਕਦਾ ਹੈ ਕਿ ਉਹਦਾ ਰੰਗ ਕੀ ਹੈ? ਨਸਲ ਕੀ ਹੈ? ਬੋਲੀ ਕੀ ਹੈ? ਥੋੜ੍ਹਾ ਬਹੁਤ ਹੋਰ ਦੱਸ ਦਏਗਾ ਕਿ ਉਹਦੀ ਜਾਤ ਕੀ ਹੈ? ਬਰਾਦਰੀ ਜਾਂ ਮੁਲਕ ਕੀ ਹੈ? ਬੱਸ! ਇੰਨਾ ਹੀ ਦੱਸੇਗਾ। ਪਰ ਉਹਦਾ ਮਨ ਕੀ ਹੈ? ਇਹ ਕੋਈ ਵੀ ਨਹੀਂ ਦੱਸ ਸਕਦਾ। ਪਰ ਅਸਲੀ ਹੋਂਦ ਜੋ ਬੰਦੇ ਦੀ ਹੈ ਉਹ ਤਾਂ ਮਨ ਹੈ। ਕਿਸੇ ਦੀ ਜਾਤ ਕੀ ਹੈ? ਇਹ ਤਾਂ ਐਵੇਂ ਫ਼ਜ਼ੂਲ ਗੱਲਾਂ ਹਨ। ਸੁਆਲ ਇਹ ਹੈ ਕਿ ਕਿਸੇ ਦਾ ਮਨ ਕੀ ਹੈ? ਮਨ ਤਾਂ ਆਪਣਾ, ਆਪ ਹੀ ਬੰਦਾ ਪੜ੍ਹ ਸਕਦਾ ਹੈ। ਆਪਣੇ ਮਨ ਦੀ ਗੱਲ ਤਾਂ ਬੰਦਾ, ਖ਼ੁਦ ਜਾਣਦਾ ਹੈ ਜਾਂ ਫਿਰ ਖ਼ੁਦਾ ਜਾਣਦਾ ਹੈ। ਹੋਰ ਕੋਈ ਨਹੀਂ ਜਾਣਦਾ। ਗੁਰਬਾਣੀ ਕਹਿੰਦੀ ਹੈ ਕਿ —

**ਇਸੁ ਮਨ ਕਉ ਕੋਈ ਖੋਜਹੁ ਭਾਈ॥** *(ਪੰਨਾ ੩੩੦)*

**ਮਨੁ ਖੋਜਤ ਨਾਮੁ ਨਉਨਿਧਿ ਪਾਈ॥** *(ਪੰਨਾ ੧੧੨੮)*

ਹੇ ਭਾਈ! ਕੋਈ ਇਸ ਮਨ ਦੀ ਖੋਜ ਕਰੋ। ਕੋਈ ਤਾਂ ਇਸ ਮਨ ਦੀ ਕਿਤਾਬ ਨੂੰ ਪੜ੍ਹਨ ਦਾ ਜਤਨ ਕਰੋ। ਮਨ ਇਕ ਸ਼ਕਤੀ ਹੈ। ਇਹ ਪ੍ਰਮਾਤਮਾ ਵੱਲੋਂ ਦਿੱਤੀ ਹੋਈ ਪ੍ਰਬਲ ਸੌਗਾਤ ਹੈ। ਮਨ ਜਿਸ ਵਿਚ ਧਿਆਨ ਜੋੜੇ, ਉਸ ਵਰਗਾ ਹੀ ਹੋ ਜਾਂਦਾ ਹੈ। ਕਦੀ ਗੌਰ ਕਰਨਾ।

**ਇਹੁ ਮਨੁ ਸਕਤੀ ਇਹੁ ਮਨੁ ਸੀਉ ॥**
**ਇਹੁ ਮਨੁ ਪੰਚ ਤਤ ਕੋ ਜੀਉ ॥** *(ਪੰਨਾ ੩੪੨)*

ਮਨ ਦੀ ਸਿੱਧੀ ਨਾਲ ਹੀ ਆਤਮਾ ਸਿੱਧੀ ਪ੍ਰਾਪਤ ਹੁੰਦੀ ਹੈ। ਵਰਨਾ ਨਹੀਂ। ਸਰੀਰ ਦੀ ਐਕਸਰਸਾਇਜ਼ ਨਾਲ ਕੋਈ ਰੱਬ ਨਹੀਂ ਮਿਲਦਾ। ਸਰੀਰ ਸਿਰਫ਼ ਮਿਹਨਤ ਕਰ ਸਕਦਾ ਹੈ। ਸਰੀਰ ਨਾਲ ਸੇਵਾ ਕੀਤੀ ਜਾ ਸਕਦੀ ਹੈ, ਨਾ ਕਿ ਸਿਮਰਨ। ਸਿਮਰਨ ਲਈ ਮਨ ਦੀ ਇਕਾਗਰਤਾ ਦੀ ਲੋੜ ਹੈ। ਸੇਵਾ ਨਾਲ ਸਰੀਰ ਪਵਿੱਤਰ ਹੁੰਦਾ ਹੈ ਅਤੇ ਸਿਮਰਨ ਨਾਲ ਜ਼ਮੀਰ ਪਵਿੱਤਰ ਹੁੰਦੀ ਹੈ। ਯਾਨੀ ਕਿ ਮਨ ਪਵਿੱਤਰ ਹੁੰਦਾ ਹੈ। ਸੇਵਾ ਨਾਲੋਂ ਹਜ਼ਾਰਾਂ ਗੁਣਾਂ ਜ਼ਿਆਦਾ ਸਿਮਰਨ ਕਰਨਾ ਔਖਾ ਹੈ। ਸੇਵਾ ਸਰੀਰ ਨਾਲ ਜੁੜੀ ਹੋਈ ਹੈ। ਸਿਮਰਨ ਮਨ ਦੀ ਸਾਧਨਾ ਹੈ। ਪਰ ਮਨ ਸਿਮਰਨ ਕਰ ਸਕੇ ਇਸ ਵਾਸਤੇ ਪਹਿਲਾਂ ਮਨ ਦੀ ਸਮਝ ਹੋਣੀ ਚਾਹੀਦੀ ਹੈ। ਇਸ ਵਾਸਤੇ —

**ਇਸੁ ਮਨ ਕਉ ਕੋਈ ਖੋਜਹੁ ਭਾਈ॥**

ਮਨ ਦੀ ਖੋਜ ਹੈ, ਮਨ ਨੂੰ ਪੜ੍ਹਨਾ। ਕਿਸੇ ਇਕਾਂਤ ਵਿੱਚ ਬੈਠ ਕੇ, ਅੱਖਾਂ ਬੰਦ ਕਰਕੇ ਸਿਰਫ਼ ਆਪਣੇ ਵਿਚਾਰ ਪੜ੍ਹਨੇ ਕਿ ਅੰਦਰ ਕੀ ਚਲ ਰਿਹਾ ਹੈ। ਅੰਦਰ ਗੰਦੇ ਵਿਚਾਰ ਚਲ ਰਹੇ ਹਨ ਤਾਂ ਮਨ ਗੰਦਾ ਹੈ। ਜਿਵੇਂ ਨਦੀ ਵਿੱਚ ਗੰਦਾ ਪਾਣੀ ਚਲਦਾ ਹੈ ਤਾਂ ਨਦੀ ਗੰਦੀ ਹੈ। ਚੰਗਾ ਪਾਣੀ ਚਲਦਾ ਹੈ ਤਾਂ ਨਦੀ ਚੰਗੀ ਹੈ। ਪਵਿੱਤਰ ਹੈ। ਠੀਕ ਇਸੇ ਤਰ੍ਹਾਂ ਮਨ ਵਿੱਚ ਵਿਚਾਰ ਤਾਂ ਪਾਣੀ ਦੇ ਪ੍ਰਵਾਹ ਵਾਂਗ ਨਿਰੰਤਰ ਚਲਦੇ ਹਨ। ਜੇ ਵਿਚਾਰਾਂ ਦਾ ਪ੍ਰਵਾਹ ਚੰਗਾ ਹੈ ਤਾਂ ਮਨ ਚੰਗਾ ਹੈ। ਜੇ ਵਿਚਾਰ ਗੰਦੇ ਹਨ ਤਾਂ ਮਨ ਗੰਦਾ ਹੈ।

# ਮਨੁੱਖ ਦੇ ਸੁਪਨੇ
# ਅਤੇ
# ਕੁਦਰਤ ਦੀ ਕਲਾ

ਮਨ ਦੇ ਦੋ ਭਾਗ ਹਨ — **ਸੁਚੇਤ ਮਨ ਅਤੇ ਅਚੇਤ ਮਨ**। ਰਾਤ ਨੂੰ ਜਦੋਂ ਬੰਦਾ ਸੌਂਦਾ ਹੈ ਤਾਂ ਮਨ ਦਾ ਦੂਜਾ ਭਾਗ ਜੋ ਅਚੇਤ ਮਨ ਹੈ। ਉਹ ਆਪਣੇ ਆਪ ਕੰਮ ਕਰਨ ਲੱਗ ਜਾਂਦਾ ਹੈ। ਉਹ ਸੁਪਨੇ ਘੜਦਾ ਹੈ। ਜੋ ਬੰਦੇ ਨੂੰ ਸੁਪਨੇ ਦਿਖਾਈ ਦੇਂਦੇ ਹਨ, ਉਹ ਅਚੇਤ ਮਨ ਨੂੰ ਦਿੱਸਦੇ ਹਨ। ਮਨ ਦੇ ਦੋਵਾਂ ਭਾਗਾਂ ਦਾ ਨਾਮ **ਇਨ ਮਨ ਅਤੇ ਉਨ ਮਨ** ਹੈ। ਯਾਨੀ ਕਿ ਸੁਚੇਤ ਮਨ ਅਤੇ ਅਚੇਤ ਮਨ। ਬੰਦਾ ਜੋ ਕੁਝ ਅੱਖਾਂ ਨਾਲ ਵੇਖਦਾ ਹੈ ਅਤੇ ਕੰਨਾਂ ਨਾਲ ਸੁਣਦਾ ਹੈ। ਮੂੰਹ ਨਾਲ ਬੋਲਦਾ ਹੈ। ਇਸ ਸਭ ਕੁਝ ਦਾ ਅਸਰ ਮਨ ਉਪਰ ਵੀ ਹੁੰਦਾ ਹੈ। ਇਹ ਸਾਰੀ ਸਮਗਰੀ ਵਿਚੋਂ ਕੁਝ ਸਮਗਰੀ ਤਾਂ ਅਚੇਤ ਮਨ ਵਿਚ ਇਕੱਠੀ ਹੁੰਦੀ ਜਾਂਦੀ ਹੈ। ਅਚੇਤ ਮਨ ਇਕ ਸਟੋਰ ਹੈ। ਯਾਨੀ ਕਿ ਗੁਦਾਮ ਦਾ ਕੰਮ ਕਰਦਾ ਹੈ। ਉਥੇ ਬਹੁਤ ਕੁਝ ਇਕੱਠਾ ਹੁੰਦਾ ਜਾਂਦਾ ਹੈ। ਰਾਤ ਨੂੰ ਸੌਣ ਵੇਲੇ ਉਹ ਅਚੇਤ ਮਨ ਅਚਨਚੇਤ ਹੀ ਕੰਮ ਕਰਨ ਲੱਗਦਾ ਹੈ। ਅਚੇਤ ਮਨ ਵਿਚ ਜੋ ਕੁਝ ਪਿਆ ਹੁੰਦਾ ਹੈ। ਉਸੇ ਢੰਗ ਦੇ ਸੁਪਨੇ ਆਉਣੇ ਅਰੰਭ ਹੋ ਜਾਂਦੇ ਹਨ। ਜੇ ਬੰਦੇ ਨੂੰ ਸੁਪਨੇ ਗੰਦੇ ਆਉਂਦੇ ਹਨ ਤਾਂ ਸਪਸ਼ਟ ਹੈ ਕਿ ਉਸਦਾ ਅਚੇਤ ਮਨ ਗੰਦਾ ਹੈ। ਜੇ ਸੁਪਨੇ ਚੰਗੇ ਆਉਂਦੇ ਹਨ ਤਾਂ ਉਸ ਦਾ ਅਚੇਤ ਮਨ ਸ਼ੁੱਧ ਹੈ। ਚੰਗਾ ਹੈ। ਸੁਪਨਿਆਂ ਉਪਰ ਬੰਦਾ ਪਾਬੰਦੀ ਨਹੀਂ ਲਾ ਸਕਦਾ। ਬੰਦਾ ਆਪਣੀ ਮਨ ਮਰਜ਼ੀ ਦੇ ਸੁਪਨੇ ਨਹੀਂ ਵੇਖ ਸਕਦਾ। ਸੁਪਨਿਆਂ ਦੀ ਬੁਨਿਆਦ, ਉਸ ਉਪਰ ਹੈ ਜੋ ਕੁਝ ਅਚੇਤ ਮਨ ਵਿਚ ਪਿਆ ਹੋਇਆ ਹੈ। ਅਗਰ ਸੁਪਨੇ ਪਵਿੱਤਰ ਆਉਂਦੇ ਹਨ ਤਾਂ ਇਹ ਬੜੀ ਵੱਡੀ ਭਾਗਸ਼ਾਲੀ ਗੱਲ ਹੈ। ਭਗਤ ਕਬੀਰ ਸਾਹਿਬ ਦਾ ਫ਼ੁਰਮਾਨ ਹੈ। ਕਿ ਅਗਰ ਕੋਈ ਬੰਦਾ, ਰਾਤ ਨੂੰ ਸੁੱਤਾ ਪਿਆ ਬਰੜਾ ਕੇ ਰਾਮ ਦਾ ਨਾਮ ਲੈਂਦਾ ਹੈ। ਤਾਂ ਉਹ ਬੰਦਾ ਬੜਾ ਮਹਾਨ ਹੋਵੇਗਾ। ਉਹ ਪੂਜਨਯੁਕਤ ਹੋਏਗਾ। ਮੈਂ ਉਸ ਬੰਦੇ ਦੇ ਪੈਰੀਂ ਆਪਣੇ ਤਨ ਦੀ ਚਮੜੀ ਦੀ ਜੁੱਤੀ ਬਣਵਾ ਕੇ ਪਵਾ ਦਿਆਂ। ਉਹ ਇੰਨਾ ਮਹਾਨ ਹੈ।

**ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ ॥**
**ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥੬੩॥**

*(ਸਲੋਕ ਕਬੀਰ, ਪੰਨਾ ੧੩੬੭)*

ਦਰਅਸਲ ਇੰਨੀ ਵੱਡੀ ਕੁਰਬਾਨੀ ਕਰਨ ਨੂੰ ਕਬੀਰ ਸਾਹਿਬ ਕਿਉਂ ਤਿਆਰ ਹਨ। ਕਿਉਂਕਿ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਇਸ ਬੰਦੇ ਦਾ ਅਚੇਤ ਮਨ ਬੜਾ ਪਵਿੱਤਰ ਹੈ। ਇਸ ਦੇ ਅਚੇਤ ਮਨ ਦੇ ਸਟੋਰ ਵਿੱਚ ਕੋਈ ਗੰਦਗੀ ਨਹੀਂ। ਚੰਗੀਆਂ ਵਸਤੂ ਪਈਆਂ ਹਨ।

ਅਚੇਤ ਮਨ ਇਕ ਗੁਦਾਮ ਹੈ। ਪਿਛਲੇ ਜਨਮਾਂ ਦਾ ਸਿਲਸਿਲਾ ਵੀ ਕੁਝ ਉਸ ਵਿੱਚ ਜਮ੍ਹਾਂ ਹੈ। ਕਈ ਦਫ਼ਾ ਬੰਦਾ ਸੁਪਨੇ ਵਿੱਚ ਪੰਛੀਆਂ ਵਾਂਗ ਉਡਦਾ ਹੈ। ਕਈ ਦਫ਼ਾ ਬੰਦਾ ਬੜੀਆਂ ਭਿਆਨਕ ਦਿਸ਼ਾਵਾਂ ਦੇ ਬੜੇ ਡਰਾਉਣੇ ਸੁਪਨੇ ਦੇਖਦਾ ਹੈ। ਕੋਈ ਕਿਧਰੇ ਪਾਣੀ ਵਿੱਚ ਮੱਛੀ ਵਾਂਗ ਤਰਦਾ ਹੈ। ਜੇ ਬੰਦਾ ਰਾਤ ਨੂੰ ਪੰਛੀ ਵਾਂਗ ਸੁਪਨੇ ਵਿੱਚ ਉਡਦਾ ਹੈ ਤਾਂ ਜ਼ਰੂਰ ਪਹਿਲੇ ਜਨਮ ਵਿੱਚ ਕਿਤੇ ਪੰਛੀ ਦੇ ਸਰੀਰ ਰਾਹੀਂ ਉੱਡ ਚੁਕਿਆ ਹੋਵੇਗਾ। ਤਾਂ ਹੀ ਤਾਂ ਸੁਪਨੇ ਵਿਚ ਉਡਦਾ ਫਿਰਦਾ ਹੈ। ਵਰਨਾ ਉੱਡਣ ਦਾ ਸੁਆਲ ਹੀ ਪੈਦਾ ਨਹੀਂ ਹੋ ਸਕਦਾ। ਜਿਹੜਾ ਜਿਹੜਾ ਸੰਸਕਾਰਾਂ ਦਾ ਬੀਜ ਅੰਦਰ ਅਚੇਤ ਮਨ ਵਿਚ ਪਿਆ ਹੋਇਆ ਹੈ। ਉਹੋ ਹੀ ਬੰਦਾ ਰਾਤ ਨੂੰ ਸੁਪਨੇ ਵਿਚ ਦੇਖਦਾ ਹੈ।

ਕਈ ਦਫ਼ਾ ਦਿਨ ਵੇਲੇ ਜਾਗਦਿਆਂ ਬੰਦਾ ਖ਼ਾਹਸ਼ ਪੈਦਾ ਕਰਦਾ ਹੈ। ਉਹ ਖ਼ਾਹਸ਼ ਸਚੇਤ ਮਨ ਨਾਲ ਜਾਗਦਿਆਂ ਹੋਇਆਂ ਪੂਰੀ ਨਹੀਂ ਹੋਈ। ਉਹ ਸੰਸਕਾਰ ਅਚੇਤ ਮਨ ਵਿੱਚ ਚਲੇ ਜਾਂਦੇ ਹਨ। ਕਈ ਵਾਰੀ ਬੰਦਾ ਚੋਰੀ ਕਰਨਾ ਚਾਹੁੰਦਾ ਹੈ। ਯਾਰੀ ਕਰਨੀ ਚਾਹੁੰਦਾ ਹੈ, ਪਰ ਮਜਬੂਰੀ ਵੱਸ ਨਹੀਂ ਕਰ ਸਕਦਾ। ਹੁਣ ਇਹ ਸੰਸਕਾਰ ਅੰਦਰ ਪਏ ਹਨ। ਇਹ ਰਾਤ ਨੂੰ ਸੁਪਨੇ ਦਾ ਰੂਪ ਧਾਰਨ ਕਰਨਗੇ। ਸੁਪਨੇ ਵਿਚ ਬੰਦਾ ਚੋਰੀ ਕਰੇਗਾ ਜਾਂ ਯਾਰੀ ਕਰੇਗਾ।

ਇਸ ਤੋਂ ਉਲਟ ਅਗਰ ਕਿਸੇ ਬੰਦੇ ਨੇ ਦਿਨ ਭਰ ਕੋਸ਼ਿਸ਼ ਕੀਤੀ ਹੈ ਕਿ ਪ੍ਰਭੂ ਮਿਲੇ। ਰਾਮ ਰਸ ਪ੍ਰਾਪਤ ਹੋਵੇ। ਪ੍ਰਮਾਤਮਾ ਨਾਲ ਮਨ ਜੁੜੇ। ਪਰ ਗੱਲ ਨਹੀਂ ਬਣੀ ਤਾਂ ਰਾਤ ਨੂੰ ਸੁਪਨੇ ਵਿਚ ਉਸ ਦੀ ਗੱਲ ਬਣ ਜਾਏਗੀ। ਸੁਪਨੇ ਦਾ ਇੰਤਜ਼ਾਮ ਕੁਦਰਤ ਨੇ ਹੀ ਕਰ ਰਖਿਆ ਹੈ। ਜਿਹੜਾ ਕੰਮ ਜਾਗ੍ਰਤ ਅਵਸਥਾ ਵਿਚ ਨਾ ਹੋ ਸਕੇ। ਉਹ ਰਾਤ ਸੁਪਨੇ ਵਿਚ ਹੁੰਦਾ ਹੈ। ਇਸ ਨਾਲ ਮਨ ਦਾ ਗੁਬਾਰ ਹਲਕਾ ਹੋ ਜਾਂਦਾ ਹੈ। ਇਸ ਦੇ ਤਾਂ ਅਨੇਕਾਂ ਸਬੂਤ ਮਿਲਦੇ ਹਨ ਕਿ ਦਿਨ ਭਰ ਦੀ ਚਾਹਤ, ਰਾਤ ਦਾ ਸੁਪਨਾ ਬਣ ਜਾਂਦੀ ਹੈ। ਜ਼ਿੰਦਗੀ ਭਰ ਦੇ ਸੰਸਕਾਰ ਰਾਤ ਨੂੰ ਸੁਪਨਾ ਬਣਦੇ ਹਨ।

# ਮਨੁੱਖ ਦਾ ਮਨ
# ਅਤੇ
# ਕੁਦਰਤ ਦੀ ਕਲਾ

ਸੋ ਸੁਚੇਤ ਮਨ ਅਤੇ ਅਚੇਤ ਮਨ— ਇਹ ਮਨ ਦੇ ਦੋ ਭਾਗ ਹਨ। ਜਿਵੇਂ ਇਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਸੱਜੇ ਖੱਬੇ ਪਾਸੇ ਹੁੰਦੇ ਹਨ। ਇਕ ਪਾਸੇ ਤਨ ਹੈ ਅਤੇ ਦੂਜੇ ਪਾਸੇ ਆਤਮਾ ਹੈ। ਵਿਚਕਾਰ ਮਨ ਹੈ। ਘੜੀ ਦੇ ਪੈਂਡੂਲਮ ਦੀ ਤਰ੍ਹਾਂ ਮਨ ਡੋਲਦਾ ਹੈ। ਕਦੇ ਸੱਜੇ ਕਦੇ ਖੱਬੇ। ਕਦੀ ਆਤਮਾ ਵੱਲ ਅਤੇ ਕਦੇ ਸਰੀਰ ਵੱਲ। ਮਨ ਟਿਕਦਾ ਨਹੀਂ। ਮਨ ਟਿਕ ਜਾਏ ਤਾਂ ਮਨ ਮਰ ਜਾਂਦਾ ਹੈ। ਖ਼ਤਮ ਹੋ ਜਾਂਦਾ ਹੈ। ਸੋ ਇਸ ਮਨ ਨੂੰ ਪੜ੍ਹਨਾ ਹੈ। ਸਮਝਣਾ ਹੈ। ਮਨ ਬਾਰੇ ਕੋਈ ਦੂਜਾ ਨਹੀਂ ਬੰਦੇ ਨੂੰ ਦੱਸ ਸਕਦਾ। ਆਪਣਾ ਮਨ ਇਮਾਨਦਾਰੀ ਨਾਲ ਆਪ ਹੀ ਪੜ੍ਹਨਾ ਹੈ ਅਤੇ ਉਸ ਨੂੰ ਪਵਿੱਤਰ ਕਰਨਾ ਹੈ। ਕੋਈ ਤਾਂ ਸਿਰਫ਼ ਬਾਹਰੋਂ ਹੀ ਵੇਖ ਸਕਦਾ ਹੈ ਪਈ ਇਹ ਬੰਦਾ ਤਨ ਕਰਕੇ ਕੀ ਕਰ ਰਿਹਾ ਹੈ। ਕਾਸ਼! ਕਿਤੇ ਬੰਦਾ ਬਾਹਰੋਂ ਤਨ ਹੀ ਹੁੰਦਾ। ਪਰ ਅਸਲੀ ਤਸਵੀਰ ਤਾਂ ਅੰਦਰ ਹੈ। ਉਹ ਮਨ ਹੈ। ਜਿੰਨੀ ਦੇਰ ਇਹ ਨਾ ਪਤਾ ਲਗੇ ਕਿ ਇਸ ਬੰਦੇ ਦਾ ਮਨ ਕੀ ਹੈ? ਉਨੀ ਦੇਰ ਉਸ ਬਾਰੇ ਕੋਈ ਫ਼ੈਸਲਾ ਨਹੀਂ ਦੇ ਸਕਦਾ। ਜਿਸ ਦੇ ਨਾਲ ਰੋਜ਼ ਬੈਠੀਏ। ਭਾਵੇਂ ਸਾਲਾਂ ਬੱਧੀ ਵੀ ਨੇੜੇ ਰਹੀਏ। ਉਸਦਾ ਵੀ ਪਤਾ ਨਹੀਂ ਲੱਗਦਾ ਕਿ ਇਹਦਾ ਮਨ ਕੀ ਹੈ।

ਦਰਅਸਲ ਮਨ ਨਿਹਚਲ ਨਹੀਂ ਹੈ। ਦਰੱਖ਼ਤ ਦੇ ਦੋ ਭਾਗ ਹਨ। ਇਕ ਭਾਗ ਦ੍ਰਿਸ਼ਮਾਨ ਹੈ ਅਤੇ ਇਕ ਭਾਗ ਅਦ੍ਰਿਸ਼ ਹੈ। ਦਰੱਖ਼ਤ ਦੀਆਂ ਜੜ੍ਹਾਂ ਅਦ੍ਰਿਸ਼ ਹਨ। ਦਰੱਖ਼ਤ ਦਾ ਤਨਾ ਅਤੇ ਫਲ, ਫੁੱਲ, ਪੱਤੇ ਸਭ ਦ੍ਰਿਸ਼ਟਮਾਨ ਹਨ। ਦਰੱਖ਼ਤ ਦੀਆਂ ਜੜ੍ਹਾਂ ਹਰੀਆਂ ਹੋਣ ਪਰ ਸ਼ਾਖ਼ਾਵਾਂ ਅਤੇ ਤਨਾ ਕੱਟ ਦਿੱਤਾ ਹੋਵੇ। ਇਕੱਲੀਆਂ ਜੜ੍ਹਾਂ ਹਰੀਆਂ ਜੜ੍ਹਾਂ ਵੀ ਕੋਈ ਮਾਇਨਾ ਨਹੀਂ ਰਖਦੀਆਂ। ਉਹ ਜੜ੍ਹਾਂ ਕਿਸ ਕੰਮ ਜਿੰਨ੍ਹਾਂ ਦੀਆਂ ਕੋਈ ਸ਼ਾਖ਼ਾਂ ਹੀ ਨਹੀਂ ਰਹੀਆਂ। ਫੁੱਲ ਅਤੇ ਫਲ ਨਹੀਂ ਰਹੇ।

ਦੂਜੇ ਪਾਸੇ ਜੜ੍ਹਾਂ ਹੀ ਸੁੱਕ ਜਾਣ ਤਾਂ ਫੁੱਲ ਫਲ ਦਾ ਉਂਝ ਹੀ

ਕਿਆਸ ਨਹੀਂ ਕੀਤਾ ਜਾ ਸਕਦਾ। ਸੁੱਕੀਆਂ ਹੋਈਆਂ ਜੜ੍ਹਾਂ ਵਾਲੇ ਦਰੱਖ਼ਤ ਨੂੰ ਫੁੱਲ ਫਲ ਅਤੇ ਪੱਤੇ ਕਦੇ ਨਹੀਂ ਨਿਕਲ ਸਕਦੇ। ਦਰੱਖ਼ਤ ਦਾ ਇਕ ਅੰਦਰਲਾ ਰੂਪ ਹੈ। ਉਹ ਜੜ੍ਹਾਂ ਹਨ। ਕੁਝ ਬਾਹਰ ਦਾ ਰੂਪ ਹੈ, ਉਹ ਸ਼ਾਖ਼ਾਵਾਂ ਹਨ ਅਤੇ ਫੁੱਲ ਫਲ ਹਨ।

ਠੀਕ ਇਸੇ ਹੀ ਢੰਗ ਨਾਲ ਮਨੁੱਖੀ ਸਰੀਰ ਦੇ ਵੀ ਦੋ ਭਾਗ ਹਨ। ਮਨੁੱਖੀ ਤਨ ਦੇ ਅੰਦਰਲੇ ਭਾਗ ਦਾ ਨਾਮ ਮਨ ਹੈ। ਮਨੁੱਖੀ ਸਰੀਰ ਦੇ ਬਾਹਰਲੇ ਭਾਗ ਦਾ ਨਾਮ ਤਨ ਹੈ। ਤਨ ਅਤੇ ਮਨ ਦੋਵਾਂ ਭਾਗਾਂ ਨੂੰ ਵੇਖ ਹੀ ਕਿਸੇ ਮਨੁੱਖ ਦੇ ਜੀਵਨ ਬਾਰੇ ਪਤਾ ਲੱਗ ਸਕਦਾ ਹੈ। ਤਨ ਤਕ ਤਾਂ ਪਹੁੰਚ ਆਮ ਬੰਦੇ ਦੀ ਹੈ। ਤਨ ਨੂੰ ਵੇਖ ਕੇ ਤਾਂ ਆਮ ਬੰਦਾ ਅੰਦਾਜ਼ਾ ਲਾ ਲੈਂਦਾ ਹੈ ਕਿ ਬੰਦਾ ਕਿਸ ਮਜ਼੍ਹਬ ਦਾ ਹੈ। ਕਿਉਂਕਿ ਮੱਤ ਅਤੇ ਮਜ਼੍ਹਬਾਂ ਦੇ ਚੱਕਰ ਚਿੰਨ੍ਹ ਤਨ ਤੋਂ ਹੀ ਪਤਾ ਲੱਗ ਜਾਂਦੇ ਹਨ। ਪਰ ਮਨ ਤਕ ਪਹੁੰਚ ਆਮ ਬੰਦੇ ਦੀ ਨਹੀਂ ਹੁੰਦੀ। ਮਨ ਵਿਚੋਂ ਬੰਦਾ ਕੀ ਹੈ। ਇਹ ਪਤਾ ਕਰਨ ਵਾਸਤੇ ਤਾਂ ਕੋਈ ਮਨੋਵਿਗਿਆਨੀ ਹੀ ਹੋਵੇ ਤਾਂ ਪਤਾ ਲਗ ਸਕਦਾ ਹੈ। ਵਰਨਾ ਨਹੀਂ।

ਇਕ ਬੜੀ ਧਿਆਨਯੋਗ ਵਿਚਾਰ ਹੈ ਕਿ ਕਾਦਰ ਕਰੀਮ ਨੇ ਹਰੇਕ ਸਰੀਰ ਦੇ ਅੰਗ ਦੋ-ਦੋ ਬਣਾਏ ਹਨ। ਪੈਰ ਦੋ ਹਨ। ਅੱਖਾਂ ਦੋ ਹਨ। ਹੱਥ ਦੋ ਹਨ। ਕੰਨ ਦੋ ਹਨ। ਨਾਸਕਾਂ ਦੋ ਹਨ। ਭਾਵੇਂ ਪੈਰ ਦੋ ਹਨ ਪਰ ਇਹ ਤੁਰ ਇਕ ਪਾਸੇ ਹੀ ਸਕਦੇ ਹਨ। ਮਾਰਗ ਇਕ ਹੀ ਦਿੱਤਾ ਜਾ ਸਕਦਾ ਹੈ। ਅੱਖਾਂ ਦੋ ਹਨ। ਹੁਣ ਇਹ ਚਾਹੀਏ ਕਿ ਸਾਡੀ ਇਕ ਅੱਖ ਸੱਜੇ ਪਾਸੇ ਵੇਖੇ ਅਤੇ ਇਕ ਅੱਖ ਖੱਬੇ ਪਾਸੇ ਵੱਲ ਵੇਖੇ। ਤਾਂ ਫਿਰ ਕੁਝ ਵੀ ਨਹੀਂ ਵੇਖਿਆ ਜਾ ਸਕਦਾ। ਇਨ੍ਹਾਂ ਦੋ ਅੱਖਾਂ ਨੂੰ ਦ੍ਰਿਸ਼ਟੀ ਇਕ ਹੀ ਦੇਣੀ ਪਵੇਗੀ। ਅੱਖਾਂ ਭਾਵੇਂ ਦੋ ਹਨ। ਪਰ ਦ੍ਰਿਸ਼ਟੀ ਇਕ ਹੀ ਹੈ। ਕੰਨ ਵੀ ਸਾਡੇ ਦੋ ਹਨ। ਇਕ ਕੰਨ ਕੁਝ ਹੋਰ ਸੁਣੇ। ਦੂਜਾ ਕੁਝ ਹੋਰ ਸੁਣੇ। ਦੋਵੇਂ ਵਿਰੋਧਤਾ ਵਿੱਚ ਖੜ੍ਹੇ ਹੋ ਜਾਣ। ਫਿਰ ਕੁਝ ਵੀ ਨਹੀਂ ਸੁਣ ਸਕਣਗੇ। ਕਿਸੇ ਇਕ ਅਵਾਜ਼ ਦੀ ਤਰਫ਼ ਦੋਵੇਂ ਕੰਨ ਸੁਣਦੇ ਹਨ। ਹੱਥ ਵੀ ਸਾਡੇ ਦੋ ਹਨ। ਹੁਣ ਇਕ ਹੱਥ ਕੁਝ ਬਣਾਵੇ। ਦੂਜਾ ਮਿਟਾਵੇ। ਤਾਂ ਕੁਝ ਵੀ ਬਣ ਨਹੀਂ ਸਕਦਾ। ਦੋਵਾਂ ਹੱਥਾਂ ਨੂੰ ਕੰਮ ਇਕ ਹੀ ਦੇਣਾ ਪਏਗਾ।

ਸੋ ਅੰਗ ਤਾਂ ਹਰੇਕ ਸਰੀਰ ਦੇ ਕਾਦਰ ਕਰੀਮ ਨੇ ਦੋ ਦੋ ਹੀ ਬਣਾਏ ਹਨ। ਸ਼ਾਇਦ ਇੰਜ ਸਮਝ ਲਉ ਕਿ ਇਕ ਸਪੇਅਰ ਪਾਰਟ ਹੈ। ਇਕ ਅੰਗ

ਤਾਂ ਕਿਤੇ ਨਕਾਰਾ ਵੀ ਹੋ ਸਕਦਾ ਹੈ। ਫਿਰ ਇਕ ਨਾਲ ਤਾਂ ਕੰਮ ਚਲਾਇਆ ਜਾ ਸਕਦਾ ਹੈ।

ਤੁਸੀਂ ਹੈਰਾਨ ਹੋਵੋਗੇ। ਉਸ ਕਰਤਾ ਪੁਰਖ ਦੀ ਕੁਦਰਤ ਦਾ ਕਮਾਲ ਹੈ ਕਿ ਉਸਨੇ ਮਨੁੱਖੀ ਸਰੀਰ ਵਿੱਚ ਮਨ ਵੀ ਦੋ ਬਣਾਏ ਹਨ। ਮਨੋਵਿਗਿਆਨੀਆਂ ਨੇ ਇਨ੍ਹਾਂ ਨੂੰ ਨਾਮ ਵੀ ਦੋ ਦਿੱਤੇ ਹਨ। ਇਨ ਮਨ ਅਤੇ ਉਨ ਮਨ। ਜਾਂ ਸੁਚੇਤ ਮਨ ਅਤੇ ਅਚੇਤ ਮਨ। ਦੋਹਾਂ ਦੀ ਸੋਚਣੀ ਇਕ ਕਰਨੀ ਹੈ। ਜਿਵੇਂ ਸਰੀਰ ਦੇ ਹਰੇਕ ਦੋ ਭਾਗਾਂ ਦੀ ਦਿਸ਼ਾ ਇਕ ਹੈ। ਇਵੇਂ ਹੀ ਦੋਵੇਂ ਮਨਾਂ ਦੀ ਦਿਸ਼ਾ ਵੀ ਇਕ ਕਰਨੀ ਹੈ। ਬ-ਗੌਰ ਸੁਰਤ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਦੋਵਾਂ ਮਨਾਂ ਦੀ ਦਿਸ਼ਾ ਇਕ ਨਹੀਂ ਹੈ। ਰਾਤ ਨੂੰ ਸੌਣ ਵਕਤ ਮਨੁੱਖ ਦਾ ਇਕ ਮਨ ਇਹ ਫ਼ੈਸਲਾ ਕਰਦਾ ਹੈ ਕਿ ਸੁਬਹ ਨੂੰ ਚਾਰ ਵਜੇ ਜ਼ਰੂਰ ਉੱਠ ਜਾਣਾ ਹੈ। ਪਰ ਸਵੇਰੇ ਚਾਰ ਵਜੇ ਨੀਂਦ ਦੇ ਖੁੱਲ੍ਹ ਜਾਣ ਦੇ ਬਾਵਜੂਦ ਵੀ ਅੰਦਰੋਂ ਹੀ ਖ਼ਿਆਲ ਪੈਦਾ ਹੁੰਦਾ ਹੈ ਕਿ ਚਲੋ ਛਡੋ ਅਜੇ ਇੰਨਾ ਸਵੱਖਤਾ ਹੈ ਕੀ ਕਰਨਾ ਹੈ, ਇੰਨੀ ਸਵੇਰੇ-ਸਵੇਰੇ ਉੱਠ ਕੇ। ਹੁਣ ਰਾਤ ਨੂੰ ਸੌਂਦੇ ਵਕਤ ਜਿਸ ਮਨ ਨੇ ਫ਼ੈਸਲਾ ਕੀਤਾ ਸੀ ਕਿ ਸਵੇਰੇ ਚਾਰ ਵਜੇ ਜਾਗਣਾ ਹੈ। ਉਹ ਸੁਚੇਤ ਮਨ ਸੀ। ਇਹ ਜੋ ਸਵੇਰੇ ਆਪਣੇ ਫ਼ੈਸਲੇ ਦੀ ਵਿਰੋਧਤਾ ਕਰ ਰਿਹਾ ਹੈ ਇਹ ਅਚੇਤ ਮਨ ਹੈ। ਸੋ ਮਨ ਦੋ ਹਨ। ਇਕ ਨਹੀਂ। ਇਕ ਹੁੰਦਾ ਤਾਂ ਕਰੀਬਨ ਕਰੀਬਨ ਇਕੋ ਹੀ ਫ਼ੈਸਲਾ ਕਰਦਾ। ਇਹ ਦੁਬਿਧਾ ਵਿੱਚ ਨਾ ਪੈਂਦਾ। ਮਨੋਵਿਗਿਆਨੀ ਕਹਿੰਦੇ ਹਨ ਕਿ ਮਨੁੱਖ ਜਦੋਂ ਵੀ ਕੋਈ ਫ਼ੈਸਲਾ ਲੈਂਦਾ ਹੈ ਤਾਂ ਅੰਦਰੋਂ ਵਿਰੋਧਤਾ ਜਾਗਦੀ ਹੈ। ਦੂਜਾ ਮਨ ਵਿਰੋਧ ਕਰਦਾ ਹੈ। ਇਕ ਮਨ ਵਿੱਚ ਸੰਕਲਪ ਪੈਦਾ ਹੁੰਦਾ ਹੈ ਦੂਜੇ ਵਿੱਚ ਵਿਕਲਪ ਪੈਦਾ ਹੁੰਦਾ ਹੈ।

ਮੈਡੀਕਲ ਸਾਇੰਸ ਕੀ ਕਹਿੰਦੀ ਹੈ ਇਹ ਤਾਂ ਮੈਡੀਕਲ ਸਾਇੰਸ ਹੀ ਜਾਣੇ। ਪਰ ਅਨੁਭਵੀ ਲੋਕਾਂ ਨੇ ਮਨੁੱਖ ਦੇ ਮਨ ਦੋ ਮੰਨੇ ਹਨ। ਇਕ ਸੰਕਲਪ ਪੈਦਾ ਕਰਦਾ ਹੈ ਅਤੇ ਦੂਜਾ ਵਿਕਲਪ ਪੈਦਾ ਕਰਦਾ ਹੈ। ਸਰੀਰ ਦੇ ਦੋਵੇਂ ਦੋਵੇਂ ਅੰਗ ਹੀ ਸਾਨੂੰ ਦਿੱਸ ਪੈਂਦੇ ਹਨ। ਪਰ ਮਨ ਦੇ ਭਾਗ ਦਿੱਸਦੇ ਨਹੀਂ। ਪਰ ਅਧਿਆਤਮਕ ਲੋਕਾਂ ਦਾ ਇਹ ਯਕੀਨ ਹੈ ਕਿ ਮਨ ਦੋ ਹਨ। ਇਕ ਇਨ ਮਨ ਹੈ ਅਤੇ ਦੂਜਾ ਉਨ ਮਨ ਹੈ।

ਬ-ਗੌਰ ਧਿਆਨ ਨਾਲ ਸੋਚਣਾ ਫਿਰ ਪਤਾ ਲਗੇਗਾ ਕਿ ਮਨੁੱਖ ਦਾ ਕੋਈ ਇਸ ਤਰ੍ਹਾਂ ਦਾ ਪੂਰਨ ਫ਼ੈਸਲਾ ਨਹੀਂ ਹੁੰਦਾ, ਜਿਹੜਾ ਇਹ ਕਰੇ ਅਤੇ

ਅੰਦਰੋਂ ਵਿਰੋਧਤਾ ਨਾ ਜਾਗੇ। ਵਿਰੋਧਤਾ ਲਾਜ਼ਮੀ ਜਾਗਦੀ ਹੈ। ਸਫਲ ਭਾਵੇਂ ਨਾ ਹੋਵੇ। ਧਾਰਮਕ ਬੰਦੇ ਇਹ ਯਕੀਨ ਨਾਲ ਮੰਨਦੇ ਹਨ ਕਿ ਬੰਦੇ ਦੇ ਮਨ ਦੋ ਹਨ। ਇਸ ਕਰਕੇ ਜ਼ਿੰਦਗੀ ਦਾ ਬਹੁਤਾ ਹਿੱਸਾ ਦੁਬਿਧਾ ਵਿਚ ਹੀ ਗੁਜ਼ਰਦਾ ਹੈ।

ਕੋਈ ਇਸ ਤਰ੍ਹਾਂ ਦਾ ਸ਼ਰਾਬੀ ਨਹੀਂ, ਜਿਸ ਦੇ ਅੰਦਰੋਂ ਪੀਣ ਲਗਿਆਂ ਇਹ ਵੀਚਾਰ ਨਾ ਜਾਗੇ ਕਿ ਸ਼ਰਾਬ ਪੀਣੀ ਠੀਕ ਨਹੀਂ। ਧਾਰਮਕ ਬੰਦੇ ਨਹੀਂ ਮੰਨਦੇ ਪਈ ਇਕ ਮਨ ਨਾਲ ਪੀ ਰਿਹਾ ਹੈ। ਦੁਚਿੱਤਾ ਹੈ। ਦਰਅਸਲ ਸੁਚੇਤ ਮਨ ਏਨਾ ਪ੍ਰਬਲ ਹੈ ਕਿ ਉਸ ਦੇ ਮੁਕਾਬਲੇ ਅਚੇਤ ਮਨ ਬਹੁਤ ਕਮਜ਼ੋਰ ਹੈ। ਸੁਚੇਤ ਮਨ ਵਿਚੋਂ ਸੰਕਲਪ ਪੈਦਾ ਹੁੰਦਾ ਹੈ ਅਤੇ ਅਚੇਤ ਮਨ ਵਿਚੋਂ ਵਿਕਲਪ ਪੈਦਾ ਹੁੰਦਾ ਹੈ। ਸੰਕਲਪ ਹਮੇਸ਼ਾ ਸੁਚੇਤ ਮਨ ਵਿਚੋਂ ਨਿਕਲਦਾ ਹੈ। ਇਸ ਵਾਸਤੇ ਵਿਕਲਪ ਕਮਜ਼ੋਰ ਹੁੰਦਾ ਹੈ। ਵਿਕਲਪ ਕਮਜ਼ੋਰ ਹੋਣ ਕਰਕੇ ਸੰਕਲਪ ਦੇ ਪਿਛੇ ਤੁਰ ਪੈਂਦਾ ਹੈ। ਸੰਕਲਪ ਭਾਵੇਂ ਅੱਛਾ ਹੋਵੇ ਜਾਂ ਬੁਰਾ। ਪਰ ਸੰਕਲਪ ਹਮੇਸ਼ਾ ਪ੍ਰਬਲ ਹੁੰਦਾ ਹੈ। ਉਸ ਤਰ੍ਹਾਂ ਸੰਕਲਪ ਬਹੁਤਾ ਬੁਰੇ ਕੰਮ ਦਾ ਹੀ ਹੁੰਦਾ ਹੈ। ਚੰਗੇ ਕਰਮ ਲਈ ਮਨੁੱਖ ਬਹੁਤ ਸੋਚਦਾ ਹੈ। ਗੁਰਦੇਵ ਦਾ ਕਥਨ ਹੈ ਕਿ ਐ ਬੰਦੇ! ਤੂੰ ਧਰਮ ਕਮਾਉਣ ਲਈ ਭਾਵੇਂ ਨਾ ਸੋਚ। ਪਰ ਪਾਪ ਕਮਾਉਣ ਲਈ ਕਾਫ਼ੀ ਸੋਚਣਾ ਚਾਹੀਦਾ ਹੈ।

**ਨਹ ਬਿਲੰਬ ਧਰਮੰ ਬਿਲੰਬ ਪਾਪੰ॥** *(ਸਹਸਕ੍ਰਿਤੀ, ਪੰਨਾ ੧੩੫੪)*

ਇਹ ਬੜਾ ਗਹਿਰਾ ਸੂਤਰ ਹੈ। ਇਸ ਸੂਤਰ ਨੂੰ ਕਰੀਬਨ ਕਰੀਬਨ ਵੇਦਾਂਤ ਅਚਾਰੀਆਂ ਨੇ ਮੰਨ ਲਿਆ ਹੈ। ਪਈ ਐ ਬੰਦੇ! ਨੇਕ ਕੰਮ ਵਿਚ ਦੇਰੀ ਨਾ ਕਰੀਂ। ਕਿਉਂਕਿ ਜਿੰਨੀ ਦੇਰੀ ਕਰੇਂਗਾ, ਉਨੀ ਦੇਰ ਵਿੱਚ ਵਿਕਲਪ ਖੜਾ ਹੋ ਜਾਏਗਾ। ਕਿਉਂਕਿ ਮਨ ਦੋ ਹਨ। ਬਾ-ਗੌਰ ਦੇਖਣਾ। ਪੂਰਨ ਨਿਸ਼ਚੇ ਨਾਲ ਕੋਈ ਫ਼ੈਸਲਾ ਕੀਤਾ ਹੈ, ਤਾਂ ਵੀ ਅੰਦਰੋਂ ਵਿਰੋਧਤਾ ਜਾਗ ਪੈਂਦੀ ਹੈ। ਪਈ ਐ ਮਨੁੱਖ! ਵਿਰੋਧਤਾ ਕਿਉਂ ਜਾਗਦੀ ਹੈ। ਜਦੋਂ ਕਿ ਫ਼ੈਸਲਾ ਵੀ ਤੂੰ ਆਪ ਕਰਦਾ ਹੈਂ। ਫ਼ੈਸਲੇ ਨੂੰ ਰੱਦ ਵੀ ਤੂੰ ਆਪ ਕਰਦਾ ਹੈਂ। ਦਰਅਸਲ ਬੰਦਾ ਦੁਬਿਧਾ ਵਿੱਚ ਹੈ। ਮਨ ਦੋ ਹਨ। ਇਕ ਤੋਂ ਸੰਕਲਪ ਪੈਦਾ ਹੁੰਦਾ ਹੈ ਅਤੇ ਦੂਜੇ ਤੋਂ ਵਿਕਲਪ ਪੈਦਾ ਹੁੰਦਾ ਹੈ। ਇਸ ਕਰਕੇ ਇਹ ਗੁੰਝਲ ਤਾਂ ਅੰਦਰ ਰਹੇਗੀ ਹੀ।

ਜਦੋਂ ਕੋਈ ਮਨੁੱਖ ਪਾਪ ਵੀ ਕਰਦਾ ਹੈ। ਭਾਵ ਕਿ ਦੁਰਾਚਾਰ ਵੀ ਕਰਦਾ ਹੈ ਤਾਂ ਉਦੋਂ ਵੀ ਅੰਦਰੋਂ ਵਿਕਲਪ ਪੈਦਾ ਹੁੰਦਾ ਹੈ। ਯਾਨੀ ਕਿ ਪਾਪ

ਕਰਨ ਦੀ ਵੀ ਵਿਰੋਧਤਾ ਅੰਦਰੋਂ ਜਾਗਦੀ ਹੈ। ਪਈ ਨਹੀਂ ਕਰਨਾ। ਪਰ ਵਿਕਲਪ ਕਮਜ਼ੋਰ ਹੁੰਦਾ ਹੈ। ਜੇ ਵਿਕਲਪ ਕਮਜ਼ੋਰ ਹੈ ਤਾਂ ਮਨੁੱਖ ਕੋਲੋਂ ਪਾਪ ਜਾਂ ਦੁਰਾਚਾਰ ਜ਼ਬਰਦਸਤੀ ਹੋ ਜਾਏਗਾ। ਕਿਉਂਕਿ ਸੰਕਲਪ ਦੇ ਮੁਕਾਬਲੇ ਵਿਕਲਪ ਬੜਾ ਕਮਜ਼ੋਰ ਹੁੰਦਾ ਹੈ। ਇਸ ਵਾਸਤੇ ਗੁਰਮਤਿ ਦਾ ਇਹ ਫ਼ੈਸਲਾ ਹੈ ਕਿ ਜਦੋਂ ਵੀ ਕੋਈ ਚੰਗਾ ਸੰਕਲਪ ਅੰਦਰੋਂ ਬਣੇ ਤਾਂ ਦੇਰ ਨਹੀਂ ਕਰਨੀ ਚਾਹੀਦੀ। ਉਸੇ ਵੇਲੇ ਉਸ ਨੂੰ ਹਕੀਕੀ ਰੂਪ ਦੇਣਾ ਚਾਹੀਦਾ ਹੈ। ਜੇ ਥੋੜੀ ਵੀ ਦੇਰ ਕੀਤੀ ਤਾਂ ਅੰਦਰੋਂ ਅਚੇਤ ਮਨ ਵਿਚੋਂ ਵਿਕਲਪ ਨਿਕਲੇਗਾ। ਜਿੰਨੀ ਦੇਰ ਹੋਵੇਗੀ ਉਨਾਂ ਹੀ ਵਿਕਲਪ ਪ੍ਰਬਲ ਹੁੰਦਾ ਜਾਏਗਾ। ਫਿਰ ਸ਼ਾਇਦ ਉਹ ਚੰਗਾ ਸੰਕਲਪ ਸੰਪੂਰਨ ਨਾ ਹੋ ਸਕੇ। ਬੜੇ ਬੜੇ ਸਿਆਣੇ ਲੋਕ ਵੀ ਕਈ ਦਫ਼ਾ ਸ਼ੁਭ ਕਰਮਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਸ ਦਾ ਕਾਰਨ ਹੀ ਸ਼ੁਭ ਕੰਮ ਕਰਨ ਨੂੰ ਦੇਰੀ ਹੈ।

ਤਨ ਦੇ ਅੰਗ ਭਾਵੇਂ ਦੋ ਦੋ ਹਨ। ਅੱਖਾਂ ਦੋ ਹਨ, ਪੈਰ ਦੋ ਹਨ, ਹੱਥ ਦੋ ਹਨ। ਕੰਨ ਦੋ ਹਨ। ਇਨ੍ਹਾਂ ਦੋ ਦੋ ਅੰਗਾਂ ਨੂੰ ਬੰਦਾ ਇਕ ਦਿਸ਼ਾ ਵਿੱਚ ਸਹਿਜੇ ਹੀ ਰਖ ਸਕਦਾ ਹੈ। ਭਾਵ ਕਿ ਅੱਖਾਂ ਭਾਵੇਂ ਦੋ ਹਨ। ਇਕ ਅੱਖ ਦੂਜੀ ਦੀ ਵਿਰੋਧਤਾ ਨਹੀਂ ਕਰਦੀ। ਪਰ ਮਨ ਦੋ ਹਨ ਅਤੇ ਇਕ ਮਨ ਦੂਜੇ ਦੀ ਵਿਰੋਧਤਾ ਕਰਦਾ ਹੈ। ਗੁਰਮਤਿ ਦੀ ਸੋਚ ਵੀ ਬੰਦਾ ਅੰਦਰੋਂ ਕਰਦਾ ਹੈ ਅਤੇ ਮਨਮਤਿ ਵੀ ਅੰਦਰੋਂ ਹੀ ਜਾਗਦੀ ਹੈ। ਇਹ ਸੰਕਲਪ ਅਤੇ ਵਿਕਲਪ ਅੰਦਰੋਂ ਇਕੱਠੇ ਹੀ ਚਲਦੇ ਹਨ। ਯਾਨੀ ਕਿ ਸੱਚ ਵੀ ਨਾਲ ਚਲ ਰਿਹਾ ਹੈ ਅਤੇ ਝੂਠ ਵੀ ਨਾਲ ਚਲਦਾ ਹੈ। ਧਰਮ ਵੀ ਨਾਲ ਚਲਦਾ ਹੈ ਅਤੇ ਅਧਰਮ ਵੀ ਨਾਲ ਚਲਦਾ ਹੈ। ਪੁੰਨ ਵੀ ਨਾਲ ਹੈ ਅਤੇ ਪਾਪ ਵੀ ਨਾਲ ਹੈ। ਦੋਵੇਂ ਇਕੱਠੇ ਚਲਦੇ ਹਨ। ਪਾਪ ਪੁੰਨ ਦੀ ਗੁਰਬਾਣੀ ਵਿੱਚ ਬੜੀ ਵਜ਼ਾਹਤ ਹੈ। ਕੋਈ ਇਸ ਤਰ੍ਹਾਂ ਦਾ ਪੁੰਨੀ ਨਹੀਂ, ਜਿਹੜਾ ਨਾਲ ਪਾਪੀ ਵੀ ਨਾ ਹੋਵੇ। ਇਸ ਤਰ੍ਹਾਂ ਦਾ ਕੋਈ ਪਾਪੀ ਨਹੀਂ ਜਿਹੜਾ ਪੁੰਨੀ ਵੀ ਨਾ ਹੋਵੇ। ਬੜੇ ਬੜੇ ਸਾਧੂ ਵੀ ਚੋਰ ਦੇਖੇ ਗਏ ਹਨ। ਬੜੇ ਬੜੇ ਚੋਰਾਂ ਅਤੇ ਡਾਕੂਆਂ ਵਿਚ ਵੀ ਧਰਮ ਦੀ ਰੋਸ਼ਨੀ ਦੇਖੀ ਗਈ ਹੈ।

ਗਵਾਲੀਅਰ ਦੇ ਇਲਾਕੇ ਦਾ ਬੜਾ ਮਸ਼ਹੂਰ ਇਕ ਡਾਕੂ ਹੋਇਆ ਹੈ ਜਿਸ ਦਾ ਨਾਮ ਡਾਕੂ ਮਾਨ ਸਿੰਘ ਸੀ। ਇਸ ਦੇ ਨਾਮ ਤੋਂ ਆਮ ਬੰਦਾ ਤਾਂ ਕੰਬਦਾ ਹੀ ਸੀ ਪਰ ਪੁਲਸ ਵੀ ਕੰਬਦੀ ਸੀ। ਆਮ ਬੰਦਿਆਂ ਦਾ ਤਾਂ ਕਹਿਣਾ ਹੀ ਕੀ। ਪੁਲਸ ਦੇ ਚੰਗੇ ਚੰਗੇ ਦਿਲ ਗੁਰਦਾ ਰਖਣ ਵਾਲੇ ਅਫ਼ਸਰ

ਵੀ ਇਸ ਤੋਂ ਡਰਦੇ ਸਨ। ਡਾਕੂ ਮਾਨ ਸਿੰਘ ਦੇ ਬਾਰੇ ਵਿੱਚ ਇਹ ਪ੍ਰਸਿੱਧ ਸੀ ਕਿ ਇਹ ਅੰਮ੍ਰਿਤ ਵੇਲੇ ਉਠ ਕੇ ਦੇਵੀ ਦੀ ਪੂਜਾ ਕਰਦਾ ਸੀ। ਪੁੰਨੀ ਇਨਾ ਸੀ ਕਿ ਇਨੂੰ ਪਤਾ ਲੱਗ ਜਾਏ ਸਹੀ ਪਈ ਕਿਸੇ ਪਿੰਡ ਵਿੱਚ ਕਿਸੇ ਅਤਿਅੰਤ ਗ਼ਰੀਬ ਆਦਮੀ ਦੀ ਧੀ ਵਿਆਹੁਣ ਯੋਗ ਹੈ। ਉਸ ਦੇ ਘਰ ਪੈਸੇ ਆਦਿ ਨਗਦੀ, ਯਥਾ ਸ਼ਕਤ, ਜਿਸ ਨਾਲ ਉਸ ਦੀ ਧੀ ਦੀ ਡੋਲੀ ਉਠ ਸਕੇ, ਉਸ ਦੇ ਘਰ ਪਹੁੰਚਾ ਦੇਂਦਾ ਸੀ। ਪਰ ਹੱਦ ਇਸ ਗੱਲ ਦੀ ਵੀ ਸੀ ਕਿ ਜਿੰਨੀ ਦੇਰ ਦਿਨ ਵਿੱਚ ਇਕ-ਦੋ ਕਤਲ ਨਾ ਕਰੇ ਇਸ ਨੂੰ ਚੈਨ ਨਹੀਂ ਸੀ ਆਉਂਦਾ। ਇਕ ਪਾਸੇ ਵੱਡਾ ਗੁਨਾਹਗਾਰ ਅਤੇ ਦੂਜੇ ਪਾਸੇ ਅੰਦਰ ਦਇਆ ਵੀ ਹੈ। ਧਰਮ ਵੀ ਹੈ। ਪਾਠ ਪੂਜਾ ਵੀ ਕਰਦਾ ਹੈ। ਕੁਦਰਤ ਨੂੰ ਵੀ ਮੰਨਦਾ ਹੈ। ਕਠੋਰਤਾ ਦੇ ਹੇਠਾਂ ਕੋਮਲਤਾ ਛਪੀ ਹੈ। ਪੁੰਨ ਵੀ ਹਨ ਪਰ ਪਾਪ ਵੀ ਬਹੁਤ ਹਨ। ਦੋਵੇਂ ਇਕੱਠੇ ਹਨ ਅਤੇ ਇਕੋ ਤਨ ਵਿਚੋਂ ਪੈਦਾ ਹੋ ਰਹੇ ਹਨ। ਬੰਦਾ ਕਦੀ ਪਾਪ ਵਿਚ ਹੁੰਦਾ ਹੈ ਅਤੇ ਕਦੇ ਪੁੰਨ ਵਿੱਚ ਹੁੰਦਾ ਹੈ। ਬੰਦੇ ਦੀ ਸਾਰੀ ਜ਼ਿੰਦਗੀ ਪੁੰਨ ਪਾਪ ਵਿੱਚ ਲੰਘਦੀ ਹੈ। ਜਿਹੜਾ ਪਾਪ ਪੁੰਨ ਵਿਚ ਜੀਵਨ ਜਿਉਂਦਾ ਹੈ। ਉਹ ਕਰਮ ਕਾਂਡੀ ਹੁੰਦਾ ਹੈ।

ਮਨ ਕਰਕੇ ਹੀ ਬੰਦੇ ਨੂੰ ਮਨੁੱਖ ਆਖਿਆ ਜਾਂਦਾ ਹੈ। ਜੋ ਮਨ ਤੋਂ ਥੱਲੇ ਹੈ। ਉਹ ਪਸ਼ੂ ਹੈ। ਜੋ ਮਨ ਤੋਂ ਉਪਰ ਹੈ ਉਹ ਦੇਵ ਹੈ। ਜੋ ਮਨ ਦੇ ਤਲ ਉਪਰ ਜੀਉਂਦੇ ਹਨ ਉਹ ਮਨੁੱਖ ਹਨ। ਸੰਸਕ੍ਰਿਤ ਵਿਚ ਮਾਨੁਸ਼ ਆਖਿਆ ਜਾਂਦਾ ਹੈ। ਮਨੁਸ਼ ਤੋਂ ਭਾਵ ਹੈ ਕਿ ਜਿਸ ਕੋਲ ਮਨ ਹੈ। ਪਸ਼ੂ ਦਾ ਮਤਲਬ ਹੈ ਪਈ ਤਨ ਹੈ ਪਰ ਮਨ ਨਹੀਂ ਹੈ। ਅਕਾਰ ਹੈ ਪਰ ਵਿਚਾਰ ਨਹੀਂ ਹੈ। ਵਿਚਾਰ ਤਾਂ ਮਨ ਵਿਚ ਹੁੰਦੇ ਹਨ। ਜਦੋਂ ਤਨ ਹੀ ਹੈ ਮਨ ਹੈ ਹੀ ਨਹੀਂ ਤਾਂ ਵਿਚਾਰ ਕਿਥੋਂ? ਉਹ ਪਸ਼ੂ ਹੈ। ਜੋ ਤਨ ਤੋਂ ਉੱਚਾ ਉਠਿਆ ਹੈ, ਮਨ ਦੇ ਤਲ ਤੇ ਜਿਉ ਰਿਹਾ ਹੈ ਉਹ ਮਨੁੱਖ ਹੈ। ਜਿਹੜਾ ਮਨ ਅਤੇ ਤਨ ਦੋਵਾਂ ਤੋਂ ਅੱਗੇ ਚਲਾ ਗਿਆ ਹੈ। ਉਹ ਦੇਵਤਾ ਹੈ। ਯਾਨੀ ਕਿ ਫਰਿਸ਼ਤਾ ਹੈ। ਮਾਨੁੱਖ, ਮਨ ਕਰਕੇ ਹੈ। ਦੋ ਹੱਥਾਂ ਅਤੇ ਦੋ ਪੈਰਾਂ ਵਾਲੇ ਨੂੰ ਮਨੁੱਖ ਨਹੀਂ ਕਿਹਾ ਜਾਂਦਾ। ਜਿਸ ਕੋਲ, ਮਨ ਹੈ, ਵਿਚਾਰ ਹੈ, ਉਹ ਮਨੁੱਖ ਹੈ। ਜਿਸ ਕੋਲ ਮਨ ਨਹੀਂ ਹੈ ਉਹ ਦੋ ਹੱਥਾਂ ਅਤੇ ਦੋ ਪੈਰਾਂ ਵਾਲਾ ਪਸ਼ੂ ਹੋ ਸਕਦਾ ਹੈ। ਮਨੁੱਖ ਨਹੀਂ। ਸਾਰੀ ਦੁਨੀਆਂ ਦੀ ਜੋ ਮਰਦਮ ਸ਼ੁਮਾਰੀ ਹੈ। ਇਹ ਕਰੀਬਨ ਪੰਜ-ਛੇ ਅਰਬ ਹੈ। ਇਹ ਗਿਣਤੀ ਤਨ ਕਰਕੇ ਹੋਈ ਹੈ। ਮਨ ਕਰਕੇ ਨਹੀਂ। ਲੇਕਿਨ ਜੇ ਮਨ ਕਰਕੇ ਮਰਦਮ ਸ਼ੁਮਾਰੀ ਕਰੀਏ ਤਾਂ ਦੁਨੀਆ ਵਿੱਚ ਕੁਝ ਹਜ਼ਾਰ ਹੀ

ਇਸ ਤਰ੍ਹਾਂ ਦੇ ਲੋਕ ਮਿਲਣਗੇ ਜਿਹੜੇ ਮਨੁੱਖ ਹਨ। ਬਹੁਤ ਪਸ਼ੂ ਹਨ। ਮਨ ਤੋਂ ਥੱਲੇ ਹੀ ਜਿਉ ਰਹੇ ਹਨ। ਨਾ ਮਨ ਨੂੰ ਕਦੇ ਪੜ੍ਹਿਆ ਹੈ ਅਤੇ ਨਾ ਮਨ ਦੇ ਤਲ ਤੇ ਜੀਵੇ ਹਨ।

ਇਕ ਕਹਾਣੀ ਹੈ। ਮਛੰਦਰ ਨਾਥ ਅਤੇ ਮੇਂਢਕ ਨਾਥ। ਗੋਰਖ ਨਾਥ ਦੇ ਮਸ਼ਹੂਰ ਚੇਲਿਆਂ ਵਿਚੋਂ ਸਨ। ਬੜੇ ਵਡੇ ਸਿੱਧ ਯੋਗੀ ਹੋਏ ਹਨ। ਇਨ੍ਹਾਂ ਬਾਰੇ ਇਕ ਕਹਾਣੀ ਹੈ ਕਿ ਗੋਰਖ ਨਾਥ ਆਪਣੇ ਚੇਲਿਆਂ ਦੀ ਸਭਾ ਵਿਚ ਬੈਠ ਕੇ ਉਪਦੇਸ਼ ਕਰ ਰਿਹਾ ਸੀ। ਮਛੰਦਰ ਨਾਥ ਤੇ ਮੇਂਢਕ ਨਾਥ ਸਭਾ ਵਿੱਚ ਬੈਠੇ ਬੈਠੇ ਕੋਈ ਨਾ ਕੋਈ ਹਰਕਤ ਕਰੀ ਜਾਂਦੇ ਸਨ। ਟਿਕਦੇ ਨਹੀਂ ਸਨ। ਨਾਲ ਵਾਲੇ ਚੇਲਿਆਂ ਨੂੰ ਵੀ ਤੰਗ ਕਰਦੇ ਸਨ। ਗੋਰਖ ਨਾਥ ਨੇ ਤੰਗ ਆ ਕੇ ਦੋਵਾਂ ਨੂੰ ਖੜੇ ਕਰ ਲਿਆ। ਮਛੰਦਰ ਨਾਥ ਨੂੰ ਗੋਰਖ ਨਾਥ ਨੇ ਕਿਹਾ, "ਤੂੰ ਸਾਧੂ ਹੈਂ। ਤੂੰ ਯੋਗੀ ਹੈਂ।" ਯੋਗੀ ਦਾ ਮਤਲਬ ਹੈ ਕਿ ਜਿਸ ਦਾ ਮਨ ਜੁੜਿਆ ਹੋਇਆ ਹੈ। ਮਨ ਸਾਧਿਆ ਹੋਇਆ ਹੈ। ਪਰ ਤੂੰ ਸਾਧੂ ਕਿਸ ਤਰ੍ਹਾਂ ਦਾ ਹੈਂ। ਤੂੰ ਟਿਕ ਕੇ ਬੈਠਦਾ ਹੀ ਨਹੀਂ। ਕਾਰਨ ਕੀ ਹੈ? ਮਛੰਦਰ ਨਾਥ ਨੇ ਜਵਾਬ ਦਿੱਤਾ ਕਿ ਮੈਂ ਬਹੁਤ ਮਜਬੂਰ ਹਾਂ। ਮੇਰੇ ਅੰਦਰ ਮਨ ਹੀ ਨਹੀਂ ਕੰਮ ਕਰਦਾ। ਮੈਂ ਤਾਂ ਆਪਣੀ ਸਾਧਨਾ ਦੁਆਰਾ ਅਨੁਭਵ ਕੀਤਾ ਹੈ ਕਿ ਮੇਰੇ ਅੰਦਰ ਇਕ ਮੱਛੀ ਦਾ ਮਨ ਬੈਠਾ ਹੈ। ਉਹ ਬੜਾ ਚੰਚਲ ਹੈ। ਮੈਂ ਮਨ ਨੂੰ ਜਾਣਦਾ ਹਾਂ। ਜਿਵੇਂ ਮੱਛੀ ਪਾਣੀ ਵਿੱਚ ਖੜੀ ਵੀ ਹਿਲਦੀ ਰਹਿੰਦੀ ਹੈ। ਬੱਸ ਮੇਰਾ ਮਨ ਸਾਧਿਆ ਹੋਇਆ ਵੀ ਹਿਲਦਾ ਰਹਿੰਦਾ ਹੈ। ਟਿਕਦਾ ਨਹੀਂ। ਮੇਰੀ ਸਾਧਨਾ ਜਾਰੀ ਹੈ।

ਇਹੀ ਸੁਆਲ ਮੇਂਢਕ ਨਾਥ ਨੂੰ ਪੁੱਛਿਆ ਗਿਆ। ਉਹ ਵੀ ਹੱਥ ਜੋੜਕੇ ਕਹਿਣ ਲਗਾ "ਗੁਰਦੇਵ! ਕਦੇ ਡੱਡੂਆਂ ਦੀ ਪਸੇਰੀ ਨਹੀਂ ਹੋਈ"। ਮੇਰੇ ਅੰਦਰ ਇਕ ਡੱਡੂ (ਮੇਂਢਕ) ਦਾ ਮਨ ਹੈ। ਇਹ ਯਕੀਨ ਜਾਣੋ। ਜਦੋਂ ਕੋਈ ਅਭਿਆਸੀ ਧੁਰ ਆਪਣੇ ਅੰਦਰ ਉਤਰ ਜਾਂਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਮੈਂ ਕੀ ਹਾਂ? ਮੈਂ ਪਿਛੋਂ ਕੀ ਯਾਤਰਾ ਕਰਦਾ ਆਇਆ ਹਾਂ। ਅਕਸਰ ਬੰਦਾ ਜਿਨ੍ਹਾਂ ਰਸਤਿਆਂ ਵਿਚੋਂ ਲੰਘ ਕੇ ਆਵੇ। ਉਥੋਂ ਦੀ ਧੂੜ ਨਾਲ ਆ ਜਾਂਦੀ ਹੈ। ਉਸ ਰਸਤੇ ਦੀ ਮੈਲ ਨਾਲ ਆਉਂਦੀ ਹੈ। ਠੀਕ ਮਨੁੱਖ ਦੇ ਮਨ ਵਿੱਚ ਪੁਰਾਣੀ ਯਾਤਰਾ ਦੀ ਮੈਲ ਲਗੀ ਹੈ।

ਜਿਨ੍ਹਾਂ ਜੂਨਾਂ ਵਿਚੋਂ ਮਨੁੱਖ ਲੰਘ ਕੇ ਆਇਆ ਹੈ। ਉਥੋਂ ਦੀ ਧੂੜ ਨਾਲ ਲੈ ਕੇ ਆਇਆ ਹੈ। ਪੁਰਾਣੇ ਪਸ਼ੂਆਂ ਦੇ ਜਨਮ ਜਨਮਾਂਤਰਾਂ ਦੇ

ਸੰਸਕਾਰ ਨਾਲ ਹੀ ਆਏ ਹਨ।

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥**
**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥**

*(ਪੰਨਾ ੬੫੧)*

ਹੁਣ ਇਹ ਜਨਮ ਜਨਮ ਦੀ ਮੈਲ ਦਾ ਗਿਆਨ ਵੀ ਮਨ ਨੂੰ ਹੀ ਹੋ ਸਕਦਾ ਹੈ। ਮੈਲ ਵੀ ਮਨ ਨੂੰ ਲੱਗੀ ਹੈ। ਮਨ ਇਕ ਪ੍ਰਬਲ ਸ਼ਕਤੀ ਹੈ। ਇਸ ਮਨ ਦੀ ਬਦੌਲਤ ਹੀ ਮਨੁੱਖ ਸਾਰੀ ਸ੍ਰਿਸ਼ਟੀ ਵਿਚ ਸਿਰਮੌਰ ਜਨਮ ਹੈ। ਇਸਲਾਮ ਵਿਚ ਮਨੁੱਖ ਜਨਮ ਨੂੰ ਅਸ਼ਰੁਫਲ ਮਖ਼ਲੂਕਾਤ ਕਿਹਾ ਜਾਂਦਾ ਹੈ। ਭਾਵ ਕਿ ਸਭ ਮਖ਼ਲੂਕ ਦਾ ਸਰਦਾਰ, ਮਨੁੱਖ ਹੈ।

**ਅਵਰ ਜੋਨਿ ਤੇਰੀ ਪਨਿਹਾਰੀ॥**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ॥** *(ਪੰਨਾ ੩੭੪)*

# ਮਨੁੱਖ ਦਾ ਤਨ ਅਤੇ ਕੁਦਰਤ ਦੀ ਕਲਾ

ਮਨੁੱਖ ਵਿਚ ਕਿਹੜੀ ਵਡਿਆਈ ਹੈ ਜਿਸ ਕਰਕੇ ਇਹ ਸਭ ਸ੍ਰਿਸ਼ਟੀ ਦਾ ਸਰਦਾਰ ਹੈ। ਜੇ ਤਨ ਕਰਕੇ ਵੇਖੀਏ ਤਾਂ ਤਨ ਤਾਂ ਸਭ ਤੋਂ ਵੱਡਾ ਹਾਥੀ ਦਾ ਹੈ। ਜੇ ਖ਼ੂਬਸੂਰਤੀ ਨੂੰ ਵੀ ਵੇਖੀਏ ਤਾਂ ਜਿੰਨੇ ਖ਼ੂਬਸੂਰਤ ਪੰਛੀ ਹੁੰਦੇ ਹਨ, ਉਨੇ ਖ਼ੂਬਸੂਰਤ ਮਨੁੱਖ ਨਹੀਂ ਹੁੰਦੇ। ਮੋਰ, ਹੰਸ ਆਦਿ ਬੜੇ ਖ਼ੂਬਸੂਰਤ ਹਨ। ਜਿੰਨੀ ਮਿੱਠੀ ਅਵਾਜ਼ ਕੋਇਲ ਅਤੇ ਬੁਲਬੁਲ ਦੀ ਹੈ। ਉਨੀ ਮਿੱਠੀ ਤੇ ਸੁਰੀਲੀ ਅਵਾਜ਼ ਮਨੁੱਖ ਦੀ ਨਹੀਂ ਹੈ। ਜਿੰਨਾ ਤਿੱਖਾ ਹਿਰਨ ਦੌੜ ਸਕਦਾ ਹੈ। ਓਨਾ ਤੇਜ਼ ਮਨੁੱਖ ਨਹੀਂ ਦੌੜ ਸਕਦਾ। ਜਿੰਨਾ ਨਿਰਭੈ ਅਤੇ ਸਾਹਸੀ ਸ਼ੇਰ ਹੈ। ਓਨਾ ਮਨੁੱਖ ਨਹੀਂ ਹੈ। ਜਿੰਨੀ ਸੁੰਦਰਤਾ ਨਾਲ ਮੱਛੀਆਂ ਪਾਣੀ ਵਿਚ ਤਰ ਸਕਦੀਆਂ ਹਨ। ਉਸ ਢੰਗ ਨਾਲ ਮਨੁੱਖ ਨਹੀਂ ਤਰ ਸਕਦਾ। ਜੇ ਤਨ ਦੀ ਖ਼ੂਬੀ ਨੂੰ ਲਈਏ ਤਾਂ ਪਸ਼ੂ ਪੰਛੀ ਮਨੁੱਖ ਨਾਲੋਂ ਬਹੁਤ ਅਗੇ ਹਨ। ਜਿੰਨੀ ਸਵਤੰਤਰਤਾ ਨਾਲ ਪੰਛੀ ਅਕਾਸ਼ ਉੱਪਰ ਉੱਡ ਸਕਦੇ ਹਨ। ਮਨੁੱਖ ਨਹੀਂ ਉੱਡ ਸਕਦਾ। ਜਿੰਨੀ ਤੇਜ਼ ਨਜ਼ਰ ਇੱਲ ਦੀ ਹੈ, ਓਨੀ ਮਨੁੱਖ ਦੀ ਨਹੀਂ ਹੈ। ਅਕਾਸ਼ ਵਿੱਚ ਉੱਡਦੀ ਵੀ ਥੱਲੇ ਨਿੱਕਾ ਮਾਸ ਦਾ ਟੁਕੜਾ ਦੇਖ ਸਕਦੀ ਹੈ। ਸੁੰਘਣ ਸ਼ਕਤੀ ਕੀੜੀ ਦੀ ਬੜੀ ਤੇਜ਼ ਹੈ। ਗੁਰਬਾਣੀ ਵਿੱਚ ਇਸ ਤਰ੍ਹਾਂ ਦੀਆਂ ਅਨੇਕਾਂ ਵਿਚਾਰਾਂ ਮਿਲਦੀਆਂ ਹਨ। ਕਈ ਪਹਿਲੂਆਂ ਵਿੱਚ ਇਹ ਪਸ਼ੂ ਪੰਛੀ ਮਨੁੱਖ ਨਾਲੋਂ ਬਹੁਤ ਅੱਗੇ ਹਨ। ਜੇ ਤਨ ਦੇ ਪਹਿਲੂ ਵਿਚ ਇਹ ਬੰਦਿਆਂ ਨਾਲੋਂ ਅੱਗੇ ਹਨ ਤਾਂ ਫਿਰ ਇਨ੍ਹਾਂ ਨੂੰ ਪਸ਼ੂ ਪੰਛੀ ਕਿਉਂ ਆਖਿਆ ਜਾਂਦਾ ਹੈ। ਪਸ਼ੂ ਦਾ ਮਤਲਬ ਸਿਰਫ਼ ਏਨਾ ਹੈ ਕਿ ਜੋ ਪਛੜ ਗਿਆ ਹੈ। ਪਿਛੇ ਰਹਿ ਗਿਆ ਹੈ। ਪਰ ਇਹ ਜੋ ਜਾਨਵਰ ਹਨ। ਇਨ੍ਹਾਂ ਵਿਚੋਂ ਕਈ ਮਨੁੱਖ ਹਨ। ਕਈ ਪਸ਼ੂ ਹਨ। ਜਿਹੜੇ ਪਿਛੇ ਰਹਿ ਗਏ ਹਨ ਉਹ ਪਸ਼ੂ ਹਨ। ਹੁਣ ਕਿਹੜੀ ਗੱਲ ਕਰਕੇ ਪਿਛੇ ਰਹਿ ਗਏ ਹਨ? ਬੱਸ! ਉਨ੍ਹਾਂ ਕੋਲ ਮਨ ਨਹੀਂ ਹੈ। ਤਨ ਤੇ ਹੈ ਪਰ ਮਨ ਨਹੀਂ ਹੈ। ਮਨੁੱਖ ਇਸੇ ਵਾਸਤੇ ਅਗੇ ਹੈ। ਕਿਉਂਕਿ ਇਸ ਕੋਲ ਮਨ ਹੈ, ਮਨੁੱਖਾ ਸ਼ਰੀਰ ਵਿਚ ਪ੍ਰਭੂ ਨੇ ਬੜੀਆਂ ਬਰਕਤਾਂ

# ਮਨੁੱਖ ਦਾ ਤਨ ਅਤੇ ਕੁਦਰਤ ਦੀ ਕਲਾ

ਮਨੁੱਖ ਵਿਚ ਕਿਹੜੀ ਵਡਿਆਈ ਹੈ ਜਿਸ ਕਰਕੇ ਇਹ ਸਭ ਸ੍ਰਿਸ਼ਟੀ ਦਾ ਸਰਦਾਰ ਹੈ। ਜੇ ਤਨ ਕਰਕੇ ਵੇਖੀਏ ਤਾਂ ਤਨ ਤਾਂ ਸਭ ਤੋਂ ਵੱਡਾ ਹਾਥੀ ਦਾ ਹੈ। ਜੇ ਖ਼ੂਬਸੂਰਤੀ ਨੂੰ ਵੀ ਵੇਖੀਏ ਤਾਂ ਜਿੰਨੇ ਖ਼ੂਬਸੂਰਤ ਪੰਛੀ ਹੁੰਦੇ ਹਨ, ਉਨੇ ਖ਼ੂਬਸੂਰਤ ਮਨੁੱਖ ਨਹੀਂ ਹੁੰਦੇ। ਮੋਰ, ਹੰਸ ਆਦਿ ਬੜੇ ਖ਼ੂਬਸੂਰਤ ਹਨ। ਜਿੰਨੀ ਮਿੱਠੀ ਅਵਾਜ਼ ਕੋਇਲ ਅਤੇ ਬੁਲਬੁਲ ਦੀ ਹੈ। ਉਨੀ ਮਿੱਠੀ ਤੇ ਸੁਰੀਲੀ ਅਵਾਜ਼ ਮਨੁੱਖ ਦੀ ਨਹੀਂ ਹੈ। ਜਿੰਨਾ ਤਿੱਖਾ ਹਿਰਨ ਦੌੜ ਸਕਦਾ ਹੈ। ਓਨਾ ਤੇਜ਼ ਮਨੁੱਖ ਨਹੀਂ ਦੌੜ ਸਕਦਾ। ਜਿੰਨਾ ਨਿਰਭੈ ਅਤੇ ਸਾਹਸੀ ਸ਼ੇਰ ਹੈ। ਓਨਾ ਮਨੁੱਖ ਨਹੀਂ ਹੈ। ਜਿੰਨੀ ਸੁੰਦਰਤਾ ਨਾਲ ਮੱਛੀਆਂ ਪਾਣੀ ਵਿਚ ਤਰ ਸਕਦੀਆਂ ਹਨ। ਉਸ ਢੰਗ ਨਾਲ ਮਨੁੱਖ ਨਹੀਂ ਤਰ ਸਕਦਾ। ਜੇ ਤਨ ਦੀ ਖ਼ੂਬੀ ਨੂੰ ਲਈਏ ਤਾਂ ਪਸ਼ੂ ਪੰਛੀ ਮਨੁੱਖ ਨਾਲੋਂ ਬਹੁਤ ਅਗੇ ਹਨ। ਜਿੰਨੀ ਸਵਤੰਤਰਤਾ ਨਾਲ ਪੰਛੀ ਅਕਾਸ਼ ਉੱਪਰ ਉੱਡ ਸਕਦੇ ਹਨ। ਮਨੁੱਖ ਨਹੀਂ ਉੱਡ ਸਕਦਾ। ਜਿੰਨੀ ਤੇਜ਼ ਨਜ਼ਰ ਇੱਲ ਦੀ ਹੈ, ਓਨੀ ਮਨੁੱਖ ਦੀ ਨਹੀਂ ਹੈ। ਅਕਾਸ਼ ਵਿੱਚ ਉੱਡਦੀ ਵੀ ਥੱਲੇ ਨਿੱਕਾ ਮਾਸ ਦਾ ਟੁਕੜਾ ਦੇਖ ਸਕਦੀ ਹੈ। ਸੁੰਘਣ ਸ਼ਕਤੀ ਕੀੜੀ ਦੀ ਬੜੀ ਤੇਜ਼ ਹੈ। ਗੁਰਬਾਣੀ ਵਿੱਚ ਇਸ ਤਰ੍ਹਾਂ ਦੀਆਂ ਅਨੇਕਾਂ ਵਿਚਾਰਾਂ ਮਿਲਦੀਆਂ ਹਨ। ਕਈ ਪਹਿਲੂਆਂ ਵਿੱਚ ਇਹ ਪਸ਼ੂ ਪੰਛੀ ਮਨੁੱਖ ਨਾਲੋਂ ਬਹੁਤ ਅੱਗੇ ਹਨ। ਜੇ ਤਨ ਦੇ ਪਹਿਲੂ ਵਿਚ ਇਹ ਬੰਦਿਆਂ ਨਾਲੋਂ ਅੱਗੇ ਹਨ ਤਾਂ ਫਿਰ ਇਨ੍ਹਾਂ ਨੂੰ ਪਸ਼ੂ ਪੰਛੀ ਕਿਉਂ ਆਖਿਆ ਜਾਂਦਾ ਹੈ। ਪਸ਼ੂ ਦਾ ਮਤਲਬ ਸਿਰਫ਼ ਏਨਾ ਹੈ ਕਿ ਜੋ ਪਛੜ ਗਿਆ ਹੈ। ਪਿਛੇ ਰਹਿ ਗਿਆ ਹੈ। ਪਰ ਇਹ ਜੋ ਜਾਨਵਰ ਹਨ। ਇਨ੍ਹਾਂ ਵਿਚੋਂ ਕਈ ਮਨੁੱਖ ਹਨ। ਕਈ ਪਸ਼ੂ ਹਨ। ਜਿਹੜੇ ਪਿਛੇ ਰਹਿ ਗਏ ਹਨ ਉਹ ਪਸ਼ੂ ਹਨ। ਹੁਣ ਕਿਹੜੀ ਗੱਲ ਕਰਕੇ ਪਿਛੇ ਰਹਿ ਗਏ ਹਨ? ਬੱਸ! ਉਨ੍ਹਾਂ ਕੋਲ ਮਨ ਨਹੀਂ ਹੈ। ਤਨ ਤੇ ਹੈ ਪਰ ਮਨ ਨਹੀਂ ਹੈ। ਮਨੁੱਖ ਇਸੇ ਵਾਸਤੇ ਅਗੇ ਹੈ। ਕਿਉਂਕਿ ਇਸ ਕੋਲ ਮਨ ਹੈ, ਮਨੁੱਖਾ ਸ਼ਰੀਰ ਵਿਚ ਪ੍ਰਭੂ ਨੇ ਬੜੀਆਂ ਬਰਕਤਾਂ

ਹੋ ਸਕਦਾ। ਅਸਲੀ ਸਰੂਪ ਮਨ ਹੈ। ਮਨ ਕਰਕੇ ਮਨੁੱਖ ਆਖਿਆ ਜਾਂਦਾ ਹੈ। ਤਨ ਤਾਂ ਪਸ਼ੂਆਂ ਦੇ ਬਹੁਤ ਅਗੇ ਹਨ। ਬੰਦਾ ਤਨ ਕਰਕੇ ਪਸ਼ੂਆਂ ਨਾਲੋਂ ਵੱਡਾ ਨਹੀਂ ਹੈ। ਮਨ ਕਰਕੇ ਮਨੁੱਖ ਹੈ। ਹੋ ਸਕਦਾ ਹੈ ਕਿ ਤਨ ਕਿਸੇ ਦਾ ਬੜਾ ਕਰੂਪ ਅਤੇ ਵਿੰਗਾ ਟੇਢਾ ਹੋਵੇ। ਪਰ ਮਨ ਬਹੁਤ ਸੁੰਦਰ ਹੋਵੇ।

ਰਾਜੇ ਜਨਕ ਦੇ ਦਰਬਾਰ ਦੀ ਇਹ ਬੜੀ ਪ੍ਰਸਿੱਧ ਕਹਾਣੀ ਹੈ। ਅਸ਼ਟਾਵਕਰ ਇਕ ਰਿਸ਼ੀ ਹੋਏ ਹਨ। ਉਨ੍ਹਾਂ ਦਾ ਸਾਰਾ ਸਰੀਰ ਹੀ ਬੜਾ ਵਿੰਗਾ ਟੇਢਾ ਸੀ। ਪੈਰ ਕਿਤੇ, ਹੱਥ ਕਿਤੇ ਸਨ। ਤੁਰਨ ਲਗਿਆਂ ਪੈਰ ਸੱਜੇ ਰਖਦੇ ਸਨ ਅਤੇ ਜਾਂਦੇ ਖੱਬੇ ਸਨ। ਲੱਤਾਂ, ਬਾਹਵਾਂ, ਗਰਦਨ, ਕਮਰ, ਸਭ ਅੰਗ ਪੈਰ ਵਿੰਗੇ ਟੇਢੇ ਸਨ। ਅਸ਼ਟਾਵਕਰ ਸ਼ਬਦ ਦਾ ਮਤਲਬ ਹੀ ਅੱਠ ਵਲ ਹੈ। ਸੋ ਅਸ਼ਟਾਵਕਰ ਦੇ ਸਰੀਰ ਵਿੱਚ ਅੱਠ ਵਲ ਪੈਂਦੇ ਸਨ। ਅਸ਼ਟਾਵਕਰ ਦੇ ਪਿਤਾ, ਰਾਜੇ ਜਨਕ ਦੇ ਰਾਜ ਗੁਰੂ ਸਨ। ਰਾਜਾ ਜਨਕ ਅਸ਼ਟਾਵਕਰ ਦੇ ਪਿਤਾ ਕੋਲੋਂ ਧਾਰਮਕ ਵਿਦਿਆ ਪੜ੍ਹਦਾ ਹੁੰਦਾ ਸੀ। ਅਸ਼ਟਾਵਕਰ ਸੁਭਾਵਕ ਇਕ ਦਿਨ ਕਿਤੇ ਆਪਣੇ ਪਿਤਾ ਨੂੰ ਬੁਲਾਉਣ ਲਈ ਰਾਜੇ ਜਨਕ ਦੇ ਦਰਬਾਰ ਵਿੱਚ ਆ ਗਏ। ਰਾਜੇ ਜਨਕ ਦੀ ਸਭਾ ਵਿੱਚ ਬੜੇ ਬੜੇ ਵਿਦਵਾਨ ਪੰਡਿਤ ਬੈਠੇ ਸਨ। ਅਸ਼ਟਾਵਕਰ ਜਦੋਂ ਅੰਦਰ ਆਏ ਤਾਂ ਸਾਰੇ ਵਿਦਵਾਨ ਬ੍ਰਾਹਮਣ ਖਿੜ ਖਿੜਾ ਕੇ ਹੱਸ ਪਏ। ਸਿਰਫ਼ ਅਸ਼ਟਾਵਕਰ ਦੇ ਵਿੰਗੇ ਟੇਢੇ ਸ਼ਰੀਰ ਨੂੰ ਵੇਖ ਕੇ ਹੱਸੇ। ਅਸ਼ਟਾਵਕਰ ਦਾ ਸਾਰਾ ਸ਼ਰੀਰ ਵਿੰਗਾ ਟੇਢਾ ਸੀ। ਅੱਠ ਵਲ ਸਨ। ਵੇਖਕੇ ਆਮ ਬੰਦਾ ਵੀ ਹਾਸੀ ਉਡਾਉਂਦਾ ਸੀ। ਪਈ ਇਹ ਵੀ ਮਨੁੱਖ ਹੈ। ਸਭਾ ਦੇ ਵਿਦਵਾਨ ਲੋਕਾਂ ਨੂੰ ਹਾਸੀ ਉਡਾਉਂਦੇ ਵੇਖ ਕੇ ਅਸ਼ਟਾਵਕਰ, ਰਾਜੇ ਜਨਕ ਨੂੰ ਬੋਲੇ, ਰਾਜਨ! ਮੈਂ ਤਾਂ ਸਮਝਿਆ ਸੀ ਕਿ ਤੇਰੀ ਸਭਾ ਵਿਚ ਵਿਦਵਾਨ ਹੁੰਦੇ ਹਨ। ਸੰਤ ਅਤੇ ਭਗਤ ਹੁੰਦੇ ਹਨ। ਪਰ ਅੱਜ ਤਾਂ ਸਾਰੇ ਚਮਾਰ ਹੀ ਬੈਠੇ ਹਨ। ਮੈਨੂੰ ਤਾਂ ਅੱਜ ਪਤਾ ਲੱਗਾ ਹੈ ਕਿ ਤੇਰੀ ਸਭਾ ਵਿੱਚ ਨਿਰੇ ਚਮਾਰ ਹਨ। ਨਿਰੇ ਪਸ਼ੂ ਹਨ। ਸਿਰਫ਼ ਚਮੜੀ ਨੂੰ ਵੇਖਣ ਵਾਲੇ ਹਨ। ਅਕਸਰ ਚਮਾਰ ਉਹ ਹੀ ਹੁੰਦਾ ਹੈ ਜਿਸ ਨੂੰ ਚਮੜੇ ਦੀ ਬੜੀ ਸ਼ਨਾਖ਼ਤ ਹੋਵੇ। ਚਮਾਰ ਕੋਈ ਜਾਤੀ ਨਹੀਂ ਹੈ। ਚਮਾਰ ਤਾਂ ਉਹ ਹੈ ਜਿਹੜਾ ਸਿਰਫ਼ ਚਮੜੀ ਤਕ ਵੇਖਦਾ ਹੈ। ਤਨ ਤਕ ਸੀਮਤ ਹੈ। ਮਨ ਦਾ ਉੱਕਾ ਹੀ ਗਿਆਨ ਨਹੀਂ। ਅਸ਼ਟਾਵਕਰ ਕਹਿੰਦੇ ਹਨ, ਰਾਜਨ! ਇਹ ਤਾਂ ਸਾਰੇ ਸਰੀਰ ਵੇਖ ਸਕਦੇ ਹਨ। ਤਨ ਵੇਖਦੇ ਹਨ। ਮਨ ਦੀ ਤਾਂ ਇਨ੍ਹਾਂ ਨੂੰ ਕੋਈ ਸਮਝ ਹੀ ਨਹੀਂ। ਮਨ ਦੀ ਸਮਝ ਨਹੀਂ ਤਾਂ ਇਹ ਪਸ਼ੂ ਹਨ। ਮਨੁੱਖ

ਨਹੀਂ ਹਨ। ਇਨ੍ਹਾਂ ਨੂੰ ਕੁਝ ਪਤਾ ਨਹੀਂ ਹੈ। ਸਿਰਫ਼ ਤਨ ਤੇ ਆ ਕੇ ਰੁਕ ਗਏ ਹਨ।

ਜਿਹੜਾ ਮਨ ਤੇ ਰੁਕਿਆ ਹੈ। ਜਿਸਨੂੰ ਮਨ ਦੀ ਸਮਝ ਹੈ। ਉਹ ਦੂਜੇ ਦਾ ਮਨ ਵੀ ਵੇਖੇਗਾ। ਇਸ ਤਰ੍ਹਾਂ ਦੇ ਬੰਦਿਆਂ ਨੂੰ ਅੰਤਰਦਰਸ਼ੀ ਵੀ ਕਿਹਾ ਜਾਂਦਾ ਹੈ। ਮਨੋ ਵਿਗਿਆਨੀ ਹੁੰਦੇ ਹਨ ਇਸਤਰ੍ਹਾਂ ਦੇ ਬੰਦੇ। ਪਈ ਦੂਜੇ ਦੇ ਮਨ ਦੀ ਗੱਲ ਪੜ੍ਹਦੇ ਹਨ। ਹੁਣ ਕੋਈ ਤਨ ਤੋਂ ਉੱਚਾ ਉਠਿਆ ਹੋਵੇ ਤਾਂ ਗੱਲ ਬਣਦੀ ਹੈ। ਵਰਨਾ ਨਹੀਂ।

ਇਕ ਪਾਸੇ ਤਨ ਹੈ। ਇਕ ਪਾਸੇ ਆਤਮਾ ਹੈ। ਵਿਚਕਾਰ ਮਨ ਹੈ। ਮਨ ਡੋਲਦਾ ਹੈ। ਮਨ ਜਦੋਂ ਸ਼ਰੀਰ ਦੇ ਨੇੜੇ ਹੁੰਦਾ ਹੈ ਤਾਂ ਮੈਲਾ ਹੁੰਦਾ ਹੈ। ਮਨ ਜਦੋਂ ਆਤਮਾ ਦੇ ਨੇੜੇ ਜਾਂਦਾ ਹੈ ਤਾਂ ਪਵਿੱਤਰ ਹੁੰਦਾ ਹੈ। ਦਰਅਸਲ ਮਨ ਡੋਲਦਾ ਹੈ। ਕਦੇ ਅਨੁਭਵ ਕਰੋ ਕਿ ਇਕ ਬੰਦੇ ਨੂੰ ਤੁਸੀਂ ਸਵੇਰੇ ਮਿਲੇ ਹੋ, ਉਹ ਬੜਾ ਪਿਆਰ ਅਤੇ ਹਲੀਮੀ ਨਾਲ ਪੇਸ਼ ਆਇਆ ਹੈ। ਪਰ ਉਸੇ ਬੰਦੇ ਨੂੰ ਸ਼ਾਮ ਨੂੰ ਮਿਲੇ ਹੋ ਤਾਂ ਉਹ ਖਾਣ ਨੂੰ ਪੈਂਦਾ ਹੈ। ਟੁਟ ਟੁਟ ਕੇ ਗਲ ਪੈਂਦਾ ਹੈ। ਗੱਲ ਕੀ ਹੈ? ਇਕੋ ਬੰਦੇ ਦੇ ਦੋ ਰੂਪ ਕਿਵੇਂ? ਦਰਅਸਲ ਜਦੋਂ ਉਹ ਬੰਦਾ ਸਵੇਰੇ ਮਿਲਿਆ ਸੀ ਉਸ ਦਾ ਮਨ ਆਤਮਾ ਦੀ ਤਰਫ਼ ਝੁਕਿਆ ਹੋਇਆ ਸੀ। ਆਤਮਾ ਵਿਚ ਪ੍ਰੇਮ ਹੈ। ਉਹ ਬੰਦਾ ਸ਼ਾਮ ਨੂੰ ਖਾਣ ਨੂੰ ਆਉਂਦਾ ਹੈ ਕਿਉਂਕਿ ਮਨ ਸਰੀਰ ਵੱਲ ਝੁਕਿਆ ਹੈ। ਸਰੀਰ ਵਿਚ ਕ੍ਰੋਧ ਹੈ। ਸੋ ਸਰੀਰ ਦੇ ਤਲ ਤੇ ਕੋਈ ਪਵਿੱਤਰ ਨਹੀਂ ਹੋ ਸਕਦਾ। ਚਾਹੇ ਕੋਈ ਕੁਝ ਵੀ ਕਰ ਲਵੇ, ਸਰੀਰ ਮੈਲੇ ਦਾ ਮੈਲਾ ਹੈ।

**ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ॥**
**ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ॥**

*(ਪੰਨਾ ੧੩੬੦)*

ਸਰੀਰ ਦੀ ਗੱਲ ਕਰੋ ਤਾਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕਪੂਰ, ਚੰਦਨ ਅਤੇ ਫੁੱਲ ਅਗਰ ਬੰਦੇ ਦੇ ਤਨ ਉੱਪਰ ਮਲ ਦਿਓ ਤਾਂ ਇਹ ਸੁਗੰਧ ਵੀ ਦੁਰਗੰਧ ਹੋ ਜਾਂਦੀ ਹੈ। ਕਿਉਂਕਿ –

**ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ॥**

ਬੰਦੇ ਦਾ ਸਰੀਰ ਤਾਂ ਮਿਝ, ਮਾਸ, ਖ਼ੂਨ ਅਤੇ ਹੱਡੀਆਂ ਦਾ ਢਾਂਚਾ ਹੈ। ਇਨ੍ਹਾਂ ਵਿਚੋਂ ਪਵਿੱਤਰ ਚੀਜ਼ ਕਿਹੜੀ ਹੈ। ਕੋਈ ਵੀ ਨਹੀਂ। ਤਨ ਦੇ ਤਲ

ਉਪਰ ਹਰ ਬੰਦਾ ਅਪਵਿੱਤਰ ਹੈ। ਫਿਰ ਕਬੀਰ ਸਾਹਿਬ ਕਹਿੰਦੇ ਹਨ —

**ਚਲਤ ਕਤ ਟੇਢੇ ਟੇਢੇ ਟੇਢੇ॥**

ਇੰਨਾ ਆਕੜ ਕੇ ਕਿਉਂ ਚਲਦਾ ਹੈਂ। ਸਰੀਰ ਦੀ ਜੋਬਨ ਜੁਆਨੀ ਦੇਖ ਕੇ ਇੰਨਾ ਆਕੜ ਕੇ ਕਿਉਂ ਜਾ ਰਿਹਾ ਹੈਂ।

**ਚਲਤ ਕਤ ਟੇਢੇ ਟੇਢੇ ਟੇਢੇ॥**
**ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥**

*(ਪੰਨਾ ੧੧੨੪)*

ਅਸਤ ਯਾਨੀ ਕਿ ਹੱਡੀਆਂ। ਇਸ ਸਰੀਰ ਵਿਚ ਮਿਜ, ਮਾਸ ਅਤੇ ਹੱਡੀਆਂ ਹੀ ਹਨ। ਇਸ ਉੱਪਰ ਕੁਦਰਤ ਨੇ ਚਮੜਾ ਲਪੇਟ ਦਿਤਾ ਹੈ।

**ਬਿਸਟਾ ਅਸਤ ਰਕਤੁ ਪਰੇਟੇ ਚਾਮ॥**
**ਇਸੁ ਊਪਰਿ ਲੇ ਰਾਖਿਓ ਗੁਮਾਨ॥੩॥**

ਜਿਵੇਂ ਬੰਦਾ ਵੱਖ ਵੱਖ ਰੰਗ ਦੇ ਕਪੜੇ ਪਹਿਨ ਲੈਂਦਾ ਹੈ। ਇਵੇਂ ਹੀ ਰੱਬ ਨੇ ਵੀ ਵੱਖ ਵੱਖ ਰੰਗ ਦਾ ਕਪੜਾ ਪਹਿਨਾਇਆ ਹੈ। ਕਿਸੇ ਨੂੰ ਕਾਲੀ ਚਮੜੀ, ਕਿਸੇ ਨੂੰ ਗੋਰੀ ਅਤੇ ਸਾਂਵਰੇ ਰੰਗ ਦੀ ਚਮੜੀ ਦਿੱਤੀ ਹੈ। ਰੰਗ ਇਕ ਨਹੀਂ ਹੈ। ਰੰਗ ਵੱਖ ਵੱਖ ਰੱਬ ਨੇ ਦਿਤੇ ਹਨ। ਪਰ ਇਨ੍ਹਾਂ ਰੰਗਾਂ ਦੇ ਥੱਲੇ ਕੀ ਹੈ?

**ਬਿਸਟਾ ਅਸਤ ਰਕਤੁ ਪਰੇਟੇ ਚਾਮ॥**
**ਇਸ ਊਪਰਿ ਲੇ ਰਾਖਿਉ ਗੁਮਾਨ॥੩॥**

*(ਪੰਨਾ ੩੭੪)*

ਚਮੜੇ ਦੇ ਕਪੜੇ ਵਿਚ ਰਬ ਨੇ, ਬਿਸਟਾ, ਹੱਡੀਆਂ, ਖ਼ੂਨ ਨੂੰ ਲਪੇਟ ਕੇ ਰਖਿਆ ਹੈ। ਐ ਬੰਦੇ! ਹੁਣ ਤੈਨੂੰ ਗੁਮਾਨ ਕਿਸ ਗੱਲ ਦਾ ਹੈ। ਦੇਹ ਵਿੱਚ ਤਾਂ ਸਭ ਮਟੀਰੀਅਲ ਅਪਵਿੱਤਰ ਹੈ। ਤੂੰ ਲਖ ਜਤਨ ਕਰ ਤਨ ਪਵਿੱਤਰ ਨਹੀਂ ਹੋਣਾ। ਮਿੱਟੀ ਦੀ ਢੇਰੀ ਨੂੰ ਕੋਈ ਧੋਂਦਾ ਜਾਵੇ ਤਾਂ ਮਿੱਟੀ ਵਿਚੋਂ ਮੈਲ ਕਿਵੇਂ ਨਿਕਲੇਗੀ। ਸਰੀਰ ਤਾਂ ਮਿੱਟੀ ਦੀ ਢੇਰੀ ਹੈ। ਗੁਰਦੇਵ ਕਹਿੰਦੇ ਹਨ —

**ਮਾਟੀ ਕਾ ਕਿਆ ਧੋਪੈ ਸੁਆਮੀ**
**ਮਾਣਸ ਕੀ ਗਤਿ ਏਹੀ॥੧॥** *(ਪੰਨਾ ੮੮੨)*

ਮਨ ਨੂੰ ਧੋਣਾ ਹੈ। ਮਨ ਦੇ ਸਾਫ਼ ਹੋਣ ਨਾਲ, ਤਨ ਆਪੇ ਹੀ ਸਾਫ਼ ਕਰਮ ਕਰਦਾ ਹੈ। ਤਨ ਦੇ ਧੋਣ ਨਾਲ ਮਨ ਉਪਰ ਕੋਈ ਅਸਰ ਨਹੀਂ ਹੁੰਦਾ।

**ਤਨੁ ਧੋਤੇ ਮਨੁ ਹਛਾ ਨਾ ਹੋਇ॥**

ਦਰਅਸਲ ਮਨ ਨੂੰ ਸਾਧਨਾ ਹੈ। ਜਦੋਂ ਕੋਈ ਪਾਠ ਕਰੇ ਤਾਂ ਉਸ ਨੂੰ ਵੇਖਣਾ ਚਾਹੀਦਾ ਹੈ ਕਿ ਮਨ ਪਾਠ ਕਰਦਾ ਹੈ ਕਿ ਨਹੀਂ। ਸਿਰਫ਼ ਜ਼ਬਾਨ ਪਾਠ ਕਰ ਰਹੀ ਹੈ ਤਾਂ ਇਹ ਪਾਠ ਨਹੀਂ ਹੋਇਆ ਸਮਝੋ। ਸਤਸੰਗ ਵਿੱਚ ਬੈਠ ਕੇ ਮਨ ਨੂੰ ਵੇਖੋ ਪਈ ਸਿਰਫ਼ ਤਨ ਬੈਠਾ ਹੈ ਕਿ ਮਨ ਵੀ ਬੈਠਾ ਹੈ। ਇਹ ਸਾਰੀ ਸਾਧਨਾ ਮਨ ਨੂੰ ਸਾਧਨ ਵਾਸਤੇ ਹੈ। ਜੇਕਰ ਮਨ, ਮੰਨ ਜਾਏ ਤਾਂ ਅਗਲਾ ਜਨਮ ਨਹੀਂ ਹੁੰਦਾ। ਮਨ ਅਗਲੇ ਜਨਮ ਦਾ ਬੀਜ ਹੈ।

ਸਰੀਰ ਵਿਚ ਜੋ ਸੁਆਸ ਚਲਦੇ ਹਨ, ਇਹ ਤਨ ਦੀ ਜ਼ਿੰਦਗੀ ਹੈ। ਮਨ ਵਿੱਚ ਜੋ ਫੁਰਨੇ ਅਤੇ ਵਿਚਾਰ ਚਲਦੇ ਹਨ, ਇਹ ਮਨ ਦੀ ਜ਼ਿੰਦਗੀ ਹੈ। ਚਲਦੇ ਹੋਏ ਸੁਆਸ ਰੁਕ ਜਾਣ ਤਾਂ ਇਹ ਤਨ ਦੀ ਮੌਤ ਹੈ। ਚਲਦੇ ਹੋਏ ਵਿਚਾਰ ਅਤੇ ਫੁਰਨੇ ਰੁਕ ਜਾਣ ਤਾਂ ਇਹ ਮਨ ਦੀ ਮੌਤ ਹੈ। ਦਰਅਸਲ ਫੁਰਨੇ ਉਦੋਂ ਹੀ ਰੁਕਦੇ ਹਨ ਜਦੋਂ ਮਨ ਆਤਮਾ ਵਿੱਚ ਲੀਨ ਹੁੰਦਾ ਹੈ। ਆਤਮਾ ਵਿੱਚ ਲੀਨ ਹੋਣਾ ਹੀ ਮਨ ਦੀ ਮੌਤ ਹੈ। ਮਨ ਦੇ ਲੀਨ ਹੋਏ ਤੋਂ ਬਿਨਾਂ ਜਨਮ ਮਰਨ ਨਹੀਂ ਮੁੱਕ ਸਕਦਾ।

ਬੜੀ ਪੁਰਾਣੀ ਇਕ ਕਹਾਣੀ ਹੈ। ਇਕ ਸ਼ਿਕਾਰੀ ਜੰਗਲ ਵਿਚੋਂ ਸ਼ਿਕਾਰ ਮਾਰਨ ਵਾਸਤੇ ਗਿਆ। ਇਕ ਸ਼ਿਕਾਰੀ ਕੁੱਤਾ ਵੀ ਉਸ ਨੇ ਨਾਲ ਲੈ ਲਿਆ। ਜੰਗਲ ਵਿੱਚੋਂ ਇਕ ਬਾਰਾਂਸਿੰਗਾ ਨਿਕਲਿਆ। ਸ਼ਿਕਾਰੀ ਅਤੇ ਸ਼ਿਕਾਰੀ ਦਾ ਕੁੱਤਾ ਬਾਰਾਂਸਿੰਗੇ ਦੇ ਪਿੱਛੇ ਦੌੜੇ। ਬਾਰਾਂਸਿੰਗਾ ਏਨਾ ਤੇਜ਼ ਦੌੜਿਆ ਕਿ ਸ਼ਿਕਾਰੀ ਤੇ ਕੁੱਤਾ ਪਿੱਛੇ ਰਹਿ ਗਏ। ਬਾਰਾਂਸਿੰਗਾ ਏਨਾ ਥੱਕ ਗਿਆ ਕਿ ਜੰਗਲ ਤੋਂ ਬਾਹਰ ਆਕੇ ਇਕ ਝੀਲ ਵਿਚੋਂ ਪਾਣੀ ਪੀਣ ਲਗਿਆ। ਪਿਛੋਂ ਸ਼ਿਕਾਰੀ ਅਤੇ ਸ਼ਿਕਾਰੀ ਕੁੱਤਾ ਫੇਰ ਨੇੜੇ ਆ ਗਏ। ਸ਼ਿਕਾਰੀ ਨੇ ਦੂਰੋਂ ਹੀ ਇਕ ਦਰੱਖ਼ਤ ਨੇੜਿਉਂ ਦੇਖ ਲਿਆ ਕਿ ਬਾਰਾਂਸਿੰਗਾ ਪਾਣੀ ਪੀ ਰਿਹਾ ਹੈ। ਸ਼ਿਕਾਰੀ ਨੇ ਆਪਣੇ ਕੁੱਤੇ ਨੂੰ ਰੋਕ ਲਿਆ ਅਤੇ ਆਪਣੇ ਤੀਰ ਕਮਾਨ ਨਾਲ ਬਾਰਾਂ ਸਿੰਗੇ ਨੂੰ ਮਾਰ ਦੇਣਾ ਚਾਹਿਆ। ਜਦੋਂ ਉਸ ਸ਼ਿਕਾਰੀ ਨੇ ਆਪਣਾ ਤੀਰ, ਕਮਾਨ ਦੀ ਤੰਦੀ ਚੜ੍ਹਾ ਕੇ ਕੱਸਿਆ ਤਾਂ ਉਸੇ ਵਕਤ ਹੀ ਥੱਲੇ ਧਰਤੀ ਵਿਚੋਂ ਇਕ ਫਨੀਅਰ ਸੱਪ ਨਿਕਲਿਆ। ਸ਼ਿਕਾਰੀ ਦਾ ਪੈਰ ਉਸ ਸੱਪ ਦੀ ਪੂਛ ਉਪਰ ਆ ਗਿਆ ਅਤੇ ਸੱਪ ਨੇ ਸ਼ਿਕਾਰੀ ਦੇ ਪੈਰ ਉਪਰ ਡੱਸ ਦਿੱਤਾ। ਜਦੋਂ ਹੀ ਸੱਪ ਨੇ ਡੰਗ ਚਲਾਇਆ ਉਸੇ ਵੇਲੇ ਸ਼ਿਕਾਰੀ ਦੇ ਹੱਥੋਂ ਤੀਰ ਨਿਕਲ ਗਿਆ। ਤੀਰ ਤਾਂ ਪਾਣੀ ਪੀ

ਰਹੇ ਬਾਰਾਂਸਿੰਗੇ ਨੂੰ ਜਾ ਕੇ ਵੱਜ ਗਿਆ। ਜਦੋਂ ਬਾਰਾਂਸਿੰਗੇ ਨੂੰ ਤੀਰ ਵੱਜਾ ਉਸੇ ਵੇਲੇ ਪਾਣੀ ਦੀ ਇਕ ਮੱਛੀ ਨੇ ਬਾਰਾਂਸਿੰਗੇ ਦੀ ਜ਼ਬਾਨ ਨੂੰ ਕੋਈ ਪਾਣੀ ਦਾ ਜੀਵ ਸਮਝ ਕੇ ਜ਼ਬਾਨ ਪਕੜ ਲਈ। ਜਦੋਂ ਬਾਰਾਂਸਿੰਗਾ ਤੀਰ ਨਾਲ ਫੁੜਕ ਕੇ ਡਿੱਗਾ ਤਾਂ ਉਹ ਮੱਛੀ ਜੋ ਬਾਰਾਂਸਿੰਗੇ ਦੀ ਜ਼ਬਾਨ ਨੂੰ ਪਕੜੀ ਹੋਈ ਸੀ, ਉਹ ਵੀ ਬਾਹਰ ਆਕੇ ਡਿੱਗੀ। ਬਾਰਾਂਸਿੰਗਾ ਵੀ ਮਰ ਗਿਆ ਅਤੇ ਮੱਛੀ ਵੀ ਮਰ ਗਈ। ਪਾਣੀ ਤੋਂ ਬਿਨਾ ਮੱਛੀ ਮਰ ਹੀ ਜਾਵੇਗੀ। ਦੂਜੇ ਪਾਸੇ ਜਦੋਂ ਸ਼ਿਕਾਰੀ ਨੂੰ ਸੱਪ ਨੇ ਡਸਿਆ ਤਾਂ ਸ਼ਿਕਾਰੀ ਸੱਪ ਦੀ ਜ਼ਹਿਰ ਨਾਲ ਮਰ ਗਿਆ। ਪਰ ਜਿਹੜਾ ਸ਼ਿਕਾਰੀ ਦੇ ਨਾਲ ਸ਼ਿਕਾਰੀ ਕੁੱਤਾ ਸੀ। ਉਸ ਨੇ ਭੱਜ ਕੇ ਸੱਪ ਨੂੰ ਫੜ ਕੇ ਖਾ ਲਿਆ। ਕੁੱਤਾ ਸੱਪ ਖਾਣ ਨਾਲ ਮਰ ਗਿਆ। ਝੀਲ ਦੇ ਕਿਨਾਰੇ ਬਾਰਾਂਸਿੰਗਾ ਅਤੇ ਮੱਛੀ ਮਰੀ ਹੋਈ ਪਈ ਸੀ। ਕਹਿੰਦੇ ਹਨ ਅਕਾਸ਼ ਵਿੱਚ ਇੱਲ ਬਹੁਤ ਉੱਚਾ ਉੱਡਦੀ ਹੈ। ਪਰ ਇੱਲ ਦੀ ਦ੍ਰਿਸ਼ਟੀ ਇੰਨੀ ਤੇਜ਼ ਤੇ ਨੀਵੀਂ ਹੈ ਕਿ ਧਰਤੀ ਉਪਰ ਪਿਆ ਹੋਇਆ ਮੁਰਦਾਰ ਬੜੀਆਂ ਉਚਾਈਆਂ ਤੋਂ ਵੇਖ ਲੈਂਦੀ ਹੈ। ਇਸ ਤਰ੍ਹਾਂ ਦੀ ਵਜ਼ਾਹਤ ਗੁਰਦੇਵ ਨੇ ਗੁਰਬਾਣੀ ਵਿੱਚ ਵੀ ਕੀਤੀ ਹੈ—

**ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥**
**ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥੨॥**

*(ਪੰਨਾ ੩੨੨)*

ਇੱਲ ਦਸਾਂ ਦਿਸ਼ਾਵਾਂ ਵਿੱਚ ਉਡਦੀ ਹੈ। ਸਮੁੰਦਰ, ਸਾਗਰਾਂ ਅਤੇ ਪਹਾੜਾਂ ਦੀਆਂ ਉਚਾਈਆਂ ਉਪਰ ਉਡਦੀ ਹੈ। ਬਾਗਾਂ ਅਤੇ ਬਗ਼ੀਚਿਆਂ ਉੱਪਰ ਵੀ ਉਡਦੀ ਹੈ। ਪਰ ਇੱਲ ਨੂੰ ਕੋਈ ਥਾਂ ਪਸੰਦ ਨਹੀਂ ਆਉਂਦੀ। ਜਿਥੇ ਇਸ ਦੀ ਦ੍ਰਿਸ਼ਟੀ ਮਰਿਆ ਹੋਇਆ ਕੋਈ ਪਸ਼ੂ ਪੰਛੀ ਜਾਂ ਕੋਈ ਹੋਰ ਮੁਰਦਾਰ ਪੈ ਜਾਏ। ਇੱਲ ਉਥੇ ਹੀ ਆਕੇ ਬੈਠਦੀ ਹੈ। ਇਹ ਹਕੀਕਤ ਹੈ। ਸੋ ਉਹ ਬਾਰਾਂਸਿੰਗਾ ਅਤੇ ਮੱਛੀ ਝੀਲ ਦੇ ਕਿਨਾਰੇ ਮਰੀ ਪਈ ਸੀ। ਅਕਾਸ਼ ਵਿੱਚ ਉੱਡ ਰਹੀ ਇੱਕ ਇੱਲ ਨੇ ਉਸ ਮਰੀ ਹੋਈ ਮੱਛੀ ਨੂੰ ਆਪਣੇ ਪੌਂਚਿਆਂ ਵਿੱਚ ਪਕੜ ਲੈਣਾ ਚਾਹਿਆ। ਜਦੋਂ ਉਹ ਇੱਲ ਉਡਦੀ ਹੋਈ ਥੱਲੇ ਆਈ। ਉੱਡਦੀ ਹੋਈ ਆਪਣੇ ਪੈਰਾਂ ਨਾਲ ਮਰੀ ਹੋਈ ਮੱਛੀ ਨੂੰ ਫੜਨ ਲਗੀ। ਨੇੜੇ ਮਰਿਆ ਹੋਇਆ ਬਾਰਾਂਸਿੰਗਾ ਸੀ। ਬਾਰਾਂਸਿੰਗੇ ਦਾ ਇਕ ਸਿੰਗ ਉਸ ਇੱਲ ਦੇ ਪੇਟ ਵਿੱਚ ਵੱਜ ਗਿਆ। ਇੱਲ ਉਥੇ ਹੀ ਡਿੱਗ ਪਈ ਅਤੇ ਮਰ ਗਈ। ਧਰਤੀ ਦੇ ਥੱਲੇ ਰਹਿਣ ਵਾਲਾ ਸੱਪ ਮਰ ਗਿਆ। ਧਰਤੀ ਉਪਰ ਵਿਚਰਨ

ਵਾਲਾ ਮਨੁੱਖ ਸ਼ਿਕਾਰੀ ਅਤੇ ਕੁੱਤਾ ਵੀ ਮਰ ਗਿਆ। ਗਗਨ ਦੇ ਗੌਉਂਗਾ ਵਿੱਚ ਉੱਡਣ ਵਾਲੀ ਇੱਲ ਵੀ ਮਰ ਗਈ। ਪਾਣੀ ਦੇ ਪਤਾਲ ਵਿੱਚ ਰਹਿਣ ਵਾਲੀ ਮੱਛੀ ਵੀ ਮਰ ਗਈ। ਦਰਅਸਲ ਜਦੋਂ ਜੀਵ ਪ੍ਰਾਣੀ ਦਾ ਸਮਾਂ ਮੁੱਕ ਜਾਂਦਾ ਹੈ ਤਾਂ ਉਹ ਪਤਾ ਨਹੀਂ ਕਿਥੇ ਖ਼ਤਮ ਹੋ ਜਾਏ। ਪਾਣੀ ਦੇ ਜ਼ੀਵਾਂ ਨੂੰ ਧਰਤੀ ਤੇ ਲਿਆ ਕੇ ਮਾਰਦਾ ਹੈ। ਅਕਾਸ਼ ਦੀਆਂ ਬੁਲੰਦੀਆਂ ਵਿੱਚ ਉੱਡਣ ਵਾਲਿਆਂ ਨੂੰ ਥੱਲੇ ਪਟਕਾ ਮਾਰਦਾ ਹੈ। ਥਲਾਂ ਵਿੱਚ ਰਹਿਣ ਵਾਲਿਆਂ ਨੂੰ ਉਪਰ ਲਿਆ ਕੇ ਮਾਰਦਾ ਹੈ। ਸ਼ਾਇਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਇਸੇ ਤਰ੍ਹਾਂ ਦੀ ਇਹ ਵਜ਼ਾਹਤ ਕੀਤੀ ਹੈ ਕਿ —

**ਜਲ ਕਹਾ ਥਲ ਕਹਾ, ਗਗਨ ਕੇ ਗੌਨ ਕਹਾ,**
**ਕਾਲ ਕੇ ਬਨਾਏ ਸਭ ਕਾਲ ਹੀ ਚਬਾਹਿਗੇ॥** *(ਦਸਮ ਗ੍ਰੰਥ)*

ਦਰਅਸਲ ਇਹ ਕਹਾਣੀ ਮਨੁੱਖ ਦੇ ਅੰਤਸ਼ਕਰਣ ਦੀ ਵਿਆਖਿਆ ਕਰ ਰਹੀ ਹੈ। ਮਨੁੱਖ ਦਾ ਮਨ ਸ਼ਿਕਾਰੀ ਹੈ। ਮਨ ਦੇ ਮਰਨ ਨਾਲ ਹਉਮੈ ਅਹੰਕਾਰ ਦਾ ਬਾਰਾਂਸਿੰਗਾ ਮਰ ਜਾਂਦਾ ਹੈ। ਯਾਨੀ, ਕਿ ਦੇਹ ਅਭਿਮਾਨ ਵੀ ਮਰਦਾ ਹੈ। ਮਨ ਦੇ ਮਰਨ ਨਾਲ ਕ੍ਰੋਧ ਦਾ ਸੱਪ ਵੀ ਮਰ ਜਾਂਦਾ ਹੈ। ਵਰਨਾ ਜਿਵੇਂ ਸੱਪ ਦੀ ਪੂਛ ਉਪਰ ਹੀ ਪੈਰ ਆਉਣ ਨਾਲ ਸੱਪ ਡਸਦਾ ਹੈ। ਇਵੇਂ ਬੰਦੇ ਦੇ ਪੈਰ ਉਪਰ ਵੀ ਪੈਰ ਆ ਜਾਏ ਤਾਂ ਬੰਦਾ ਡੱਸਦਾ ਹੈ। ਸੱਪ ਦੇ ਡੱਸੇ ਹੋਏ ਦਾ ਤਾਂ ਇਲਾਜ ਹੈ, ਪਰ ਬੰਦੇ ਦੇ ਡੱਸੇ ਹੋਏ ਦਾ ਤਾਂ ਇਲਾਜ ਹੀ ਨਹੀਂ ਹੁੰਦਾ। ਮਨ ਦਾ ਸ਼ਿਕਾਰੀ ਮਰੇ ਤਾਂ ਲੋਭ ਦਾ ਕੁੱਤਾ ਵੀ ਮਰਦਾ ਹੈ। ਮਨ ਦਾ ਸ਼ਿਕਾਰੀ ਮਰੇ ਤਾਂ ਤ੍ਰਿਸ਼ਨਾ ਦੀ ਮੱਛੀ ਅਤੇ ਲਾਲਸਾ ਦੀ ਇੱਲ ਵੀ ਮਰ ਜਾਂਦੀ ਹੈ। ਕਬੀਰ ਸਾਹਿਬ ਨੇ ਸ਼ਾਇਦ ਆਪਣੇ ਸਲੋਕਾਂ ਵਿੱਚ ਇਹੀ ਬਿਆਨ ਕੀਤਾ ਹੈ —

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥**
**ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥**
*(ਪੰਨਾ ੧੩੬੯)*

# ਅਧਿਆਤਮਕ ਗ੍ਰੰਥ
# ਅਤੇ
# ਕੁਦਰਤ ਦੀ ਕਲਾ

**ਅਨੁਭਵੀ ਗ੍ਰੰਥ** — ਸ੍ਰੀ ਗੁਰੂ ਗ੍ਰੰਥ ਸਾਹਿਬ ਕੋਈ ਇਤਿਹਾਸਕ ਗ੍ਰੰਥ ਨਹੀਂ ਹੈ। ਨਾ ਹੀ ਮਿਥਿਹਾਸਕ ਗ੍ਰੰਥ ਹੈ। ਇਹ ਇਤਿਹਾਸ ਵੀ ਨਹੀਂ ਤੇ ਮਿਥਿਹਾਸ ਵੀ ਨਹੀਂ ਹੈ। ਇਹ ਇਕ ਨਿਰੋਲ ਅਧਿਆਤਮਕ ਗ੍ਰੰਥ ਹੈ। ਇਸ ਵਿਚ ਰੱਬੀ ਗਿਆਨ ਦਾ ਅਨੁਭਵ ਹੈ। ਇਸ ਵਾਸਤੇ ਇਸ ਨੂੰ ਅਸੀਂ ਅਨੁਭਵੀ ਗ੍ਰੰਥ ਕਹਿ ਸਕਦੇ ਹਾਂ। ਪਰ ਇਤਿਹਾਸਕ ਜਾਂ ਮਿਥਿਹਾਸਕ ਨਹੀਂ ਕਹਿ ਸਕਦੇ।

ਗੁਰੂ ਗ੍ਰੰਥ ਸਾਹਿਬ ਵਿਚ ਕੋਈ ਇਤਿਹਾਸ ਨਹੀਂ। ਇਹ ਲੱਭਣਾ ਚਾਹੀਏ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕਿਥੇ ਹੋਇਆ? ਕਦੋਂ ਹੋਇਆ? ਉਨ੍ਹਾਂ ਦਾ ਕੀ ਪ੍ਰਵਾਰ ਸੀ? ਇਹ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵੀ ਨਹੀਂ ਲਿਖਿਆ। ਉਨ੍ਹਾਂ ਦੀ ਪਤਨੀ ਦਾ ਨਾਮ, ਮਾਂ ਬਾਪ ਦਾ ਨਾਮ ਆਦਿ ਕੁਝ ਨਹੀ ਲਿਖਿਆ। ਗੁਰੂ ਨਾਨਕ ਦੇਵ ਜੀ ਦੇ ਪ੍ਰਵਾਰ ਦੇ ਨਾਮ, ਮਾਂ-ਬਾਪ, ਪਤਨੀ, ਪੁੱਤਰਾਂ ਆਦਿ ਬਾਰੇ ਪਤਾ ਕਰਨਾ ਹੋਵੇ ਤਾਂ ਇਤਿਹਾਸ ਪੜ੍ਹਨਾ ਪਏਗਾ। ਤਵਾਰੀਖ਼ ਦੀ ਖੋਜ ਕਰਨੀ ਪਏਗੀ ਤਾਂ ਪਤਾ ਲਗੇਗਾ ਪਈ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਚੰਦ ਜੀ ਸਨ। ਪਤਨੀ ਮਾਤਾ ਸੁਲੱਖਣੀ ਜੀ ਸਨ। ਭੈਣ ਨਾਨਕੀ ਜੀ ਸਨ। ਪੁੱਤਰ ਸ੍ਰੀ ਚੰਦ, ਲਖਮੀ ਦਾਸ ਜੀ ਸਨ। ਮਾਤਾ ਤ੍ਰਿਪਤਾ ਜੀ ਸਨ। ਇਹ ਇਤਿਹਾਸ ਪੜ੍ਹਨਾ ਪਏਗਾ। ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਰੱਬੀ ਗਿਆਨ ਹੈ। ਜਾਂ ਫਿਰ ਰੱਬ ਦੀ ਬਣਾਈ ਦੁਨੀਆਂ ਦੀ ਗੱਲ ਹੈ। ਨਿਰੋਲ ਸੰਸਾਰ ਤੇ ਕਰਤਾਰ ਦੀ ਗੱਲ ਹੈ।

ਮਿਥਿਹਾਸ ਵੀ ਨਹੀਂ ਹੈ। ਪਈ ਮਿਥ ਕੇ ਗੱਲ ਕੀਤੀ ਗਈ ਹੋਵੇ? ਕੋਈ ਮਿਥ ਕੇ ਗੱਲ ਨਹੀਂ ਆਖੀ ਗਈ। ਜਿਨ੍ਹਾਂ ਕਿਨ੍ਹਾਂ ਗ੍ਰੰਥਾਂ ਵਿਚ ਮਿਥਿਹਾਸ ਹੈ ਉਨ੍ਹਾਂ ਨੇ ਨਾਸਤਿਕਤਾ ਨੂੰ ਜਨਮ ਦਿੱਤਾ ਹੈ। ਬਾਈਬਲ ਵਿਚ ਮਿਥਿਹਾਸ ਹੈ ਪਈ ਜ਼ਮੀਨ ਚਪਟੀ ਹੈ। ਜ਼ਮੀਨ ਰੁਕੀ ਹੈ। ਇਹ ਤਾਂ ਮਿਥ ਕੇ ਗੱਲਾਂ ਕੀਤੀਆਂ ਗਈਆਂ ਹਨ। ਜ਼ਮੀਨ ਕੋਈ ਚਪਟੀ ਵੀ ਨਹੀਂ ਤੇ ਰੁਕੀ

ਹੋਈ ਵੀ ਨਹੀਂ। ਜ਼ਮੀਨ ਗੋਲ ਹੈ ਅਤੇ ਚਲਦੀ ਹੈ। ਘੁੰਮ ਰਹੀ ਹੈ।

ਮਹਾਨ ਪ੍ਰਸਿੱਧ ਸਾਇੰਸ ਦਾਨ ਗਲੈਲੀਓ ਨੇ ਜਦੋਂ ਇਹ ਆਖਿਆ ਸੀ ਪਈ ਜ਼ਮੀਨ ਘੁੰਮ ਰਹੀ ਹੈ। ਜ਼ਮੀਨ ਗੋਲ ਹੈ ਤਾਂ ਪਾਦਰੀਆਂ ਨੇ ਉਹਨੂੰ ਜੇਲ੍ਹ ਵਿਚ ਪਾ ਦਿੱਤਾ ਸੀ। ਗਲੈਲੀਓ ਬੜਾ ਬਜ਼ੁਰਗ ਮਹਾਨ ਤੇ ਪੁਰਾਣਾ ਸਾਇੰਸ ਦਾਨ ਸੀ। ਗਲੈਲੀਓ ਨੂੰ ਪਾਦਰੀ ਕਹਿਣ ਲਗੇ ਤੇਰੇ ਬੋਲ ਬਾਈਬਲ ਤੇ ਪੂਰੇ ਨਹੀਂ ਉਤਰਦੇ। ਤਾਂ ਗਲੈਲੀਓ ਕਹਿਣ ਲਗੇ ਫਿਰ ਮੈਂ ਕੀ ਕਰ ਸਕਦਾ ਹਾਂ? ਜੇਕਰ ਮੇਰੇ ਬੋਲ ਬਾਈਬਲ ਤੇ ਪੂਰੇ ਨਹੀਂ ਉਤਰਦੇ ਤਾਂ ਸਚਾਈ ਤੇ ਪੂਰੇ ਉਤਰਦੇ ਹਨ। ਹੁਣ ਇਹ ਪੂਰਨ ਸਚਾਈ ਹੈ ਕਿ ਜ਼ਮੀਨ ਗੋਲ ਹੈ ਅਤੇ ਘੁੰਮ ਰਹੀ ਹੈ। ਰੁਕੀ ਨਹੀਂ ਹੈ। ਹੁਣ ਇਸਾਈ ਮੱਤ ਜ਼ਮੀਨ ਚਪਟੀ ਮੰਨਦਾ ਹੈ। ਨਾਲੇ ਰੁਕੀ ਹੋਈ ਮੰਨਦਾ ਹੈ।

ਜਿਹੜੀ ਗੱਲ ਸਚਾਈ ਤੇ ਪੂਰੀ ਨਾ ਉਤਰੇ ਉਸ ਨੂੰ ਮਿਥਿਹਾਸਕ ਕਿਹਾ ਜਾਂਦਾ ਹੈ। ਉਸ ਵਕਤ ਵਿਚਾਰੇ ਗਲੈਲੀਓ ਨੂੰ ਬੜੀ ਵੱਡੀ ਸਜ਼ਾ ਦਿੱਤੀ ਗਈ ਕਿ ਤੂੰ ਇਹ ਗੱਲ ਕਿਉਂ ਆਖੀ ਹੈ ਕਿ ਧਰਤੀ ਗੋਲ ਹੈ ਤੇ ਘੁੰਮ ਰਹੀ ਹੈ। ਗਲੈਲੀਓ ਨੂੰ ਮੁਆਫ਼ੀ ਮੰਗ ਕੇ ਜਾਨ ਛੁਡਾਉਣੀ ਪਈ ਸੀ। ਅੱਜ ਬੱਚਾ ਬੱਚਾ ਪੜ੍ਹਦਾ ਪਿਆ ਹੈ ਕਿ ਜ਼ਮੀਨ ਗੋਲ ਹੈ। ਜ਼ਮੀਨ ਘੁੰਮ ਰਹੀ ਹੈ।

***ਪੁਰਾਣਾਂ ਦੀਆਂ ਕਥਾਵਾਂ ਕੀ ਹਨ?***

ਪਈ ਗੌਤਮ ਨੇ ਗਿੱਲਾ ਪਰਨਾ ਚੰਦਰਮਾ ਨੂੰ ਮਾਰਿਆ ਤੇ ਚੰਦਰਮਾ ਤੇ ਕਾਲਾ ਦਾਗ਼ ਪੈ ਗਿਆ ਹੈ। ਸੁਮੇਰ ਪ੍ਰਬਤ ਦਾ ਮਧਾਣਾ ਬਣਾ ਕੇ, ਸ਼ੇਸ਼ ਨਾਗ ਦਾ ਨੇਤਰਾ ਪਾਕੇ ਖੀਰ ਸਮੁੰਦਰ ਨੂੰ ਰਿੜਕਿਆ ਗਿਆ। ਬੜੀ ਹੈਰਾਨਗੀ ਦੀ ਗੱਲ ਹੈ ਕਿ ਜੇਕਰ ਖੀਰ (ਦੁਧ) ਦਾ ਕੋਈ ਸਾਗਰ ਹੈ, ਤਾਂ ਗਊਆਂ ਮੱਝਾਂ ਪਾਲਣ ਦੀ ਕੀ ਲੋੜ ਹੈ? ਉਸੇ ਖੀਰ (ਦੁਧ) ਦੇ ਸਾਗਰ ਵਿਚੋਂ ਹੀ ਸਾਰੀ ਦੁਨੀਆਂ ਨੂੰ ਦੁਧ ਸਪਲਾਈ ਹੋਣਾ ਚਾਹੀਦਾ ਹੈ। ਖਿਮਾ ਕਰਨੀ ਇਹ ਸਭ ਮਿਥਿਹਾਸ ਹੈ। ਰਮਾਇਣ ਵਿਚ ਇਹ ਦਰਜ ਹੈ ਕਿ ਹਨੂੰਮਾਨ ਨੇ ਸੂਰਜ ਨੂੰ ਸੰਤਰਾ ਸਮਝ ਕੇ ਮੂੰਹ ਵਿਚ ਪਾ ਲਿਆ ਤੇ ਤਿੰਨ ਦਿਨ ਤਕ ਹਨੇਰਾ ਹੀ ਬਣਿਆ ਰਿਹਾ। ਸਭ ਮਿਥਿਹਾਸ ਹੈ। ਮਿਥ ਕੇ ਗੱਲਾਂ ਕੀਤੀਆਂ ਗਈਆਂ ਹਨ।

ਸਹਿਜੇ ਸਹਿਜੇ ਜਦੋਂ ਬੰਦਾ ਸਿਆਣਾ ਹੋ ਰਿਹਾ ਹੈ ਤਾਂ ਮਿਥਿਹਾਸਕ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਅੱਜ ਦਾ ਅਧੁਨਿਕ ਸਮੇਂ ਦੀ ਤੇਜ਼ ਰਫ਼ਤਾਰ ਨਾਲ ਚਲਣ ਵਾਲਾ ਇਨਸਾਨ ਮਿਥਿਹਾਸਕ ਗ੍ਰੰਥਾਂ ਤੇ ਯਕੀਨ

ਨਹੀਂ ਕਰਦਾ। ਇਸ ਨਾਲ ਧਰਮ ਨੂੰ ਨੁਕਸਾਨ ਹੋ ਰਿਹਾ ਹੈ। ਮਿੱਥੇ ਹੋਏ ਗਿਆਨ ਦੀ ਵਜ੍ਹਾ ਕਰਕੇ, ਧਰਮ ਤੋਂ ਬੰਦਾ ਇਨਕਾਰੀ ਹੋ ਰਿਹਾ ਹੈ। ਜਿਨ੍ਹਾਂ ਧਰਮ ਗ੍ਰੰਥਾਂ ਨੇ ਇਹ ਮੰਨਿਆ ਸੀ ਕਿ ਚੰਦਰਮਾ ਨੂੰ ਗੌਤਮ ਰਿਖੀ ਨੇ ਗਿੱਲਾ ਪਰਨਾ ਮਾਰਿਆ ਤਾਂ ਉਸ ਉਤੇ ਦਾਗ਼ ਪੈ ਗਏ ਹਨ। ਜਦੋਂ ਅੱਜ ਦਾ ਸਾਇੰਸਦਾਨ ਚੰਦਰਮਾ ਦੇ ਉਪਰ ਜਾ ਚੜ੍ਹਿਆ ਹੈ ਤਾਂ ਉਸ ਨੇ ਕਹਿ ਦਿੱਤਾ ਹੈ ਕਿ ਉਥੇ ਤਾਂ ਸਭ ਪੱਥਰ ਹੀ ਪੱਥਰ ਹੈ। ਮਿਥਿਆ ਹੋਇਆ ਇਹ ਗਿਆਨ ਕਿ ਚੰਦਰਮਾ ਨੂੰ ਕਾਲੇ ਦਾਗ਼ ਹਨ। ਉਹ ਵਿਗਿਆਨ ਦੇ ਅਗੇ ਰਹਿ ਨਹੀਂ ਗਿਆ। ਉਹ ਸਾਰੇ ਧਰਮ ਗ੍ਰੰਥ ਤੇ ਧਰਮ, ਵਿਗਿਆਨ ਦੀ ਕਸਵਟੀ ਤੇ ਪੂਰੇ ਨਹੀਂ ਉਤਰੇ। ਜਿਹੜੇ ਮਿਥਿਆ ਹੋਇਆ ਗਿਆਨ ਹੀ ਪ੍ਰਚਾਰਦੇ ਸਨ।

ਰੂਹ-ਏ-ਜ਼ਮੀਨ ਤੇ ਇਕੋ ਇੱਕ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਹੈ। ਜਿਸ ਵਿਚ ਨਾ ਇਤਿਹਾਸ ਹੈ ਤੇ ਨਾ ਮਿਥਿਹਾਸ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਵਿਆਖਿਆ ਤਾਂ ਸਾਇੰਸ ਕਰ ਸਕਦੀ ਹੈ, ਪਰ ਸਾਇੰਸ, ਗੁਰਬਾਣੀ ਨੂੰ ਖੰਡਣ ਨਹੀਂ ਕਰ ਸਕਦੀ। ਕਿਉਂਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰੋਲ ਸਚਾਈ ਹੈ। ਇਤਿਹਾਸ ਜਾਂ ਮਿਥਿਹਾਸ ਨਹੀਂ ਹੈ। ਕੋਈ ਮਿਥ ਕੇ ਗੱਲ ਨਹੀਂ ਆਖੀ ਗਈ। ਨਾਹੀ ਕਿਸੇ ਦੀ ਜੀਵਨ ਕਥਾ ਲਿਖੀ ਗਈ ਹੈ। ਨਿਰੋਲ ਰੱਬੀ ਕਲਾਮ ਹੈ। ਰੱਬ ਦਾ ਗਿਆਨ ਹੈ। ਫਿਰ ਇਹ ਗੁਰਬਾਣੀ, ਜਿਨ੍ਹਾਂ ਮਹਾਨ ਪੁਰਖਾਂ ਦੇ ਆਪਣੇ ਮੁਖਾਰ ਬਿੰਦ ਦੀ ਰਚਨਾ ਹੈ। ਉਨ੍ਹਾਂ ਦਾ ਵੀ ਆਪਣਾ ਦਾਵ੍ਹਾ ਨਹੀਂ ਹੈ ਕਿ ਇਹ ਬਾਣੀ, (ਬੋਲ) ਸਾਡੇ ਹਨ। ਉਨ੍ਹਾਂ ਦਾ ਵੀ ਇਹ ਕਹਿਣਾ ਹੈ ਕਿ —

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥**

*(ਪੰਨਾ ੭੨੨)*

ਉਨ੍ਹਾਂ ਦਾ ਵੀ ਕਹਿਣਾ ਹੈ ਕਿ ਇਹ ਧੁਰੋਂ ਖਸਮ (ਪ੍ਰਭੂ) ਵੱਲੋਂ ਗਿਆਨ ਹੈ। ਸਾਡੇ ਉਪਰ ਨਾਜ਼ੁਲ (ਉਤਰਿਆ) ਹੋਇਆ ਹੈ। ਅਸੀਂ ਤਾਂ ਉਹ ਗਿਆਨ ਬੋਲਿਆ ਹੈ ਜਿਹੜਾ ਧੁਰੋਂ ਪ੍ਰਭੂ ਵੱਲੋਂ ਅਨੁਭਵ ਹੋਇਆ ਹੈ।

**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**

*(ਪੰਨਾ ੬੨੮)*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਹਾਨ ਬ੍ਰਹਮ ਵਿਦਿਆ ਹੈ। ਪ੍ਰਭੂ ਦੇ ਭੇਦ ਸਮਝਣ ਲਈ ਗੁਰਬਾਣੀ ਮਾਰਗ ਦਰਸ਼ਨ ਕਰਦੀ ਹੈ। ਗੁਰਬਾਣੀ ਮਹਾਨ ਅਦੁੱਤੀ ਰਚਨਾ ਹੈ। ਜਿਸ ਵਿਚ ਬ੍ਰਹਮ ਦੀ ਰੂਪ ਰੇਖਾ ਦਰਸਾਈ ਗਈ

ਹੈ। ਬ੍ਰਹਮ ਗਿਆਨ ਦੇ ਸਾਧਨ ਦਰਸਾਏ ਗਏ ਹਨ। ਇਹ ਬੜੇ ਗਹਿਰੇ ਤਲ ਵਿਚੋਂ ਆਈ ਰੱਬੀ ਕਲਾਮ ਹੈ। ਪ੍ਰਭੂ ਨੂੰ ਮਿਲਣ ਦੇ ਉਪਰਾਲੇ ਦਸਦੀ ਹੈ। ਧੁਰ ਅੰਦਰਲੀਆਂ ਗਹਿਰਾਈਆਂ ਵਿਚੋਂ ਨਿਕਲਿਆ ਹੋਇਆ ਰੱਬੀ ਇਲਹਾਮ ਹੈ।

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥**

*(ਪੰਨਾ ੯੩੫)*

ਬਾਣੀ ਅਕਾਲ ਪੁਰਖ ਦੀ ਹੈ ਅਤੇ ਮਹਾਂਪੁਰਖਾਂ ਦੇ ਰਾਹੀਂ ਇਸ ਸੰਸਾਰ ਵਿਚ ਆਈ ਹੈ। ਕੋਈ ਵਿਰਲਾ ਗੁਰਮੁਖ ਹੀ ਇਸ ਬ੍ਰਹਮ ਵੀਚਾਰ ਨੂੰ ਸਮਝਦਾ ਹੈ।

## ਅਨੁਭਵ ਅਤੇ ਗਿਆਨ ਕੀ ਹੈ ?

ਜੋ ਆਮ ਕਥਾ ਕਹਾਣੀ ਸੁਣੀ ਸੁਣਾਈ ਜਾਂਦੀ ਹੈ, ਇਹ ਬੋਧ ਹੈ। ਗਿਆਨ ਹੈ। ਪਰ ਸਤਿਗੁਰੂ ਦੀ ਬਾਣੀ ਦਾ ਕਹਿਣਾ ਹੈ, ਜੋ ਰਹਿਬਰੀ ਪਰਮ ਪੁਰਖ ਸੁਣਾਉਂਦੇ ਹਨ। ਉਹ ਪੜ੍ਹ ਕੇ ਜਾਂ ਸੁਣ ਕੇ ਨਹੀਂ ਸੁਣਾਉਂਦੇ। ਨਾਹੀਂ ਇਤਿਹਾਸ ਜਾਂ ਮਿਥਿਹਾਸ ਦੀ ਗੱਲ ਕਰਦੇ ਹਨ। ਜੋ ਉਹ ਉਪਦੇਸ਼ ਕਰਦੇ ਹਨ। ਉਹ ਉਨ੍ਹਾਂ ਦਾ ਨਿਜੀ ਅਨੁਭਵ ਹੁੰਦਾ ਹੈ। ਹਕੀਕਤ ਬਿਆਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਬਾਰੇ ਤਵਾਰੀਖ਼ੀ ਸਬੂਤ ਹੈ ਕਿ ਉਨ੍ਹਾਂ ਜੋ ਕੁਝ ਵੀ ਸੰਸਾਰ ਦੀ ਝੋਲੀ ਵਿਚ ਪਾਇਆ ਹੈ। ਉਹ ਸਕੂਲ ਤੋਂ ਨਹੀਂ ਸਿੱਖਿਆ। ਨਾ ਹੀ ਉਨ੍ਹਾਂ ਨੂੰ ਕਿਸੇ ਨੇ ਸੁਣਾਇਆ ਹੈ। ਪਰ ਫਿਰ ਵੀ ਜੋ ਕੁਝ ਗੁਰੂ ਨਾਨਕ ਨੇ ਸੰਸਾਰ ਦੀ ਝੋਲੀ ਵਿੱਚ ਪਾਇਆ ਹੈ। ਉਹ ਹੋਰ ਕੋਈ ਨਹੀਂ ਪਾ ਸਕਦਾ।

ਜਗਤ ਦੇ ਭੁਲੇ ਭਟਕੇ ਲੋਕਾਂ ਨੂੰ ਜੋ ਮਾਰਗ ਗੁਰੂ ਨਾਨਕ ਦੇਵ ਜੀ ਨੇ ਦਿਖਾਇਆ ਹੈ, ਉਹ ਹੋਰ ਕੋਈ ਨਹੀਂ ਦਿਖਾ ਸਕਦਾ। ਜੋਗੀਆਂ ਨਾਲ, ਮੱਕੇ ਦੇ ਹਾਜੀਆਂ ਨਾਲ, ਹਰਿਦੁਆਰ ਦੇ ਬ੍ਰਹਮਣਾਂ ਨਾਲ, ਜੰਗਲ ਵਿੱਚ ਵੱਸਦੇ ਮਾਣਸ ਖਾਣੇ ਕੌਡਿਆਂ ਨਾਲ, ਗ੍ਰਿਹਸਤੀਆਂ ਨਾਲ, ਸੂਫ਼ੀਆਂ ਨਾਲ, ਤਿਆਗੀਆਂ ਨਾਲ, ਬੈਰਾਗੀਆਂ ਨਾਲ ਤੇ ਉਦਾਸੀਆਂ ਨਾਲ ਮੇਰੇ ਜਗਤ ਗੁਰ ਬਾਬੇ ਨੇ ਚਰਚਾ ਕੀਤੀ ਹੈ। ਉਨ੍ਹਾਂ ਦੇ ਕੰਨਾਂ ਤਕ ਹਕੀਕਤ ਵਿੱਚ ਸਚਾਈ ਦੀ ਅਵਾਜ਼ ਪਹੁੰਚਾਈ ਹੈ। ਹੁਣ ਇਨ੍ਹਾਂ ਲੋਕਾਂ ਨਾਲ ਗਿਆਨ ਚਰਚਾ ਕਰਨ ਵਾਸਤੇ ਤਾਂ ਬੜੇ ਗਿਆਨ ਫ਼ਲਸਫ਼ੇ ਦੀ ਲੋੜ ਹੈ। ਇਹ ਸੁਮੇਰ ਦੇ ਸਿੱਧ ਜੋਗੀ ਕੋਈ ਆਮ ਸਧਾਰਨ ਮਨੁੱਖ ਤਾਂ ਹੈ ਨਹੀਂ ਸਨ। ਬੜੇ

ਸੂਝਵਾਨ ਸੂਖਸ਼ਮ ਬਿਰਤੀ ਵਾਲੇ ਇਹ ਇਨਸਾਨ ਸਨ। ਜੀਵਨ ਦੀਆਂ ਘਾਟੀਆਂ ਨੂੰ ਸਿਧ ਕਰਕੇ ਇਹ ਸਿਧ ਬਣੇ ਸਨ। ਸਿੱਧ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਜੋ ਬੰਦਾ ਪੂਰਨ ਤੌਰ ਤੇ ਸਾਧਿਆ ਹੋਇਆ ਹੈ। ਜੋ ਪੂਰਨ ਸਾਧਿਆ ਹੋਇਆ ਹੋਵੇ, ਉਹ ਤਾਂ ਬੜਾ ਮਹਾਨ ਤੇ ਸੂਖਸ਼ਮ ਬਿਰਤੀ ਦਾ ਮਾਲਕ ਹੁੰਦਾ ਹੈ। ਇਨ੍ਹਾਂ ਸਿੱਧਾਂ ਨਾਲ ਆਮ ਬੰਦਾ ਤਾਂ ਗੱਲ ਨਹੀਂ ਕਰ ਸਕਦਾ। ਉਹ ਗੱਲ ਕਰ ਸਕਦਾ ਹੈ, ਜਿਹੜਾ ਬਹੁਤ ਸੂਖਸ਼ਮ ਬੁੱਧੀ ਦਾ ਮਾਲਕ ਹੋਵੇਗਾ। ਇਨ੍ਹਾਂ ਸਿੱਧਾਂ ਜੋਗੀਆਂ ਨੂੰ ਹਕੀਕਤ ਸਮਝਾਉਣ ਵਾਸਤੇ ਬੜੀ ਗਹਿਰੀ ਵਿਦਿਆ ਚਾਹੀਦੀ ਹੈ। ਮੱਕੇ ਦੇ ਹਾਜੀਆਂ ਕਾਜ਼ੀਆਂ ਨੂੰ ਸਮਝਾਉਣ ਲਈ ਬੜੀ ਵੱਡੀ ਅਕਲ ਚਾਹੀਦੀ ਹੈ। ਹਰਿਦੁਆਰ ਤੇ ਬਨਾਰਸ ਦੇ ਸੰਸਕ੍ਰਿਤ ਜਾਨਣ ਵਾਲੇ ਪੰਡਿਤਾਂ ਨੂੰ ਸਮਝਾਉਣ ਲਈ ਬਹੁਤ ਗਹਿਰੀ ਸੂਝ ਬੂਝ ਚਾਹੀਦੀ ਹੈ। ਮੁਲਤਾਨ ਦੇ ਪੀਰਾਂ ਦੇ ਇਸ਼ਾਰਿਆਂ ਦੀ ਵਿਦਿਆ ਦਾ ਜੁਆਬ ਦੇਣ ਲਈ ਬੜੀ ਗਹਿਰੀ ਸੂਝ ਬੂਝ ਚਾਹੀਦੀ ਹੈ। ਬਗ਼ਦਾਦ ਦੇ ਸ਼ਰਈ ਲੋਕਾਂ ਨਾਲ ਬਹਿਸ ਮੁਬਾਸਾ ਕਰਨ ਲਈ ਬੜੀ ਗਹਿਰੀ ਤਰਕ ਚਾਹੀਦੀ ਹੈ।

ਹੁਣ ਏਨੀ ਗੱਲ ਤਾਂ ਤਵਾਰੀਖ ਵੀ ਸਬੂਤ ਕਰਦੀ ਹੈ। ਪਈ ਚਾਹੇ ਮੱਕੇ ਦੇ ਹਾਜੀ ਸਨ। ਹਰਿਦੁਆਰ ਦੇ ਪੰਡੇ ਸਨ। ਜਾਂ ਸੁਮੇਰ ਦੇ ਸਿੱਧ ਸਨ। ਜੰਗਲ ਦੇ ਭੀਲ (ਕੌਡੇ) ਤੇ ਤਲੰਬੇ ਦੇ ਚਲਾਕ ਠੱਗ ਸਨ। ਗੁਰੂ ਨਾਨਕ ਨੂੰ ਸਭ ਨੇ ਸੱਜਦਾ ਕੀਤਾ ਹੈ। ਗੁਰੂ ਬਾਬੇ ਅਗੇ ਸਭ ਨੂੰ ਝੁਕਣਾ ਪਿਆ ਹੈ। ਗੁਰੂ ਨਾਨਕ ਜੀ ਦੇ ਬੋਲ ਹੀ ਐਸੇ ਸਨ ਕਿ ਜਿਨ੍ਹਾਂ ਤੋਂ ਸਭ ਕਾਇਲ ਹੁੰਦੇ ਸਨ।

ਹੁਣ ਪਤਾ ਇਹ ਕਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਇਹ ਏਨਾ ਉਪਦੇਸ਼ ਇਨ੍ਹਾਂ ਲੋਕਾਂ ਨੂੰ ਦਿੱਤਾ ਹੈ। ਇਹ ਬੜੇ-ਬੜੇ ਹੰਕਾਰੀ, ਪਾਮਰ, ਜਰਵਾਣੇ ਤੇ ਚਲਾਕ ਸੱਜਣ ਠੱਗ ਵਰਗੇ ਲੋਕ ਸੁਧਰ ਗਏ। ਇਹ ਸਾਰਾ ਗਿਆਨ ਗੁਰੂ ਨਾਨਕ ਦੇਵ ਜੀ ਨੇ ਕਿਥੋਂ ਸਿੱਖਿਆ ਸੀ? ਉਨ੍ਹਾਂ ਕਿਸੇ ਸਕੂਲ ਤੋਂ ਸਿੱਖਿਆ, ਜਾਂ ਕਿਸੇ ਗ੍ਰੰਥਾਂ ਵਿਚੋਂ ਪੜ੍ਹਿਆ। ਨਹੀਂ! ਨਾਹੀਂ ਉਨ੍ਹਾਂ ਕਿਤੋਂ ਸਕੂਲੋਂ ਸਿੱਖਿਆ ਅਤੇ ਨਾਹੀ ਕਿਸੇ ਗ੍ਰੰਥ ਨੂੰ ਪੜ੍ਹਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਬੜਾ ਕੀਮਤੀ ਵਿਚਾਰ ਹੈ ਕਿ

**ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੁ ਪੇਖਹਿ ਆਖੀ॥**

*(ਪੰਨਾ ੮੯੪)*

ਸੰਤਾਂ ਮਹਾਪੁਰਖਾਂ ਦੀ ਇਹ ਸੱਚੀ ਸਿੱਖਿਆ ਸੁਣ ਕਿ ਸੰਤ ਉਹ

ਬੋਲਦੇ ਹਨ ਜੋ ਆਪਣੀਆਂ ਅੱਖਾਂ ਨਾਲ ਦੇਖਦੇ ਹਨ। ਕਿਸੇ ਦੀ ਸੁਣੀ ਸੁਣਾਈ ਗੱਲ ਨਹੀਂ ਕਰਦੇ। ਜੋ ਕੁਝ ਗ੍ਰੰਥਾਂ ਵਿਚੋਂ ਪੜ੍ਹ ਕੇ ਗਿਆਨ ਕੀਤਾ ਜਾਂਦਾ ਹੈ, ਉਹ ਵੀ ਆਪਣਾ ਨਹੀਂ ਹੁੰਦਾ। ਉਹ ਵੀ ਉਧਾਰਾ ਗਿਆਨ ਹੁੰਦਾ ਹੈ। ਮਗਰ, ਸੰਤ ਲੋਕ ਉਹ ਬੋਲਦੇ ਹਨ, ਜੋ ਉਨ੍ਹਾਂ ਦਾ ਨਿਜੀ ਅਨੁਭਵ ਹੁੰਦਾ ਹੈ।

ਸਿਰਮੌਰ ਭਗਤ ਕਬੀਰ ਸਾਹਿਬ ਜੀ ਦੀ ਬਹੁਤ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਪਣੀ ਬਾਣੀ ਵਿੱਚ ਕਬੀਰ ਸਾਹਿਬ ਨੇ ਪ੍ਰਮਾਤਮਾ ਬਾਰੇ, ਬੜੀ ਲੰਮੀ ਚੌੜੀ ਵਿਚਾਰ ਕੀਤੀ ਹੈ ਤੇ ਹੁਣ ਕਬੀਰ ਸਾਹਿਬ ਕੋਈ ਪੜ੍ਹ ਕੇ ਜਾਂ ਸੁਣ ਕੇ ਥੋੜ੍ਹਾ ਇਹ ਵਿਚਾਰ ਕਰਦੇ ਹਨ। ਪੜ੍ਹੇ ਲਿਖੇ ਤਾਂ ਉਹ ਹੈ ਹੀ ਨਹੀਂ ਸਨ। ਕਬੀਰ ਸਾਹਿਬ ਨੂੰ ਤਾਂ ਸ਼ੂਦਰ ਸ਼ੂਦਰ ਕਿਹਾ ਜਾਂਦਾ ਸੀ। ਸ਼ੂਦਰ ਵਾਸਤੇ ਵਿਦਿਆਲੇ ਵਿਚ ਦਾਖ਼ਲਾ ਬੰਦ ਸੀ। ਕਬੀਰ ਸਾਹਿਬ ਦੇ ਸਮੇਂ ਵਿਚ ਭਾਰਤ ਦੇ ਜਿੰਨੇ ਵਿਦਿਆਲੇ ਸਨ। ਉਥੇ ਬ੍ਰਹਮਣਾਂ ਦਾ ਅਧਿਕਾਰ ਸੀ। ਬ੍ਰਹਮਣ ਹੀ ਪੜ੍ਹਾਉਂਦੇ ਸਨ। ਬ੍ਰਹਮਣਾਂ ਨੇ ਵਿਦਿਆਲਿਆਂ ਦੇ ਦਰਵਾਜ਼ੇ ਸ਼ੂਦਰਾਂ ਵਾਸਤੇ ਬੰਦ ਕੀਤੇ ਹੋਏ ਸਨ। ਸੋ ਇਸ ਵਾਸਤੇ ਕਬੀਰ ਸਾਹਿਬ ਨੂੰ ਤਾਂ ਦਾਖ਼ਲਾ ਹੀ ਨਹੀਂ ਸੀ ਮਿਲ ਸਕਦਾ। ਫਿਰ ਉਹ ਜਦੋਂ ਪੜ੍ਹੇ ਹੀ ਨਹੀਂ ਤਾਂ ਉਹ ਇੰਨੀ ਗਹਿਰੀ ਗੱਲ ਕਿਵੇਂ ਕਰ ਰਹੇ ਹਨ। ਜੇਕਰ ਇਹ ਸੁਆਲ ਕਬੀਰ ਸਾਹਿਬ ਨੂੰ ਕੀਤਾ ਜਾਵੇ ਕਿ ਪ੍ਰਮਾਤਮਾ ਦੀ ਇੰਨੀ ਗਹਿਰੀ ਗੱਲ, ਕੀ ਤੁਸੀਂ ਪੜ੍ਹ ਕੇ ਕਹਿ ਰਹੇ ਹੋ? ਤਾਂ ਕਬੀਰ ਸਾਹਿਬ ਆਪਣੀ ਬਾਣੀ ਵਿਚ ਕਹਿ ਰਹੇ ਹਨ ਕਿ ਨਹੀਂ –

**ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥**
**ਨੈਨ ਰਹੇ ਰੰਗੁ ਲਾਈ॥ ਅਬ ਬੇ ਗਲ ਕਹਨੁ ਨ ਜਾਈ॥੧੪॥**

*(ਪੰਨਾ ੬੫੫)*

ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਤਾਂ ਵੇਖ ਕੇ ਕਹਿ ਰਿਹਾ ਹਾਂ। ਮੈਂ ਉਸ ਵੱਡੇ ਪ੍ਰਮਾਤਮਾ ਦਾ ਸਰੂਪ ਅੰਤਰ ਆਤਮੇ ਵਿਚ ਹੀ ਵੇਖਿਆ ਹੈ। ਉਹ ਮੇਰਾ ਹੀ ਨਿੱਜੀ ਸਰੂਪ ਹੈ। ਨਿੱਜੀ ਸਰੂਪ ਦਾ ਅਨੁਭਵ ਕਰਕੇ ਹੀ ਕਿਹਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕਬੀਰ ਸਾਹਿਬ ਨੇ ਦੇਖਿਆ ਹੈ। **ਇਸ ਦਾ ਕੀ ਸਬੂਤ ਹੈ?**

ਕਬੀਰ ਸਾਹਿਬ ਦਾ ਉੱਤਰ ਹੈ ਕਿ ਉਸ ਦਾ ਪ੍ਰਮਾਣ ਦੇਣ ਲਈ ਕੋਈ ਦੂਜੀ ਗੱਲ ਨਹੀਂ ਹੈ। ਜ਼ੁਬਾਨ ਵਿਚ ਗੱਲ ਕੀਤੀ ਪੂਰੀ ਨਹੀਂ ਉਤਰਦੀ। ਇਸੇ ਵਾਸਤੇ ਤਾਂ ਉਹ ਕਹਿੰਦੇ ਹਨ ਕਿ –

**ਅਬ ਬੇ ਗਲ ਕਹਨੁ ਨ ਜਾਈ॥** *(ਪੰਨਾ ੬੫੫)*

ਉਸ ਨੂੰ ਜ਼ੁਬਾਨ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਸਿਰਫ਼ ਅਨੁਭਵ ਦਾ ਵਿਸ਼ਾ ਹੈ।

**ਅਨਭਉ ਪ੍ਰਕਾਸ ਅਮਿਤੋਜ ਕਹਿਜੈ॥** *(ਜਾਪੁ)*

ਕਬੀਰ ਸਾਹਿਬ ਦਾ ਫ਼ੁਰਮਾਣ ਹੈ ਕਿ ਅੰਤਸ਼ਕਰਣ ਦੀ ਸੇਜ ਉੱਪਰ ਜੋ ਉਸ ਪ੍ਰਮਾਤਮਾ ਦਾ ਰਸ ਅਨੁਭਵ ਹੁੰਦਾ ਹੈ। ਉਹ ਬੁੱਧੀ ਦਾ ਗਿਆਨ ਨਹੀਂ ਹੈ। ਉਹ ਇਕ ਬ੍ਰਹਮ ਰਸ ਹੈ। ਖੁਮਾਰੀ ਹੈ। ਧੁਰ ਅੰਤਰ ਤੋਂ ਅਨੁਭਵ ਹੁੰਦਾ ਹੈ। ਗੁਰੂ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਨਾਮ ਅਭਿਆਸ ਰਾਹੀਂ ਜਦੋਂ ਸੁਰਤ ਸ਼ਬਦ ਦਾ ਮਿਲਾਪ ਹੁੰਦਾ ਹੈ ਤਾਂ ਇਹ ਬ੍ਰਹਮ ਰਸ ਦੀ ਪ੍ਰਾਪਤੀ ਹੁੰਦੀ ਹੈ।

**ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ॥**
**ਦੁਹੁ ਮਿਲਿ ਕਾਰਜ ਊਪਜੈ ਰਾਮ ਨਾਮ ਸੰਜੋਗੁ॥੨॥**
*(ਪੰਨਾ ੩੩੫)*

ਸੋ ਗੁਰੂ ਕ੍ਰਿਪਾ ਦੁਆਰਾ ਜਦੋਂ ਜੋਗ ਭੋਗ ਦੋਵਾਂ ਦਾ ਮਿਲਾਪ ਹੁੰਦਾ ਹੈ ਤਾਂ ਇਸ ਕਾਰਜ ਦੀ ਸਿੱਧੀ ਹੁੰਦੀ ਹੈ। ਜਦੋਂ ਰਾਮ ਨਾਮ ਦੇ ਸੰਜੋਗ ਨਾਲ ਸੁਰਤ, ਸ਼ਬਦ ਵਿਚ ਉਤਰਦੀ ਹੈ ਤਾਂ ਇਕ ਪਰਮ ਰਸ ਬਣਦਾ ਹੈ। ਇਸ ਰਸ ਵਿਚ ਹੀ ਅਭਿਆਸੀ ਆਪ ਮੁਹਾਰਾ ਝੂਮ ਉੱਠਦਾ ਹੈ ਤੇ ਗੁਣ-ਗੁਣਾਉਣ ਲੱਗਦਾ ਹੈ। ਬਿਨਾ ਸ਼ੱਕ ਇਹ ਗੀਤ ਕੋਈ ਕਵਿਤਾ ਦਾ ਤਖ਼ੀਅਲ ਨਹੀਂ ਹੁੰਦਾ। ਪਰ ਹੁੰਦਾ ਬੜਾ ਰਸ ਪੂਰਬਕ ਅਤੇ ਅਰਥਦਾਇਕ ਹੈ। ਲੋਕ ਭਾਵੇਂ ਇਸ ਨੂੰ ਗੀਤ ਹੀ ਸਮਝਣ ਪਰ ਇਹ ਸੱਤ ਪੁਰਖ ਦੇ ਧੁਰ ਅੰਦਰੋਂ ਨਿਕਲੀ ਹੋਈ ਇਕ ਹਕੀਕੀ ਚੀਸ ਹੁੰਦੀ ਹੈ। ਇਸੇ ਚੀਸ ਦੀ ਦਰਦ ਨਾਲ ਕਬੀਰ ਸਾਹਿਬ ਨੇ ਇਹ ਆਖਿਆ ਹੈ ਕਿ —

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥**
**ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥੩॥**
*(ਪੰਨਾ ੩੩੫)*

ਸੋ ਇਹ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦਰਜ ਹੈ। ਇਹ ਕੋਈ ਇਤਿਹਾਸਕ ਵਿਦਿਆ ਨਹੀਂ ਹੈ। ਇਹ ਬ੍ਰਹਮ ਵਿਦਿਆ ਦਾ ਅੰਮ੍ਰਿਤਮਈ ਸਾਗਰ ਹੈ।

ਸੋ ਜਿਸ ਮਹਾਂਪੁਰਖ ਦੇ ਅੰਤਸ਼ਕਰਣ ਤੋਂ ਇਹ ਬ੍ਰਹਮ ਵਿਦਿਆ ਪ੍ਰਗਟ ਹੁੰਦੀ ਹੈ। ਉਸ ਦੀ ਦੂਈ ਮਿਟ ਜਾਂਦੀ ਹੈ। ਬੜੀ ਸੁੰਦਰ ਘਟਨਾ ਹੈ ਇਹ ਕਿ ਗੁਰੂ ਨਾਨਕ ਦੇਵ ਜੀ ਜਦੋਂ ਦੂਜੀ ਵਾਰ ਸੈਦਪੁਰ (ਐਮਨਾਬਾਦ) ਭਾਈ ਲਾਲੋ ਕੋਲ ਪੁਹੰਚੇ ਤਾਂ ਭਾਈ ਲਾਲੋ ਜੀ ਨੇ ਗੁਰਦੇਵ ਨੂੰ ਸੁਆਲ ਕੀਤਾ? ਕਿ ਹੇ ਗੁਰਦੇਵ ਪਾਤਸ਼ਾਹ! ਮੈਂ ਸੁਣਿਆ ਹੈ ਕਿ ਤੁਸੀਂ ਸਕੂਲ ਵਿੱਚ ਨਹੀਂ ਪੜ੍ਹੇ। ਤੁਹਾਡੇ ਪਿਤਾ ਨੂੰ ਪਾਂਧੇ ਗੁਪਾਲ ਨੇ ਇਹ ਕਹਿ ਕੇ ਵਾਪਸ ਘਰ ਭੇਜ ਦਿੱਤਾ ਸੀ ਕਿ —

**ਇਸ ਪੜਨੇ ਕੇ ਪਰੋ ਨ ਖਿਆਲੇ॥**
**ਸਭ ਕਰਤਾ ਜੋ ਵਿਦਿਆ ਜਾਲੇ॥** *(ਸ੍ਰੀ ਗੁਰ ਨਾਨਕ ਪ੍ਰਕਾਸ਼)*

ਗੋਪਾਲ ਪਾਂਧੇ ਨੇ ਮਹਿਤਾ ਸਾਹਿਬ ਨੂੰ ਕਹਿ ਦਿੱਤਾ ਕਿ ਮਹਿਤਾ ਜੀ! ਨਾਨਕ ਦੀ ਪੜ੍ਹਾਈ ਦੇ ਖ਼ਿਆਲ ਵਿਚ ਨਾ ਪਵੋ। ਨਾਨਕ ਕੋਲ ਉਹ ਮੂਲ ਵਿਦਿਆ ਹੈ। ਜਿਸ ਵਿਦਿਆ ਨਾਲ ਹਰੇਕ ਤਰ੍ਹਾਂ ਦੀ ਵਿਦਿਆ ਆਪ ਹੀ ਆਉਂਦੀ ਹੈ।

ਦਰਅਸਲ ਹਕੀਕਤ ਇਹ ਹੈ ਕਿ ਕੁਝ ਮਹਾਂਪੁਰਖ ਬ੍ਰਹਮ ਗਿਆਨੀ ਧੁਰੋਂ ਹੀ ਪਵਿੱਤਰ ਸੰਸਕਾਰ ਲੈ ਕੇ ਆਉਂਦੇ ਹਨ। ਜਦੋਂ ਉਹ ਪੂਰਬਲਾ ਪਵਿੱਤਰ ਸੰਸਕਾਰ ਆਪ ਮੁਹਾਰਾ ਹੀ ਉਜਾਗਰ ਹੋ ਉਠਦਾ ਹੈ ਤਾਂ ਉਸ ਪਰਮ ਪਵਿੱਤਰ ਗਿਆਨ ਦੀ ਰੋਸ਼ਨੀ ਵਿੱਚ, ਬ੍ਰਹਮ ਗਿਆਨੀ, ਸੰਸਾਰ ਨੂੰ ਵੇਖਦੇ ਹਨ।

ਇਥੇ ਇਹ ਗੱਲ ਵਿਚਾਰਨਯੋਗ ਹੈ ਕਿ ਕਿਸੇ ਧਰਮ ਦੇ ਬਾਨੀ ਜਾਂ (ਵੱਡੇ ਧਾਰਮਕ ਨੇਤਾ) ਬਾਰੇ ਇਹ ਕਹਿਣ ਦਾ ਰਿਵਾਜ ਜਿਹਾ ਬਣ ਗਿਆ ਹੈ ਕਿ ਉਸ ਨੇ ਕਿਸੇ ਉਸਤਾਦ ਕੋਲੋਂ ਵਿਦਿਆ ਪ੍ਰਾਪਤ ਹੀ ਨਹੀਂ ਕੀਤੀ। ਬਲਕਿ ਜੋ ਉਹ ਜਾਣਦੇ ਸਨ, ਉਹ ਸਭ ਕੁਝ ਸਿੱਧਾ ਪ੍ਰਮਾਤਮਾ ਪਾਸੋਂ ਸਿੱਖ ਕੇ ਆਏ ਸਨ। ਇਹ ਪ੍ਰਚਾਰ ਹਮੇਸ਼ਾ ਉਹ ਲੋਕ ਕਰਦੇ ਹਨ, ਜੋ ਇਸ ਤਰ੍ਹਾਂ ਦੇ ਮਹਾਂਪੁਰਖਾਂ ਤੇ ਅਥਾਹ ਸ਼ਰਧਾ ਰਖਦੇ ਹਨ। ਉਹ ਲੋਕ ਅੰਧੀ ਸ਼ਰਧਾ ਵੱਸ ਇਸ ਤਰ੍ਹਾਂ ਦੇ ਮਹਾਂਪੁਰਖਾਂ ਨੂੰ ਰੱਬ ਹੀ ਬਣਾ ਦੇਂਦੇ ਹਨ।

ਦੂਜੇ ਪਾਸੇ, ਅਥਾਹ ਸ਼ਰਧਾ ਰਖਣ ਵਾਲੇ ਲੋਕਾਂ ਦੀ ਵਿਰੋਧੀ ਧਿਰ ਹੁੰਦੀ ਹੈ। ਵਿਰੋਧੀ ਧਿਰ ਆਪਣੀ ਵਿਰੋਧੀ ਧਿਰ ਨੂੰ ਨਿਵਾਉਣ ਲਈ ਇਸ ਤਰ੍ਹਾਂ ਦੇ ਮਹਾਂਪੁਰਖਾਂ ਨੂੰ ਬਿਲਕੁਲ ਹੀ ਅਨਪੜ੍ਹ ਕਹਿ ਦੇਂਦੀ ਹੈ। ਇਹ ਵੀ

ਇਕ ਵੱਡੀ ਭੁੱਲ ਹੈ। ਇਸ ਤਰ੍ਹਾਂ ਕਹਿਣ ਨਾਲ ਦੋਵੇਂ ਧਿਰਾਂ ਵਿਚ ਮਤਭੇਦ ਪੈਦਾ ਹੁੰਦੇ ਹਨ। ਇਸ ਤਰ੍ਹਾਂ ਦੇ ਮਤ ਭੇਦਾਂ ਕਰਕੇ ਆਪਸੀ ਟਕਰਾਉ ਹੋਣਾ ਕੁਦਰਤੀ ਹੈ। ਟਕਰਾਉ ਵਿਚ ਲੋਕਾਂ ਨੂੰ ਲਾਭ ਘਟ ਤੇ ਨੁਕਸਾਨ ਜ਼ਿਆਦਾ ਹੁੰਦਾ ਹੈ।

ਦਰਅਸਲ ਇਸ ਤਰ੍ਹਾਂ ਦੇ ਮਹਾਨ ਪੁਰਖ ਭਾਵੇਂ ਕਿਸੇ ਵੀ ਮਜ਼੍ਹਬ ਵਿਚ ਪੈਦਾ ਹੋਣ। ਉਨ੍ਹਾਂ ਨੂੰ ਮਤਭੇਦ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਣਾ ਚਾਹੀਦਾ।

ਸਕੂਲਾਂ, ਕਾਲਜਾਂ ਤੇ ਯੂਨੀਵਰਸਟੀਆਂ ਦੀਆਂ ਵੱਡੀਆਂ ਵੱਡੀਆਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਪੜ੍ਹੇ ਲਿਖੇ ਲੋਕ, ਸਾਰੇ ਮਹਾਨ ਪੁਰਖ ਤਾਂ ਨਹੀਂ ਬਣ ਜਾਂਦੇ ਤੇ ਨਾਂਹੀ ਅਨਪੜ੍ਹਤਾ ਕਾਮਯਾਬ ਹੁੰਦੀ ਹੈ।

ਮਹਾਨ ਹਮੇਸ਼ਾਂ ਉਹੀ ਹੁੰਦੇ ਹਨ, ਜਿਨ੍ਹਾਂ ਵਿੱਚ ਆਤਮ ਵਿਸ਼ਵਾਸ ਤੇ ਆਤਮ ਬਲ ਹੁੰਦਾ ਹੈ। ਕੁਦਰਤ ਵੀ ਸਾਥ ਉਨ੍ਹਾਂ ਦਾ ਹੀ ਦੇਂਦੀ ਹੈ, ਜਿਹੜੇ ਆਪਣਾ ਸਾਥ ਆਪ ਦੇਂਦੇ ਹਨ।

ਇਸ ਗੱਲ ਤੋਂ ਬਿਲਕੁਲ ਹੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਰੀ ਕਾਇਨਾਤ ਦੀ ਮੂਲ ਸ਼ਕਤੀ ਇਕ ਹੈ। ਜੇ ਮਨੁੱਖ ਆਪਣੇ ਮੂਲ ਨੂੰ ਪਛਾਣ ਲਵੇ ਤਾਂ ਸਾਰੀ ਦੁਨੀਆ ਉਸ ਅੱਗੇ ਝੁਕਦੀ ਹੈ।

ਸੋ ਗੁਰੂ ਨਾਨਕ ਦੇਵ ਜੀ ਨੇ ਜੋ ਉਪਦੇਸ਼ ਸੰਸਾਰ ਪ੍ਰਤੀ ਕੀਤਾ ਹੈ। ਉਸ ਨਾਲ ਪੜ੍ਹਾਈ ਜਾਂ ਅਨਪੜ੍ਹਤਾ ਨਹੀਂ ਜੋੜੀ ਜਾ ਸਕਦੀ। ਬਲਕਿ ਮਹਾਪੁਰਖ ਹਮੇਸ਼ਾ ਮੂਲ ਜੋਤ ਸਰੂਪ ਨਾਲ ਜੁੜ ਕੇ ਗੱਲ ਕਰਦੇ ਹਨ। ਇਸ ਮੂਲ ਦਾ ਗਿਆਨ ਉਨ੍ਹਾਂ ਨੂੰ ਪੂਰਬਲੇ ਸੰਸਕਾਰਾਂ ਦੁਆਰਾ ਕੁਦਰਤੀ ਅਨੁਭਵ ਹੋ ਉਠਦਾ ਹੈ।

ਇਹ ਹਕੀਕਤ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ ਸਿਰਫ਼ ਛੇ-ਸੱਤ ਸਾਲ ਦੀ ਸੀ ਉਦੋਂ ਗੋਪਾਲ ਪਾਂਧੇ ਕੋਲ ਪਿਤਾ ਮਹਿਤਾ ਕਾਲੂ ਚੰਦ ਜੀ ਨੇ ਪੜ੍ਹਨੇ ਬਿਠਾਇਆ ਸੀ। ਪਾਂਧੇ ਨੇ ਗੁਰਦੇਵ ਨੂੰ ਤਖ਼ਤੀ (ਪੱਟੀ) ਦੇਕੇ ਆਖਿਆ ਸੀ, ਨਾਨਕ! ਇਸ ਪੱਟੀ (ਤਖ਼ਤੀ) ਉੱਪਰ ਸੱਸਾ (ਸ) ਲਿਖੋ? ਤਾਂ ਗੁਰਦੇਵ ਕਹਿਣ ਲਗੇ, ਪਾਂਧਾ ਜੀ! ਸੱਸੇ ਦਾ ਕੀ ਮਤਲਬ ਹੁੰਦਾ ਹੈ? ਤਾਂ ਪਾਂਧਾ ਕਹਿਣ ਲਗਾ ਕਿ ਸੱਸਾ ਇਕ ਅੱਖਰ ਹੈ ਤੇ ਇਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ। ਦੋ ਚਾਰ ਅੱਖਰ ਮਿਲ ਕੇ ਸ਼ਬਦ ਬਣਦਾ ਹੈ ਅਤੇ ਸ਼ਬਦ ਦਾ ਅਰਥ ਹੁੰਦਾ ਹੈ। ਸੱਸਾ ਇੱਕ ਅੱਖਰ ਹੈ। ਇੱਕ ਅੱਖਰ ਦਾ ਕੋਈ

ਅਰਥ ਨਹੀਂ ਹੁੰਦਾ। ਗੁਰਦੇਵ ਕਹਿਣ ਲਗੇ, ਪਾਂਧਾ ਜੀ! ਜੇਕਰ ਇੱਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਹੈ ਕਿ ਸੱਸਾ ਇੱਕ ਅੱਖਰ ਹੈ ਤੇ ਇਸ ਦਾ ਕੋਈ ਅਰਥ ਹੀ ਨਹੀਂ। ਜੇ ਸੱਸਾ ਵਿਅਰਥ ਹੈ, ਤਾਂ ਮੈਂ ਵਿਅਰਥ ਅੱਖਰ ਨਹੀਂ ਪੜ੍ਹਨੇ। ਜਿਨ੍ਹਾਂ ਦਾ ਕੋਈ ਅਰਥ ਹੀ ਨਹੀਂ। ਪਾਂਧਾ ਕਹਿਣ ਲਗਾ, ਨਾਨਕ! ਮੈਂ ਤੇਰੇ ਇਨ੍ਹਾਂ ਸੁਆਲਾਂ ਦਾ ਉੱਤਰ ਨਹੀਂ ਦੇ ਸਕਦਾ। ਮੈਨੂੰ ਤੂੰ ਦੱਸ ਪਈ ਮੈਂ ਇਕ ਅੱਖਰ ਦੇ ਕੀ ਅਰਥ ਕਰਾਂ?

ਗੁਰਦੇਵ ਕਹਿਣ ਲਗੇ, ਪਾਂਧਾ ਜੀ! ਇਕ ਅੱਖਰ ਦਾ ਹੀ ਤਾਂ ਸਾਰਾ ਅਰਥ ਹੈ। ਜੇ ਇਕ ਦਾ ਅਰਥ ਨਾ ਹੋਵੇ ਤਾਂ ਦੂਜੇ ਵੀ ਸਾਰੇ ਵਿਅਰਥ ਹੋਣਗੇ। ਇਕ ਬੀਜ ਹੀ ਅਰਥ ਪੂਰਬਕ ਬੀਜਿਆ ਜਾਂਦਾ ਹੈ ਤੇ ਦੂਜੇ ਬੀਜ ਪੈਦਾ ਹੁੰਦੇ ਹਨ। ਜੇਕਰ ਪੱਥਰਾਂ ਦੇ ਕੰਕਰ ਬੀਜੀਏ ਉਹ ਥੋੜਾ ਪੈਦਾ ਹੁੰਦੇ ਹਨ। ਦਰਅਸਲ ਇਕ ਅੱਖਰ ਹੀ ਸਾਰੀ ਵਿਦਿਆ ਨੂੰ ਜਨਮ ਦੇਂਦਾ ਹੈ।

ਪਾਧਾ ਫਿਰ ਦੁਬਾਰਾ ਪੁੱਛਣ ਲੱਗਾ ਨਾਨਕ! ਫਿਰ ਤੂੰ ਕੀ ਕਹਿਣਾ ਚਾਹੁੰਦਾ ਹੈਂ? ਗੁਰਦੇਵ ਕਹਿਣ ਲੱਗੇ ਪਾਂਧਾ ਜੀ! ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਕਹਿ ਰਹੇ ਹੋ ਕਿ ਜਿਵੇਂ ਤੁਸੀਂ ਇਕ ਪਾਂਧਾ ਹੋ! ਮੈਂ ਪੁੱਛਾਂ ਪਾਂਧਾ ਜੀ! ਤੁਹਾਡਾ ਕੀ ਮਤਲਬ ਹੈ? ਤੁਸੀਂ ਆਖੋ! ਕਿ ਮੈਂ ਤਾਂ ਇਕ ਪਾਂਧਾ ਹਾਂ। ਮੇਰਾ ਤਾਂ ਕੋਈ ਅਰਥ (ਮਤਲਬ) ਹੀ ਨਹੀਂ ਹੈ। ਦੋ ਚਾਰ ਪਾਂਧੇ ਹੋਵਾਂਗੇ ਤਾਂ ਸਾਡਾ ਕੋਈ ਅਰਥ ਹੋਵੇਗਾ।

ਦਰਅਸਲ ਪਾਂਧਾ ਜੀ! ਹਕੀਕਤ ਇਹ ਹੈ ਕਿ ਮੂਲ ਇਕ ਹੈ। ਇਕ ਕਰਤਾਰ ਹੈ। ਦੂਜਾ ਸੰਸਾਰ ਹੈ। ਜੇਕਰ ਕਰਤਾਰ ਨਾ ਹੋਵੇ ਤਾਂ ਸੰਸਾਰ ਵੀ ਨਹੀਂ ਹੋ ਸਕਦਾ। ਕਰਤਾਰ ਇਕ ਹੈ। ਸੰਸਾਰ ਤਾਂ ਦੂਜਾ ਹੈ। ਜੇ ਇਕ ਦਾ ਅਰਥ ਨਾ ਹੋਵੇ ਤਾਂ ਦੂਜਾ ਵੀ ਵਿਅਰਥ ਹੈ। ਯਾਨੀ ਕਰਤਾਰ ਦਾ ਅਰਥ ਨਹੀਂ ਤਾਂ ਸੰਸਾਰ ਵੀ ਵਿਅਰਥ ਹੀ ਹੈ। ਪਾਂਧਾ ਕਹਿਣ ਲੱਗਾ ਨਾਨਕ! ਮੈਂ ਤੇਰੇ ਵਿਚਾਰ ਤੋਂ ਬਹੁਤ ਪ੍ਰਭਾਵਤ ਹਾਂ। ਪਰ ਤੂੰ ਦੱਸ ਕਿ ਸੱਸਾ ਅੱਖਰ ਦਾ ਕੀ ਅਰਥ ਹੈ? ਗੁਰਦੇਵ ਕਹਿਣ ਲਗੇ —

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ**
**ਸਭਨਾ ਸਾਹਿਬੁ ਏਕੁ ਭਇਆ॥**
**ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ**
**ਆਇਆ ਤਿਨ੍ ਕਾ ਸਫਲੁ ਭਇਆ॥੧॥** *(ਪੰਨਾ ੪੩੨)*

ਗੁਰਦੇਵ ਦਾ ਕਹਿਣਾ ਹੈ ਕਿ ਪ੍ਰਮਾਤਮਾ ਸਾਰੇ ਸੰਸਾਰ ਵਿਚ ਰਮਿਆ

ਅਰਥ ਨਹੀਂ ਹੁੰਦਾ। ਗੁਰਦੇਵ ਕਹਿਣ ਲਗੇ, ਪਾਂਧਾ ਜੀ! ਜੇਕਰ ਇੱਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਹੈ ਕਿ ਸੱਸਾ ਇੱਕ ਅੱਖਰ ਹੈ ਤੇ ਇਸ ਦਾ ਕੋਈ ਅਰਥ ਹੀ ਨਹੀਂ। ਜੇ ਸੱਸਾ ਵਿਅਰਥ ਹੈ, ਤਾਂ ਮੈਂ ਵਿਅਰਥ ਅੱਖਰ ਨਹੀਂ ਪੜ੍ਹਨੇ। ਜਿਨ੍ਹਾਂ ਦਾ ਕੋਈ ਅਰਥ ਹੀ ਨਹੀਂ। ਪਾਂਧਾ ਕਹਿਣ ਲਗਾ, ਨਾਨਕ! ਮੈਂ ਤੇਰੇ ਇਨ੍ਹਾਂ ਸੁਆਲਾਂ ਦਾ ਉੱਤਰ ਨਹੀਂ ਦੇ ਸਕਦਾ। ਮੈਨੂੰ ਤੂੰ ਦੱਸ ਪਈ ਮੈਂ ਇਕ ਅੱਖਰ ਦੇ ਕੀ ਅਰਥ ਕਰਾਂ?

ਗੁਰਦੇਵ ਕਹਿਣ ਲਗੇ, ਪਾਂਧਾ ਜੀ! ਇਕ ਅੱਖਰ ਦਾ ਹੀ ਤਾਂ ਸਾਰਾ ਅਰਥ ਹੈ। ਜੇ ਇਕ ਦਾ ਅਰਥ ਨਾ ਹੋਵੇ ਤਾਂ ਦੂਜੇ ਵੀ ਸਾਰੇ ਵਿਅਰਥ ਹੋਣਗੇ। ਇਕ ਬੀਜ ਹੀ ਅਰਥ ਪੂਰਬਕ ਬੀਜਿਆ ਜਾਂਦਾ ਹੈ ਤੇ ਦੂਜੇ ਬੀਜ ਪੈਦਾ ਹੁੰਦੇ ਹਨ। ਜੇਕਰ ਪੱਥਰਾਂ ਦੇ ਕੰਕਰ ਬੀਜੀਏ ਉਹ ਥੋੜਾ ਪੈਦਾ ਹੁੰਦੇ ਹਨ। ਦਰਅਸਲ ਇਕ ਅੱਖਰ ਹੀ ਸਾਰੀ ਵਿਦਿਆ ਨੂੰ ਜਨਮ ਦੇਂਦਾ ਹੈ।

ਪਾਧਾ ਫਿਰ ਦੁਬਾਰਾ ਪੁੱਛਣ ਲੱਗਾ ਨਾਨਕ! ਫਿਰ ਤੂੰ ਕੀ ਕਹਿਣਾ ਚਾਹੁੰਦਾ ਹੈਂ? ਗੁਰਦੇਵ ਕਹਿਣ ਲੱਗੇ ਪਾਂਧਾ ਜੀ! ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਕਹਿ ਰਹੇ ਹੋ ਕਿ ਜਿਵੇਂ ਤੁਸੀਂ ਇਕ ਪਾਂਧਾ ਹੋ! ਮੈਂ ਪੁੱਛਾਂ ਪਾਂਧਾ ਜੀ! ਤੁਹਾਡਾ ਕੀ ਮਤਲਬ ਹੈ? ਤੁਸੀਂ ਆਖੋ! ਕਿ ਮੈਂ ਤਾਂ ਇਕ ਪਾਂਧਾ ਹਾਂ। ਮੇਰਾ ਤਾਂ ਕੋਈ ਅਰਥ (ਮਤਲਬ) ਹੀ ਨਹੀਂ ਹੈ। ਦੋ ਚਾਰ ਪਾਂਧੇ ਹੋਵਾਂਗੇ ਤਾਂ ਸਾਡਾ ਕੋਈ ਅਰਥ ਹੋਵੇਗਾ।

ਦਰਅਸਲ ਪਾਂਧਾ ਜੀ! ਹਕੀਕਤ ਇਹ ਹੈ ਕਿ ਮੂਲ ਇਕ ਹੈ। ਇਕ ਕਰਤਾਰ ਹੈ। ਦੂਜਾ ਸੰਸਾਰ ਹੈ। ਜੇਕਰ ਕਰਤਾਰ ਨਾ ਹੋਵੇ ਤਾਂ ਸੰਸਾਰ ਵੀ ਨਹੀਂ ਹੋ ਸਕਦਾ। ਕਰਤਾਰ ਇਕ ਹੈ। ਸੰਸਾਰ ਤਾਂ ਦੂਜਾ ਹੈ। ਜੇ ਇਕ ਦਾ ਅਰਥ ਨਾ ਹੋਵੇ ਤਾਂ ਦੂਜਾ ਵੀ ਵਿਅਰਥ ਹੈ। ਯਾਨੀ ਕਰਤਾਰ ਦਾ ਅਰਥ ਨਹੀਂ ਤਾਂ ਸੰਸਾਰ ਵੀ ਵਿਅਰਥ ਹੀ ਹੈ। ਪਾਂਧਾ ਕਹਿਣ ਲੱਗਾ ਨਾਨਕ! ਮੈਂ ਤੇਰੇ ਵਿਚਾਰ ਤੋਂ ਬਹੁਤ ਪ੍ਰਭਾਵਤ ਹਾਂ। ਪਰ ਤੂੰ ਦੱਸ ਕਿ ਸੱਸਾ ਅੱਖਰ ਦਾ ਕੀ ਅਰਥ ਹੈ? ਗੁਰਦੇਵ ਕਹਿਣ ਲਗੇ —

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ**
**ਸਭਨਾ ਸਾਹਿਬੁ ਏਕੁ ਭਇਆ॥**
**ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ**
**ਆਇਆ ਤਿਨ੍ ਕਾ ਸਫਲੁ ਭਇਆ॥੧॥** *(ਪੰਨਾ ੪੩੨)*

ਗੁਰਦੇਵ ਦਾ ਕਹਿਣਾ ਹੈ ਕਿ ਪ੍ਰਮਾਤਮਾ ਸਾਰੇ ਸੰਸਾਰ ਵਿਚ ਰਮਿਆ

ਕੁਝ ਕਲਾਮ ਧੁਰੋਂ ਉਤਰੀ। ਅਗੰਮੀ ਗਿਆਨ ਦਾ ਇਲਹਾਮ ਹੋ ਗਿਆ। ਇਹ ਜੋ ਰੱਬੀ ਕਲਾਮ ਦਾ ਇਲਹਾਮ ਹੋਇਆ। ਇਸ ਕਲਾਮ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਕਹਿ ਦਿੱਤਾ ਕਿ ਇਹ ਰੱਬੀ ਕਲਾਮ ਮੇਰਾ ਨਹੀਂ ਹੈ। ਇਹ ਮੈਨੂੰ ਅਲਾਹ ਵਲੋਂ ਨਾਜ਼ੁਲ ਹੋਇਆ ਹੈ। ਦਰਅਸਲ ਜਦੋਂ ਸੁਰਤ, ਸ਼ਬਦ ਵਿਚ ਜੁੜਦੀ ਹੈ ਤਾਂ ਉਦੋਂ, ਆਤਮਾ ਤੇ ਪ੍ਰਮਾਤਮਾ ਇਕ ਮਿਕ ਹੁੰਦੇ ਹਨ। ਇਸ ਅਵਸਥਾ ਵਿਚ ਆ ਕੇ ਅਭਿਆਸੀ ਦਾਵ੍ਹਾ ਨਹੀਂ ਕਰ ਸਕਦਾ ਕਿ ਇਹ ਬਚਨ ਮੇਰੇ ਹਨ।

**ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥**
**ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥**

*(ਪੰਨਾ ੯੦੯)*

ਜਿਹੜੇ-ਜਿਹੜੇ ਮਹਾਪੁਰਖ ਸੱਚ ਸ਼ਬਦ ਵਿਚ ਸਮਾਏ ਹਨ (ਲੀਨ ਹੋਏ ਹਨ)। ਉਨ੍ਹਾਂ ਫਿਰ ਕਿਸੇ ਹੋਰ ਹੀ ਦੇਸ਼ ਦੀ ਗੱਲ ਕੀਤੀ ਹੈ। ਉਨ੍ਹਾਂ ਦੀ ਬੋਲੀ ਫਿਰ ਅਕਾਲ ਪੁਰਖ ਦੀ ਬੋਲੀ ਹੈ। ਉਨ੍ਹਾਂ ਦੇ ਵਲਵਲਿਆਂ ਦਾ ਦੇਸ਼, ਧੰਨ ਦੇਸ਼ ਹੈ। ਉਹ, ਬੁੱਧ, ਮਨ ਤੇ ਗਿਆਨ ਤੋਂ ਪਰ੍ਹੇ ਦਾ ਦੇਸ਼ ਹੈ। ਬੁੱਧੀ ਦੇ ਖੰਭ ਉਸ ਦੇਸ਼ ਦੇ ਮੰਡਲ ਦੀ ਉਡਾਰੀ ਨਹੀਂ ਭਰ ਸਕਦੇ। ਉਥੇ ਅੰਮ੍ਰਿਤ ਵੰਡੀਦਾ ਹੈ। ਅਣਡਿਠਾ ਪਿਆਲਾ ਬੁੱਲ੍ਹਾਂ ਨੂੰ ਲੱਗਦਾ ਹੈ। ਫਿਰ ਖ਼ੁਮਾਰੀ ਚੜ੍ਹਦੀ ਹੈ।

# ਮਨੁੱਖ ਦੀ ਬੁੱਧੀ
# ਅਤੇ
# ਕੁਦਰਤ ਦੀ ਕਲਾ

ਉਸ ਦੁਨੀਆਂ ਦੇ ਮਸਤਾਨਿਆਂ ਨੂੰ, ਦੁਨੀਆਦਾਰ ਲੋਕ ਵਰਜਦੇ ਤੇ ਹੋੜਦੇ ਹਨ। ਪਰ ਉਨ੍ਹਾਂ ਦੀ ਦੁਨੀਆਂ ਬੁੱਧੀ ਤੋਂ ਪਰ੍ਹੇ ਮਸਤਾਂ ਦੀ ਦੁਨੀਆਂ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਉਸ ਵਲਵਲੇ ਦੀ ਦੁਨੀਆਂ ਦਾ ਖ਼ੂਬਸੂਰਤ ਜ਼ਿਕਰ ਕੀਤਾ ਹੈ —

**ਜਿੰਨਾ ਉਚਿਆਈਆਂ ਤੇ ਬੁੱਧੀ ਖੰਭ ਸਾੜ ਥਕੀ,**
**ਬਦੋ ਬਦੀ ਦਿਲ ਉਥੇ ਮਾਰਦਾ ਉਡਾਰੀਆਂ॥**
**ਪਿਆਲੇ ਅਣਡਿੱਠੇ ਨਾਲ ਬੁੱਲ੍ਹ ਲਗ ਜਾਣ ਉਥੇ,**
**ਰਸ ਤੇ ਸਰੂਰ ਆਵੇ ਝੂਮਾਂ ਆਉਣ ਪਿਆਰੀਆਂ॥**
**ਗਿਆਨੀ ਸਾਨੂੰ ਹੋੜਦਾ ਤੇ ਵਹਿਮੀ ਢੋਲਾ ਆਖਦਾ ਏ,**
**ਮਾਰੇ ਗਏ ਜਿਨ੍ਹਾਂ ਲਾਈਆਂ ਬੁਧੋਂ ਪਾਰ ਤਾਰੀਆਂ॥**
**ਬੈਠ ਬੈਠ ਵੇ ਗਿਆਨੀ, ਬੁਧੀ ਮੰਡਲੇ ਦੀ ਕੈਦ ਵਿਚ,**
**ਵਲਵਲੇ ਦੇ ਦੇਸ਼ ਸਾਡੇ, ਲਗ ਗਈਆਂ ਯਾਰੀਆਂ॥**

*(ਵਲਵਲੇ ਦੇ ਦੇਸ਼ ਵਿਚੋਂ)*

ਜਿਸ ਹੱਦ ਤੇ, ਸਾਡੇ ਗਿਆਨ ਦੀ ਅਖ਼ੀਰ ਹੁੰਦੀ ਹੈ। ਉਥੇ ਬ੍ਰਹਮ ਗਿਆਨ ਦੀ ਸ਼ੁਰੂਆਤ ਹੁੰਦੀ ਹੈ। ਜਿਥੇ ਬੰਦੇ ਦੀ ਆਪਣੀ ਬਾਣੀ ਮੁੱਕਦੀ ਹੈ। ਉਥੇ ਰੱਬੀ ਬਾਣੀ ਸ਼ੁਰੂ ਹੁੰਦੀ ਹੈ। ਆਪਣੇ ਇਲਮ ਤੋਂ ਅੱਗੇ ਰੱਬੀ ਇਲਮ ਹੈ। ਡਾ: ਸਰ ਮੁਹੰਮਦ ਇਕਬਾਲ ਦਾ ਕਹਿਣਾ ਹੈ ਕਿ —

**ਇਲਮ ਕੀ ਹੱਦ ਸੇ ਪਰੇ, ਬੰਦਾ ਏ ਮੋਮਨਾ ਕੇ ਲਿਏ॥**
**ਲਜ਼ਤ ਸ਼ੌਕ ਭੀ ਹੈ ਨੇਮਤਿ ਦੀਦਾਰ ਭੀ॥** *(ਇਕਬਾਲ)*

ਇਲਮ ਦੀ ਹੱਦ ਤੋਂ ਪਰ੍ਹੇ, ਬੰਦਾ, ਰੱਬੀ ਬੰਦਾ ਹੈ। ਪ੍ਰਮਾਤਮਾ ਦੀ ਜਾਣਕਾਰੀ ਬੁੱਧੀ ਦੁਆਰਾ ਕੀਤੀ ਜਾ ਸਕਦੀ ਹੈ। ਬੁੱਧੀ ਇਕ ਸਾਧਨ ਹੈ।

ਜਿਵੇਂ ਕਿਸੇ ਮਕਾਨ ਉੱਪਰ ਜਾਣ ਲਈ ਪੌੜੀਆਂ ਸਾਧਨ ਹਨ। ਪੌੜੀ ਮੰਜ਼ਲ ਨਹੀਂ ਹੈ। ਬੁੱਧੀ ਦਾ ਗਿਆਨ ਸਾਧਨ ਹੈ। ਮੰਜ਼ਲ ਨਹੀਂ ਹੈ। ਪ੍ਰਮਾਤਮਾ ਦੀ ਖੋਜ ਤਾਂ ਬੁੱਧੀ ਤੋਂ ਥੱਕ ਗਏ ਇਨਸਾਨ ਦੀ ਖੋਜ ਹੈ। ਡਾ: ਸਰ ਮੁਹੰਮਦ ਇਕਬਾਲ ਦਾ ਕਹਿਣਾ ਹੈ ਕਿ ਜੀਵਨ ਹੋਰ ਤੇ ਗਿਆਨ ਹੋਰ ਹੈ। ਗਿਆਨ (ਇਲਮ) ਨਾਲ ਧਨ ਦੀ ਪਰਾਪਤੀ ਹੁੰਦੀ ਹੈ। ਪਰ ਪ੍ਰਮਾਤਮਾ ਦੀ ਪ੍ਰਾਪਤੀ ਇਲਮ (ਗਿਆਨ) ਤੋਂ ਅੱਗੇ ਲੰਘ ਕੇ ਹੁੰਦੀ ਹੈ। ਵਿਦਿਆ ਨਾਲ ਦੌਲਤ ਪ੍ਰਾਪਤੀ ਹੁੰਦੀ ਹੈ। ਸੰਸਾਰ ਦੀਆਂ ਸਭ ਸ਼ਕਤੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਲਮ (ਗਿਆਨ) ਜੋ ਹੈ ਇਹ ਦਿਮਾਗ਼ ਦੀ ਭੁੱਖ ਹੈ। ਦਿਮਾਗ਼ੀ ਗਿਆਨ ਰਖਣ ਵਾਲੇ ਬੰਦੇ ਬੜੇ ਸ਼ਕਤੀਸ਼ਾਲੀ ਹੁੰਦੇ ਹਨ।

ਅਕਸਰ ਇਕ ਵਕੀਲ ਕੋਲ, ਡਾਕਟਰ ਕੋਲ, ਫ਼ਿਲਾਸਫ਼ਰ ਕੋਲ ਤੇ ਹੋਰ ਵਿਦਵਾਨਾਂ ਕੋਲ ਜੋ ਸ਼ਕਤੀ ਹੈ। ਉਹ ਬੌਧਕ ਸ਼ਕਤੀ ਹੈ। ਬੌਧਕ ਬਲ ਹੈ। ਇਹ ਤਾਕਤ ਇਕ ਸਧਾਰਨ ਤੇ ਅਨਪੜ੍ਹ ਬੰਦੇ ਕੋਲ ਨਹੀਂ ਹੋ ਸਕਦੀ। ਇਸ ਕਰਕੇ ਹੀ ਵਕੀਲ, ਡਾਕਟਰ, ਫ਼ਿਲਾਸਫ਼ਰ ਤੇ ਵਿਦਵਾਨ ਦੀ ਦੁਨੀਆ ਕਦਰ ਕਰਦੀ ਹੈ। ਪਰ ਇਸ ਸਾਰੀ ਸ਼ਕਤੀ ਨਾਲ ਵੀ ਕੋਈ ਸੰਪੂਰਨ ਖ਼ੁਸ਼ੀ ਨਹੀਂ ਪ੍ਰਾਪਤ ਹੁੰਦੀ। ਜ਼ਿੰਦਗੀ ਵਿਚ ਸੰਪੂਰਨ ਖ਼ੁਸ਼ੀ (ਤ੍ਰਿਪਤੀ) ਦਾ ਆਉਣਾ ਹੋਰ ਗੱਲ ਹੈ। ਇਹ ਦਿਮਾਗ਼ੀ ਵਿਸ਼ਾ ਨਹੀਂ ਹੈ। ਆਤਮਕ ਵਿਸ਼ਾ ਹੈ। ਆਤਮਾ ਵਿਚ ਹੀ ਜੀਵਨ ਹੈ। ਆਤਮਗਿਆਨੀ ਹੀ ਸੰਪੂਰਨ ਤ੍ਰਿਪਤ ਹੁੰਦਾ ਹੈ। ਬੌਧਕ ਬਲ ਰੱਖਣ ਵਾਲੇ ਅਕਸਰ ਆਪਣੇ ਗਿਆਨ ਦੇ ਬੋਝ ਹੇਠਾਂ ਦੱਬ ਜਾਂਦੇ ਹਨ। ਹਾਲਾਂ ਕਿ ਗਿਆਨ ਕਰਨਾ ਹੀ ਇਸ ਕਰਕੇ ਹੈ ਕਿ ਅਸੀਂ ਆਤਮ ਗਿਆਨ ਤਕ ਪਹੁੰਚ ਸਕੀਏ। ਇਕਬਾਲ ਫ਼ੁਰਮਾਂਦੇ ਹਨ ਕਿ —

**ਜ਼ਿੰਦਗੀ ਔਰ ਸ਼ੈਅ ਹੈ॥ ਇਲਮ ਹੈ ਔਰ ਸ਼ੈਅ॥**

ਜੀਵਨ ਹੋਰ ਚੀਜ਼ ਹੈ ਅਤੇ ਗਿਆਨ ਦਾ ਆਉਣਾ ਹੋਰ ਗੱਲ ਹੈ।

**ਜ਼ਿੰਦਗੀ ਸੌਂਹਜੇ ਜਿਗਰ ਹੈ॥ ਇਲਮ ਹੈ ਸੌਂਹਜੇ ਦਿਮਾਗ॥**

ਜੀਵਨ ਆਤਮਾ ਦਾ ਸ਼ਿੰਗਾਰ ਹੈ। ਇਹ ਰਸ ਹੈ। ਪਰ ਗਿਆਨ, ਦਿਮਾਗ਼ ਦਾ ਸੁਹੱਪਣ ਹੈ। ਸ਼ਿੰਗਾਰ ਹੈ।

**ਇਲਮ ਮੇਂ ਦੌਲਤ ਭੀ ਹੈ॥ ਕੁਦਰਤ ਭੀ ਹੈ॥ ਲੱਜ਼ਤ ਭੀ ਹੈ॥**

ਬੌਧਿਕ ਗਿਆਨ ਵਿਚ ਧਨ ਵੀ ਹੈ। ਸ਼ਕਤੀ ਵੀ ਹੈ। ਮਾਣ ਪ੍ਰਤਿਸ਼ਠਾ ਵੀ ਹੈ।

**ਮਗਰ ਏਕ ਮੁਸ਼ਕਲ ਹੈ ਕਿ ਹਾਥ ਆਤਾ ਨਹੀਂ ਅਪਨਾ ਸੁਰਾਗ॥**

ਪਰ ਇਕ ਮੁਸ਼ਕਲ ਹੈ ਕਿ ਬੜੀ ਤੇਜ਼ ਬੁੱਧੀ ਰਖਣ ਵਾਲਾ ਬੰਦਾ ਆਪਣੇ ਹੀ ਗਿਆਨ ਵਿਚ ਉਲਝ ਜਾਂਦਾ ਹੈ। ਆਪਣੇ ਮੂਲ ਸਰੂਪ ਨੂੰ ਨਹੀਂ ਪਕੜ ਸਕਦਾ। ਨਿੱਜੀ ਸਰੂਪ ਨੂੰ ਸਮਝਣ ਲਈ ਨਿਰਵਿਚਾਰ ਤੇ ਬੌਧਿਕ ਗਿਆਨ ਤੋਂ ਅੱਗੇ ਲੰਘਣਾ ਪਏਗਾ। ਜਿਵੇਂ ਇਕ ਮਕਾਨ ਦੇ ਉੱਪਰ ਚੜ੍ਹਨਾ ਹੋਵੇ ਤਾਂ ਪੌੜੀ ਤੇ ਚੜ੍ਹਨਾ ਵੀ ਪੈਂਦਾ ਹੈ ਤੇ ਉਤਰਨਾ ਵੀ ਪੈਂਦਾ ਹੈ। ਪੌੜੀ ਤੇ ਪੈਰ ਰਖਣੇ ਵੀ ਹਨ ਤੇ ਪੌੜੀ ਨੂੰ ਛੱਡਣਾ ਵੀ ਹੈ। ਜੇ ਕੋਈ ਕਹੇ ਕਿ ਮੈਂ ਪੌੜੀ ਉੱਪਰ ਚੜ੍ਹਾਂਗਾ ਜ਼ਰੂਰ ਪਰ ਉਤਰਾਂਗਾ ਨਹੀਂ ਤਾਂ ਉਹ ਆਦਮੀ ਮਕਾਨ ਦੇ ਉੱਪਰ ਨਹੀਂ ਚੜ੍ਹ ਸਕੇਗਾ।

ਬੁੱਧੀ ਦੇ ਗਿਆਨ ਨੂੰ ਪੌੜੀ ਬਨਾਉਣਾ ਹੈ। ਗਿਆਨ ਦੇ ਰਾਹੀਂ ਸੱਚ (ਹਕੀਕਤ) ਤਕ ਪਹੁੰਚਣਾ ਹੈ। ਜਦੋਂ ਹਕੀਕਤ (ਸੱਚ) ਦੀ ਪ੍ਰਾਪਤੀ ਹੋ ਜਾਏ ਤਾਂ ਗਿਆਨ ਨੂੰ ਛੱਡਣਾ ਪੈਂਦਾ ਹੈ। ਗਿਆਨ ਪ੍ਰਾਪਤ ਕਰਨਾ ਵੀ ਜ਼ਰੂਰੀ ਹੈ। ਪਰ ਗਿਆਨ ਦਾ ਤਿਆਗ ਕਰਨਾ ਵੀ ਜ਼ਰੂਰੀ ਹੈ। ਗਿਆਨ ਦੀ ਓਨੀ ਦੇਰ ਤਕ ਜ਼ਰੂਰਤ ਹੈ ਜਿੰਨੀ ਦੇਰ ਤਕ ਸਾਰਾ ਚਿੱਤ ਗਿਆਨ ਦੇ ਵਿਚ ਦੀ ਗੁਜਰ ਨਾ ਜਾਏ। ਜਦੋਂ ਸਾਰਾ ਚਿੱਤ ਗਿਆਨ ਦੀ ਅੱਗ ਵਿਚੋਂ ਗੁਜ਼ਰੇਗਾ ਤਾ ਸਾਡਾ ਸਾਰਾ ਚਿੱਤ ਫੁਰਨੇ ਤੇ ਵਿਚਾਰਾਂ ਤੋਂ ਰਹਿਤ ਹੋ ਜਾਏਗਾ। ਫਿਰ ਇਕ ਸਮਾਂ ਆਵੇਗਾ ਜਦੋਂ ਗਿਆਨ ਆਪਣੇ ਆਪ ਛੁਟ ਜਾਏਗਾ। ਨਿਰਵਿਚਾਰ ਚਿੱਤ ਨੂੰ ਹੀ ਨਿਜੀ ਸਰੂਪ (ਮੂਲ ਜੋਤ) ਦਾ ਅਨੁਭਵ ਹੁੰਦਾ ਹੈ। ਇਸ ਅਨੁਭਵ ਤੋਂ ਉਪਰੰਤ ਬੌਧਿਕ ਗਿਆਨ ਦੀ ਕੋਈ ਜ਼ਰੂਰਤ ਨਹੀਂ ਰਹਿੰਦੀ। ਨਿਰ-ਵਿਚਾਰ ਅਵਸਥਾ ਵਿਚ ਹੀ ਮਨ ਸ਼ਾਂਤ ਹੁੰਦਾ ਹੈ। ਉਦੋਂ ਹੀ ਸਤ ਚਿੱਤ ਤੇ ਅਨੰਦ ਦਾ ਪਤਾ ਲੱਗਦਾ ਹੈ।

ਇਸ ਤਰ੍ਹਾਂ ਨਹੀਂ ਸੋਚਣਾ ਪਈ ਜੇਕਰ ਗਿਆਨ ਛੱਡ ਹੀ ਦੇਣਾ ਹੈ ਤਾਂ ਫਿਰ ਗਿਆਨ ਪ੍ਰਾਪਤ ਹੀ ਕਿਉਂ ਕਰਨਾ ਹੈ। ਦਰਅਸਲ ਗਿਆਨ ਇਕ ਪੌੜੀ ਹੈ। ਪੌੜੀ ਮੰਜ਼ਿਲ ਨਹੀਂ ਹੁੰਦੀ। ਜੇਕਰ ਗਿਆਨ ਪ੍ਰਾਪਤ ਹੀ ਨਹੀਂ ਕੀਤਾ ਤਾਂ ਫਿਰ ਸਿਰਫ਼ ਵਿਸ਼ਵਾਸ ਤੇ ਹੀ ਅਟਕਣਾ ਪਾਏਗਾ। ਬਿਨਾ ਗਿਆਨ ਤੋਂ ਵਿਸ਼ਵਾਸ ਕਰਨਾ ਅੰਧ ਵਿਸ਼ਵਾਸ ਹੈ। ਅੰਧਾ ਆਦਮੀ ਸਰੂਪ ਨੂੰ ਕਦੀ ਨਹੀਂ ਪਛਾਣ ਸਕਦਾ। ਜਿਸ ਨੂੰ ਗਿਆਨ ਨਹੀਂ ਹੈ ਉਸ ਨੂੰ ਦੂਸਰੇ ਦੀਆਂ ਦਲੀਲਾਂ ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਗਿਆਨ ਹੀਣ ਅੰਧ ਵਿਸ਼ਵਾਸੀ ਹੁੰਦਾ ਹੈ। ਅੰਧ ਵਿਸ਼ਵਾਸੀ ਦੀ ਆਤਮਕ ਅੱਖ ਨਹੀਂ ਖੁੱਲ੍ਹ

ਸਕਦੀ। ਅੰਧ ਵਿਸ਼ਵਾਸੀ ਦਾ ਹਮੇਸ਼ਾ ਸੋਸ਼ਣ ਹੁੰਦਾ ਹੈ। ਉਸ ਨੂੰ ਭਟਕਾਇਆ ਜਾ ਸਕਦਾ ਹੈ। ਉਹ ਕਦੇ ਵੀ ਸੱਚ ਤਕ ਨਹੀਂ ਪਹੁੰਚ ਸਕਦਾ। ਸੱਚ ਤਕ ਪੁਹੰਚਣ ਲਈ ਗਿਆਨ ਦੀ ਪੌੜੀ ਦੀ ਜ਼ਰੂਰਤ ਹੈ। ਅੰਧ ਵਿਸ਼ਵਾਸ ਦਾ ਮਤਲਬ ਹੈ ਪਈ ਕੋਈ ਕਹਿੰਦਾ ਹੈ ਤੇ ਅਸੀਂ ਮੰਨ ਲੈਂਦੇ ਹਾਂ। ਜਿਵੇਂ ਅੰਧਾ ਆਦਮੀ ਦੂਜੇ ਕੋਲੋਂ ਪੁਛ ਕੇ ਚਲਦਾ ਹੈ। ਗਿਆਨਵਾਨ ਬੰਦਾ ਸੁਣਦਾ ਹੈ ਪਰ ਚਲਦਾ ਵਿਚਾਰ ਕਰਕੇ ਹੈ। ਗਿਆਨਹੀਣ ਵਿਸ਼ਵਾਸ ਦਾ ਮਤਲਬ ਹੈ ਕਿ ਕੋਈ ਦੂਜਾ ਜਾਣਦਾ ਹੈ ਤੇ ਅਸੀਂ ਮੰਨਦੇ ਹਾਂ। ਅੰਧ ਵਿਸ਼ਵਾਸ ਦਾ ਮਤਲਬ ਹੈ ਕਿ ਅੱਖਾਂ ਕਿਸੇ ਹੋਰ ਦੀਆਂ ਹਨ ਤੇ ਵੇਖਦੇ ਅਸੀਂ ਹਾਂ। ਪ੍ਰਕਾਸ਼ ਦੀ ਖ਼ਬਰ ਕਿਸੇ ਹੋਰ ਨੇ ਦਿੱਤੀ ਹੈ। ਸਾਨੂੰ ਨਾ ਤਾਂ ਪ੍ਰਕਾਸ਼ ਦਿੱਸਦਾ ਹੈ ਤੇ ਨਾ ਹੀ ਸਾਡੇ ਨੇਤਰ ਹਨ। ਅਸੀਂ ਸਿਰਫ਼ ਦੂਸਰੇ ਤੇ ਵਿਸ਼ਵਾਸ ਕਰਦੇ ਹਾਂ। ਇਹ ਵਿਸ਼ਵਾਸ ਖ਼ਤਰਨਾਕ ਹੈ। ਜੇਕਰ ਬੰਦਾ ਗਿਆਨ ਉਪਰ ਹੀ ਰੁਕ ਜਾਏ ਤਾਂ ਕਾਮਯਾਬ ਨਹੀਂ ਹੋ ਸਕਦਾ। ਇਕਬਾਲ ਦਾ ਕਹਿਣਾ ਹੈ ਕਿ —

**ਅਹਿਲਿ ਦਾਨਿਸ਼ ਆਮ ਹੈਂ। ਕਾਮਯਾਬ ਹੈ ਅਹਿਲਿ ਯਕੀਂ॥**

ਗਿਆਨ ਦੀ ਪੌੜੀ ਤੇ ਆਮ ਦਾਨਿਸ਼ਵਰ ਪਹੁੰਚ ਜਾਂਦੇ ਹਨ। ਪਰ ਕਾਮਯਾਬ ਨਹੀਂ ਹੁੰਦੇ। ਕਿਉਂਕਿ ਗਿਆਨ ਦੀ ਪੌੜੀ ਤੋਂ ਅਗੇ ਕਦਮ ਰਖਣ ਵਿਚ ਗਿਆਨੀਆਂ ਦਾ ਯਕੀਨ ਨਹੀਂ ਹੈ। ਇਸ ਖ਼ਿਆਲ ਨਾਲ ਮਹਾਨ ਦਾਨਸ਼ਵਰ ਡਾ: ਸਰ ਮੁਹੰਮਦ ਇਕਬਾਲ ਆਪ ਸਹਿਮਤ ਹਨ ਕਿ ਮੈਂ ਇੰਨਾਂ ਆਲਮ ਫ਼ਾਜ਼ਲ ਹਾਂ। ਗਿਆਨੀ ਹਾਂ। ਪਰ ਮੇਰਾ ਦਿਮਾਗ਼ ਦਾ ਕਟੋਰਾ ਅੰਮ੍ਰਿਤ ਤੋਂ ਖ਼ਾਲੀ ਰਹਿ ਗਿਆ ਹੈ।

**ਕਿਆ ਤਾਅਜੁੱਬ ਹੈ, ਕਿ ਖਾਲੀ ਰਹਿ ਗਿਆ ਮੇਰਾ ਅੱਯਾਗ॥**

ਪ੍ਰਮਾਤਮਾ ਬਹੁਤ ਸੂਖਸ਼ਮ ਹੈ। ਇਸ ਕਰਕੇ ਪ੍ਰਮਾਤਮਾ ਨੂੰ ਸਮਝਣ ਲਈ ਬੜੀ ਸੂਖਸ਼ਮ ਵਿਦਿਆ ਚਾਹੀਦੀ ਹੈ। ਅਜੋਕੀ ਵਿਦਿਆ ਸੰਸਾਰ ਨੂੰ ਸਮਝਦੀ ਹੈ। ਕਰਤਾਰ ਨੂੰ ਨਹੀਂ। ਵਿਦਿਆ ਦੀ ਅੱਜ ਘਾਟ ਨਹੀਂ ਹੈ। ਬੜੀਆਂ ਬੜੀਆਂ ਯੂਨੀਵਰਸਟੀਆਂ ਹਨ। ਸਕੂਲ ਹਨ। ਕਾਲਜ ਹਨ। ਬੜੇ ਬੜੇ ਪੜ੍ਹੇ ਲਿਖੇ ਮਨੁੱਖ ਪੈਦਾ ਹੋਏ ਹਨ। ਅੱਜ ਤੋਂ ਕੋਈ 150 ਸਾਲ ਪਿਛੇ ਚਲੇ ਜਾਈਏ ਤਾਂ ਪਤਾ ਲਗਦਾ ਹੈ ਕੋਈ 50 ਮੀਲ ਦੀ ਦੂਰੀ ਤੇ ਕੋਈ ਛੋਟਾ ਜਿਹਾ ਆਸ਼ਰਮ ਹੁੰਦਾ ਸੀ। ਕੋਈ ਰਿਸ਼ੀ ਮੁਨੀ, ਕੋਈ ਸੰਤ ਬੈਠ ਕੇ ਪੰਜ ਚਾਰ ਬੱਚਿਆਂ ਨੂੰ ਪੜ੍ਹਾਉਂਦਾ ਸੀ। ਉਹ ਬੱਚੇ ਵੀ ਸਪੰਨ ਘਰਾਣਿਆਂ ਦੇ ਹੁੰਦੇ ਸਨ। ਆਮ ਬੰਦਾ ਤਾਂ ਆਪਣੇ ਬੱਚੇ ਪੜ੍ਹਾਉਦਾ ਨਹੀਂ ਸੀ। ਗੁਰੂ ਦੱਛਣਾ

ਦੇਣੀ ਪੈਂਦੀ ਸੀ। ਲੰਬਾ ਚੌੜਾ ਸਿਲਸਿਲਾ ਸੀ। ਅਨਪੜ੍ਹਤਾ ਬਹੁਤ ਸੀ। ਵਿਦਿਆ ਨਹੀਂ ਸੀ। ਲੇਕਿਨ ਫਿਰ ਵੀ ਸਿਆਣਪ ਬਹੁਤ ਸੀ। ਜੀਵਨ ਦਾ ਢੰਗ ਬਹੁਤ ਵਧੀਆ ਸੀ। ਸਕੂੰਨ ਸੀ। ਸ਼ਾਂਤੀ ਸੀ। ਸਬਰ, ਸਿਦਕ ਸੀ। ਆਖ਼ਰ ਇਲਮ ਇਸ ਵਾਸਤੇ ਹੀ ਚਾਹੀਦਾ ਹੈ ਪਈ ਬੰਦੇ ਨੂੰ ਸਕੂੰਨ ਮਿਲੇ, ਸਬਰ ਮਿਲੇ। ਸ਼ਾਂਤੀ ਆਵੇ। ਅਜੋਕੀ ਵਿਦਿਆ ਨੇ ਤਾਂ ਬਲਕਿ ਮਨੁੱਖ ਨੂੰ ਜ਼ਿਆਦਾ ਲੋਭੀ ਕੀਤਾ ਹੈ। ਕਰੋਧੀ ਵੀ ਕੀਤਾ ਹੈ। ਇਸ ਵਾਸਤੇ ਹੀ ਅੱਜ ਪੜ੍ਹੇ ਲਿਖੇ ਮੂਰਖਾਂ ਦੀ ਤਾਦਾਦ ਜ਼ਿਆਦਾ ਹੈ। ਗੁਰਬਾਣੀ ਦਾ ਕਥਨ ਹੈ ਕਿ ਮੂਰਖ ਉਹੀ ਹੁੰਦਾ ਹੈ ਜੋ ਲੋਭੀ ਤੇ ਅਹੰਕਾਰੀ ਹੋਵੇ।

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**

ਜਿਥੇ ਲਬ ਹੈ। ਲੋਭ ਹੈ। ਪ੍ਰਬਲ ਵਾਸ਼ਨਾ ਹੈ। ਅਹੰਕਾਰ ਵੀ ਹੈ। ਗੁਰਦੇਵ ਕਹਿੰਦੇ ਹਨ ਕਿ ਉਸ ਨੂੰ ਕਿਸ ਤਰ੍ਹਾਂ ਪੜ੍ਹਿਆ ਆਖੋਗੇ। ਅਨਪੜ੍ਹਤਾ ਆਪਣੇ ਆਪ ਵਿਚ ਅੰਧੇਰਾ ਹੈ। ਵਾਸ਼ਨਾ, ਅਹੰਕਾਰ ਤੇ ਲੋਭ ਵੀ ਇਕ ਅੰਧੇਰਾ ਹੈ। ਜੇਕਰ ਪੜ੍ਹਿਆ ਲਿਖਿਆ ਵੀ ਇਸ ਅੰਧੇਰੇ ਵਿਚ ਜਿਉ ਰਿਹਾ ਹੈ ਤਾਂ ਉਹ ਕਾਹਦਾ ਪੜ੍ਹਿਆ ਹੈ। ਪੜ੍ਹੇ ਲਿਖੇ ਮਨੁੱਖ ਵਿਚ ਤਾਂ ਹਲੀਮੀ ਹੋਵੇਗੀ, ਨਿਮਰਤਾ ਹੋਵੇਗੀ। ਸੀਲ ਸੰਜਮੀ ਹੋਵੇਗਾ। ਜਿਸ ਨੂੰ ਗੁਰਬਾਣੀ ਪੜ੍ਹਿਆ ਮੰਨਦੀ ਹੈ, ਉਹ ਸੰਤੋਖੀ ਤੇ ਦਇਆਲੂ ਹੋਵੇਗਾ। ਜਿਸ ਨੂੰ ਅਸੀਂ ਪੜ੍ਹਿਆ ਲਿਖਿਆ ਮਨੰਦੇ ਹਾਂ ਉਹ ਤਾਂ ਮੂਰਖ ਹੈ।

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**

*(ਪੰਨਾ ੧੪੦)*

ਪ੍ਰਾਚੀਨ ਸਮੇਂ ਵਿਚ ਅਨਪੜ੍ਹ ਸਿਆਣਿਆਂ ਦੀ ਬਹੁਤ ਗਿਣਤੀ ਸੀ। ਅੱਜ ਦੇ ਸਮੇਂ ਵਿਚ ਪੜ੍ਹੇ ਲਿਖੇ ਮੂਰਖਾਂ ਦੀ ਬੜੀ ਗਿਣਤੀ ਹੈ। ਜਿੰਨੀ ਵਿਦਿਆ ਵਧੀ ਹੈ। ਓਨਾ ਹੀ ਅਹੰਕਾਰ ਵਧਿਆ ਹੈ। ਜਿਸ ਇਲਮ ਨੇ ਅਹੰਕਾਰ ਵਧਾਇਆ ਹੈ ਉਹ ਕਾਹਦਾ ਇਲਮ ਹੈ। ਇਕ ਸੂਫ਼ੀ ਪੁਰਸ਼ ਹੋਏ ਹਨ, ਉਸਤਾਦ ਜ਼ੌਕ। ਉਹ ਕਹਿੰਦੇ ਹਨ ਕਿ —

**ਹਮ ਜਾਨਤੇ ਥੇ ਕਿ ਇਲਮ ਸੇ ਕੁਝ ਜਾਨੇਂਗੇ॥**
**ਪਰ ਜਾਨਾ ਤੋ ਯਿਹ ਜਾਨਾ ਕਿ ਨਾ ਜਾਨਾ ਕੁਛ ਭੀ॥** *(ਜ਼ੌਕ)*

ਕਹਿੰਦੇ ਹਨ ਕਿ ਪੜ੍ਹ ਲਿਖ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਮੈਂ ਕੁਛ ਵੀ ਨਹੀਂ ਜਾਣ ਸਕਿਆ। ਪਹਿਲਾਂ ਮੈਨੂੰ ਖ਼ਿਆਲ ਸੀ ਕਿ ਪੜ੍ਹ ਲਿਖ ਕੇ ਮੈਂ ਬਹੁਤ ਕੁਝ ਜਾਣ ਲਵਾਂਗਾ। ਪਰ ਪੜ੍ਹ ਲਿਖ ਕੇ ਮੈਂ ਇਹ

ਜਾਣਿਆ ਹੈ ਕਿ ਮੈਂ ਤਾਂ ਕੁਝ ਵੀ ਨਹੀਂ ਜਾਣਿਆ। ਗਿਆਨ ਦੇ ਸਾਗਰ ਵਿਚੋਂ ਇਕ ਚਮਚ ਪਾਣੀ ਦਾ ਮਿਲਿਆ ਹੈ। ਬੱਸ! ਕੁਝ ਵੀ ਨਹੀਂ ਮਿਲਿਆ।

ਇਕ ਗੱਲ ਜ਼ਰੂਰ ਪੱਕੀ ਹੈ ਕਿ ਬਹੁਤ ਗਿਆਨ ਰੱਖਣ ਵਾਲੇ ਲੋਕ ਬਹੁਤ ਅਗਿਆਨੀ ਹੁੰਦੇ ਹਨ। ਇਸ ਤਰ੍ਹਾਂ ਦੇ ਬੰਦੇ ਬੜੇ ਖ਼ਤਰਨਾਕ ਸਿੱਧ ਹੋ ਸਕਦੇ ਹਨ। ਕਿਉਂਕਿ ਦੁਨੀਆਂ ਵਿੱਚ ਬਹੁਤਾ ਗਿਆਨ ਇਕੱਠਾ ਕਰਨ ਨਾਲੋਂ ਵੱਡਾ ਅਗਿਆਨ ਕੋਈ ਨਹੀਂ ਹੁੰਦਾ। ਜਿਨ੍ਹਾਂ ਨੂੰ ਹਕੀਕਤ ਵਿਚ ਗਿਆਨ ਦਾ ਪਤਾ ਲਗਦਾ ਹੈ। ਉਹ ਕਹਿੰਦੇ ਹਨ ਕਿ ਅਸੀਂ ਕੁਝ ਵੀ ਨਹੀਂ ਜਾਣ ਸਕਦੇ।

ਜਪਾਨ ਵਿੱਚ ਇਕ ਸੰਤ ਹੋਏ ਹਨ। ਜਿਨ੍ਹਾਂ ਦਾ ਨਾਮ ਬੋਕੁਜ ਸੀ। ਬਿਲਕੁਲ ਸਿੱਧਾ ਬੰਦਾ ਸੀ। ਬੋਕੁਜ ਬਾਰੇ ਬੜੇ-ਬੜੇ ਪੜ੍ਹੇ ਲਿਖੇ ਲੋਕਾਂ ਨੂੰ ਭਰਮ ਸੀ ਕਿ ਉਹ ਜੋ ਕੁਝ ਜਾਣਦਾ ਹੈ। ਉਹ ਹੋਰ ਕਿਸੇ ਨੂੰ ਨਹੀਂ ਪਤਾ। ਇਕ ਵਾਰ ਸੰਤ ਬੋਕੁਜ ਨੂੰ ਮਿਲਣ ਵਾਸਤੇ ਇਕ ਯੂਨੀਵਰਸਟੀ ਦਾ ਪ੍ਰੋਫ਼ੈਸਰ ਆਇਆ। ਪੁੱਛਣ ਲਗਾ ਸੰਤ ਜੀ! ਜਿੰਨੀ ਵਿਦਿਆ ਮੈਂ ਪੜ੍ਹੀ ਹੈ। ਉਸ ਨਾਲ ਮੈਂ ਅਨੁਭਵ ਕੀਤਾ ਹੈ ਕਿ ਮੈਂ ਗਿਆਨੀ ਬਹੁਤ ਹਾਂ ਪਰ ਸੱਚ ਕੀ ਹੈ? ਪ੍ਰਮਾਤਮਾ ਕੀ ਹੈ? ਇਹ ਮੈਨੂੰ ਬਿਲਕੁਲ ਨਹੀਂ ਪਤਾ। ਸੰਤ ਬੋਕੁਜ ਕਹਿਣ ਲਗੇ। ਐ ਪ੍ਰੋਫ਼ੈਸਰ! ਬੈਠ ਇਕ ਕੱਪ ਚਾਹ ਦਾ ਪੀਂਦੇ ਹਾਂ। ਉਸ ਪ੍ਰੋਫ਼ੈਸਰ ਨੂੰ ਇਕ ਖ਼ਾਲੀ ਕੱਪ ਪਲੇਟ ਵਿਚ ਰੱਖਕੇ ਦਿੱਤਾ। ਫਿਰ ਉਹ ਸੰਤ ਕੇਤਲੀ ਵਿਚੋਂ, ਉਸ ਕੱਪ ਵਿੱਚ ਚਾਹ ਪਾਉਣ ਲਗੇ। ਕੱਪ ਤਾਂ ਭਰ ਗਿਆ ਪਰ ਉਹ ਸੰਤ ਚਾਹ ਪਾਈ ਹੀ ਗਏ। ਉਸ ਕੱਪ ਵਿਚੋਂ ਚਾਹ ਬਾਹਰ ਗਿਰ ਰਹੀ ਸੀ। ਪਰ ਸੰਤ ਬੋਕੁਜ ਚਾਹ ਪਾਈ ਹੀ ਗਏ। ਉਹ ਪ੍ਰੋਫ਼ੈਸਰ ਬੜੇ ਕ੍ਰੋਧ ਨਾਲ ਕਹਿਣ ਲਗਾ। ਸੰਤ ਜੀ! ਕੀ ਕਰ ਰਹੇ ਹੋ? ਕੱਪ ਤਾਂ ਉਪਰੋਂ ਉੱਛਲ ਰਿਹਾ ਹੈ। ਤੁਸੀਂ ਚਾਹ ਪਾਈ ਜਾ ਰਹੇ ਹੋ।

ਸੰਤ ਬੋਕੁਜ ਕਹਿਣ ਲਗੇ। ਪ੍ਰੋਫ਼ੈਸਰ! ਇਹੀ ਨਕਸ਼ਾ ਆਦਮੀ ਦੀ ਖੋਪੜੀ ਦਾ ਹੈ। ਜਦੋਂ ਦਿਮਾਗ਼ ਦੀ ਖੋਪੜੀ ਬਹੁਤ ਗਿਆਨ ਨਾਲ ਭਰ ਜਾਏ ਤਾਂ ਫਿਰ ਉਹ ਗਿਆਨ ਬਾਹਰ ਉਛਲਣ ਲਗਦਾ ਹੈ। ਵਿਚਾਰ ਇੰਨੇ ਜ਼ਿਆਦਾ ਖੋਪੜੀ ਵਿਚ ਭਰ ਜਾਂਦੇ ਹਨ ਕਿ ਆਦਮੀ ਉਹ ਸੰਭਾਲ ਨਹੀਂ ਸਕਦਾ। ਕਈਆਂ ਦੀ ਤਾਂ ਪਾਗ਼ਲ ਹੋਣ ਦੀ ਅਵਸਥਾ ਕਰੀਬ ਆ ਜਾਂਦੀ ਹੈ। ਦਰਅਸਲ ਆਦਮੀ ਪਾਗ਼ਲ ਕਦੋਂ ਹੁੰਦਾ ਹੈ? ਜਦੋਂ ਉਸਦੇ ਵਿਚਾਰ ਆਪਣੇ ਆਪ ਬਾਹਰ ਗਿਰਨ ਲਗ ਜਾਣ। ਰਸਤੇ ਉੱਪਰ ਜਾਂਦਾ ਹੋਇਆ

ਹੀ ਬੋਲਣ ਲਗ ਜਾਂਦਾ ਹੈ। ਜੋ ਨਹੀਂ ਸੁਣਨਾ ਚਾਹੁੰਦਾ ਉਸ ਨੂੰ ਵੀ ਪਕੜ ਕੇ ਸੁਨਾਉਣ ਲਗਦਾ ਹੈ। ਕਈ ਵਾਰ ਰਾਤ ਸੁੱਤਾ ਪਿਆ ਹੀ ਬੋਲਣ ਲਗਦਾ ਹੈ। ਇਕੱਲਾ ਬੈਠਦਾ ਹੈ, ਤਾਂ ਵੀ ਬੋਲਦਾ ਰਹਿੰਦਾ ਹੈ। ਦਰਅਸਲ ਗਿਆਨ ਏਨਾ ਭਰ ਜਾਂਦਾ ਹੈ ਕਿ ਬਾਹਰ ਝੜਨ ਲਗਦਾ ਹੈ। ਇਸ ਹਾਲਤ ਵਿਚ ਕਹਿਣਾ ਪੈਂਦਾ ਹੈ ਕਿ ਆਦਮੀ ਪਾਗ਼ਲ ਹੋ ਗਿਆ ਹੈ। ਇਸ ਤਰ੍ਹਾਂ ਦੇ ਥੋੜੇ ਥੋੜੇ ਪਾਗ਼ਲ ਇਸ ਸੰਸਾਰ ਵਿਚ ਬਹੁਤ ਮਿਲ ਜਾਂਦੇ ਹਨ। ਕਿਉਂਕਿ ਆਦਮੀ ਦੇ ਇਕੱਲੇ ਬੈਠਣ ਨਾਲ ਵੀ ਦਿਮਾਗ਼ ਵਿੱਚ ਵਿਚਾਰ ਚਲਦੀ ਹੀ ਰਹਿੰਦੀ ਹੈ। ਦਿਮਾਗ਼ ਨੂੰ ਵਿਚਾਰਾਂ ਤੋਂ ਖ਼ਾਲੀ ਕੀਤੇ ਤੋਂ ਬਿਨਾ ਅਸੀਂ ਉਸ ਹਕੀਕਤ ਨੂੰ ਨਹੀਂ ਜਾਣ ਸਕਦੇ ਜੋ ਅਸਲ ਵਿੱਚ ਸੱਚ ਹੈ।

ਇਕ ਮਕਾਨ ਵਿੱਚ ਇੰਨਾ ਜ਼ਿਆਦਾ ਸਮਾਨ ਭਰਿਆ ਹੋਇਆ ਹੋਵੇ ਕਿ ਅਸੀਂ ਉਸ ਵਿੱਚ ਬੈਠਣਾ ਤੇ ਇਕ ਪਾਸੇ ਰਿਹਾ, ਲੰਘ ਵੀ ਨਾ ਸਕੀਏ। ਉਸ ਵਿੱਚ ਜਾਣ ਲਈ ਸਾਨੂੰ ਸਮਾਨ ਬਾਹਰ ਹੀ ਕੱਢਣਾ ਪਏਗਾ। ਨਹੀਂ ਤਾਂ ਉਹ ਸਮਾਨ ਹੀ ਸਾਡੇ ਦੁਖ ਦਾ ਕਾਰਨ ਬਣਿਆ ਰਹੇਗਾ। ਜਦੋਂ ਅਸੀਂ ਸਾਰਾ ਸਮਾਨ ਵੀ ਬਾਹਰ ਕੱਢ ਕੇ ਰੱਖ ਦਈਏ। ਤਾਂ ਵੀ ਬਾਕੀ ਕੁਝ ਬਚਿਆ ਰਹਿੰਦਾ ਹੈ। ਉਹ ਜੋ ਖ਼ਾਲੀ ਮਕਾਨ ਪਿਛੇ ਬਚਿਆ ਰਹਿੰਦਾ ਹੈ। ਦਰਅਸਲ ਉਹੀ ਅਸਲੀ ਮਕਾਨ ਹੈ।

ਫਿਰ ਅਸੀਂ ਉਸ ਖ਼ਾਲੀ ਮਕਾਨ ਵਿਚ ਸਮਾਨ ਭਰਦੇ ਜਾਈਏ। ਇੰਨਾ ਸਮਾਨ ਭਰ ਦੇਈਏ ਕਿ ਫਿਰ ਅੰਦਰ ਜਾਣਾ ਮੁਸ਼ਕਲ ਹੋ ਜਾਏ।

ਸਾਡੇ ਦਿਮਾਗ਼ ਦੀ ਖੋਪੜੀ ਇਕ ਮਕਾਨ ਦੀ ਤਰ੍ਹਾਂ ਹੈ। ਜਿਸ ਵਿੱਚ ਅਸੀਂ ਅਨੇਕਾਂ ਤਰ੍ਹਾਂ ਦਾ ਗਿਆਨ ਇਕੱਠਾ ਕਰਦੇ ਹਾਂ। ਫਿਰ ਇਹੀ ਗਿਆਨ ਸਾਡੇ ਵਾਸਤੇ ਬੋਝ ਸਾਬਤ ਹੁੰਦਾ ਹੈ।

ਯੂਨਾਨ ਦੇ ਪ੍ਰਸਿਧ ਦਾਰਸ਼ਨਿਕ ਸੰਤ ਹੋਏ ਹਨ; ਸੁਕਰਾਤ। ਸੁਕਰਾਤ ਆਪਣੇ ਬਾਰੇ ਵਿਚ ਲਿਖਦੇ ਹਨ ਕਿ ਜਦੋਂ ਮੈਂ ਬੱਚਾ ਸੀ ਤਾਂ ਮੈਂ ਬੱਚਿਆਂ ਵਿਚ ਬੈਠ ਕੇ ਦਾਵ੍ਹਾ ਕਰਦਾ ਸੀ ਕਿ ਮੈਂ ਸਭ ਕੁਝ ਜਾਣਦਾ ਹਾਂ। ਧਰਮ, ਕਲਾ, ਸਮਾਜ, ਗਿਆਨ, ਵਿਗਿਆਨ, ਮੈਨੂੰ ਸਭ ਪਤਾ ਹੈ। ਸਭ ਜਾਣਦਾ ਹਾਂ। ਇਹ ਮੇਰਾ ਦਾਵ੍ਹਾ ਸੀ। ਸੁਕਰਾਤ ਕਹਿੰਦੇ ਹਨ ਕਿ ਜਦੋਂ ਮੈਂ ਜੁਆਨ ਹੋਇਆ ਤਾਂ ਜੁਆਨਾਂ ਦੀ ਮਹਿਫ਼ਲ ਵਿਚ ਬੈਠ ਕੇ ਮੈਨੂੰ ਕਹਿਣਾ ਪਿਆ ਕਿ ਕੁਝ ਉਹ ਵੀ ਹੈ ਜੋ ਮੈਂ ਨਹੀਂ ਜਾਣਦਾ। ਜੋ ਮੇਰੀ ਸਮਝ ਤੋਂ ਪਰ੍ਹੇ ਹੈ। ਅਗੇ ਸੁਕਰਾਤ ਲਿਖਦੇ ਹਨ ਕਿ ਅੱਜ ਜਦੋਂ ਮੈਂ ਬੁੱਢਾ ਹੋ ਗਿਆ ਹਾਂ।

ਬਜ਼ੁਰਗਾਂ ਦੀ ਮਹਿਫ਼ਲ ਵਿਚ ਬੈਠ ਕੇ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਕੁਝ ਵੀ ਨਹੀਂ ਜਾਣਿਆ। ਮੈਨੂੰ ਕੁਝ ਵੀ ਨਹੀਂ ਪਤਾ। ਏਨਾ ਮਹਾਨ ਦਾਰਸ਼ਨਿਕ ਤੇ ਗਿਆਨੀ, ਵਿਗਿਆਨੀ ਕਹਿੰਦਾ ਹੈ ਕਿ ਮੈਂ ਕੁਝ ਵੀ ਨਹੀਂ ਜਾਣਦਾ। ਸਾਗਰ ਵਿਚੋਂ ਸਿਰਫ਼ ਇਕ ਚਮਚ ਵੀ ਪਾਣੀ ਮੇਰੇ ਕੋਲ ਨਹੀਂ। ਅਜੇ ਇੰਨਾ ਗਿਆਨ ਪਿਆ ਹੋਇਆ ਹੈ। ਪਰ ਇਹ ਜੀਵਨ ਬੜਾ ਛੋਟਾ ਹੈ। ਜੀਵਨ ਕੁਛ ਵੀ ਨਹੀਂ ਹੈ।

ਰਾਵਿੰਦਰ ਨਾਥ ਟੈਗੋਰ ਜਦੋਂ ਆਖ਼ਰੀ ਸਮੇਂ ਤੇ ਸੁਆਸ ਛੱਡਣ ਲਗੇ ਤਾਂ ਆਖ਼ਰੀ ਦਮ ਤੇ ਕੋਲ ਇਕ ਮਿੱਤਰ ਬੈਠਾ ਹੋਇਆ ਸੀ। ਉਸ ਮਿੱਤਰ ਨੇ ਟੈਗੋਰ ਤੋਂ ਪੁੱਛਿਆ। ਠਾਕੁਰ ਜੀ! ਤੁਸੀਂ ਤਾਂ ਇਸ ਸੰਸਾਰ ਤੋਂ ਪ੍ਰਸੰਨ ਚਿੱਤ ਜਾ ਰਹੇ ਹੋਵੋਗੇ। ਤੁਸੀਂ ਤਾਂ ਛੇ ਹਜ਼ਾਰ ਗੀਤ ਲਿਖੇ ਹਨ। ਜੋ ਕੁਝ ਵਲਵਲੇ ਕਹਿਣੇ ਸਨ ਕਹਿ ਲਏ ਹੋਣਗੇ। ਜੋ ਗਾਉਣਾ ਸੀ। ਜੋ ਵਜਾਉਣਾ ਸੀ, ਵਜਾ ਲਿਆ ਹੋਵੇਗਾ। ਕਹਿੰਦੇ ਹਨ ਕਿ ਟੈਗੋਰ ਦੀਆਂ ਅੱਖਾਂ ਭਰ ਆਈਆਂ। ਹਉਕਾ ਨਿਕਲ ਗਿਆ। ਕੋਲ ਬੈਠੇ ਮਿੱਤਰ ਨੂੰ ਵੀ ਹੈਰਾਨਗੀ ਹੋਈ ਤੇ ਪੁੱਛਣ ਲਗਾ। ਠਾਕੁਰ ਜੀ! ਤੁਹਾਡੀਆਂ ਅੱਖਾਂ ਵਿਚ ਹੰਝੂ? ਆਖ਼ਰੀ ਸਮੇਂ ਤੁਸੀਂ ਵੀ ਹਉਕੇ ਭਰਦੇ ਪਏ ਹੋ?

ਟੈਗੋਰ ਕਹਿਣ ਲਗੇ! ਮਿੱਤਰਾ! ਤੂੰ ਬੜੀ ਝੂਠ ਜਿਹੀ ਗੱਲ ਆਖੀ ਹੈ। ਉਸ ਤੋਂ ਮੈਨੂੰ ਚੋਟ ਲਗੀ ਹੈ। ਤੂੰ ਇਹ ਆਖਿਆ ਹੈ ਪਈ ਜੋ ਗਾਉਣਾ ਸੀ ਗਾ ਲਿਆ ਹੈ। ਜੋ ਵਜਾਉਣਾ ਸੀ ਵਜਾ ਲਿਆ ਹੈ। ਨਹੀਂ! ਇਹ ਗੱਲ ਨਹੀਂ! ਮੈਂ ਤਾਂ ਸਾਜ ਸੁਰ ਕਰ ਰਿਹਾ ਸੀ। ਅਜੇ ਤਾਂ ਸਾਜ ਹੀ ਸੁਰ ਵਿਚ ਹੋਇਆ ਸੀ। ਜਦ ਸਾਜ ਸੁਰ ਵਿਚ ਹੋਇਆ ਹੈ ਤਾਂ ਜ਼ਿੰਦਗੀ ਹੀ ਨਹੀਂ ਹੈ। ਵਜਾਉਣ ਦਾ ਸਮਾਂ ਤਾਂ ਹੁਣ ਆਇਆ ਸੀ। ਲੋਕਾਂ ਦੇ ਕੰਨਾਂ ਵਿਚ ਜੋ ਆਵਾਜ਼ ਪਈ ਹੈ, ਉਹ ਸਿਰਫ਼ ਉਹੀ ਅਵਾਜ਼ ਹੈ ਜੋ ਮੈਂ ਸਾਜ ਸੁਰ ਵਿਚ ਕਰਦਾ ਰਿਹਾ ਹਾਂ। ਮੈਂ ਤਾਂ ਅਜੇ ਕੁਝ ਵੀ ਗਾਇਆ ਨਹੀਂ, ਵਜਾਇਆ ਨਹੀਂ। ਇਹ ਜਦੋਂ ਵਾਜਾ ਜਾਂ ਤਬਲਾ ਸੁਰ ਵਿਚ ਕਰਨਾ ਹੋਵੇ ਤਾਂ ਕੁਝ ਠੱਕ ਠੱਕ ਕਰਨੀ ਪੈਂਦੀ ਹੈ। ਬੱਸ ਇਹ ਜੋ ਛੇ ਹਜ਼ਾਰ ਗੀਤ ਹਨ ਇਹ ਤਾਂ ਸਿਰਫ਼ ਠੱਕ ਠੱਕ ਦੀ ਹੀ ਅਵਾਜ਼ ਹੈ। ਸੁਰ ਵਿਚ ਜੀਵਨ ਹੁਣ ਹੋਇਆ ਹੈ। ਕਮਾਲ ਹੈ ਛੇ ਹਜ਼ਾਰ ਗੀਤਾਂ ਦਾ ਲਿਖਾਰੀ ਕਹਿੰਦਾ ਹੈ ਕਿ ਮੈਂ ਤਾਂ ਕੁਝ ਕਹਿ ਹੀ ਨਹੀਂ ਸਕਿਆ। ਮੈਂ ਤਾਂ ਗਾਉਣ ਦੀ ਤਿਆਰੀ ਕਰ ਰਿਹਾ ਸੀ। ਸਾਜਾਂ ਨੂੰ ਸੁਰ ਵਿਚ ਕਰ ਰਿਹਾ ਸੀ। ਲੋਕਾਂ ਨੂੰ ਜੋ ਅਵਾਜ਼ ਸੁਣਾਈ ਦਿੱਤੀ ਹੈ, ਉਹ

ਉਹੀ ਹੈ ਜੋ ਸਾਜ ਨੂੰ ਸੁਰ ਕਰਨ ਲਗਿਆਂ ਨਿਕਲਦੀ ਹੈ। ਸਿਤਾਰ ਨੂੰ ਸੁਰ ਕਰਨਾ ਹੋਵੇ ਤਾਂ ਕੁਝ ਤਾਰਾਂ ਛੇੜਨੀਆਂ ਪੈਂਦੀਆਂ ਹਨ। ਜੋੜੀ ਤਬਲੇ ਨੂੰ ਸੁਰ ਕਰਨਾ ਹੋਵੇ ਤਾਂ ਕੁਝ ਠੱਕ ਠੱਕ ਦੀ ਅਵਾਜ਼ ਕਰਨੀ ਪੈਂਦੀ ਹੈ। ਦਰਅਸਲ ਵਿਦਿਆ ਰਾਹੀਂ ਜਦੋਂ ਬ੍ਰਹਮ ਵਿਦਿਆ ਦੇ ਸਾਗਰ ਵਿਚ ਬੰਦਾ ਪ੍ਰਵੇਸ਼ ਕਰਦਾ ਹੈ ਤਾਂ ਕਹਿੰਦਾ ਹੈ ਕਿ —

**ਬਹੁਤਾ ਕਹੀਐ ਬਹੁਤਾ ਹੋਇ॥** *(ਪੰਨਾ ੫)*

ਹੇ ਪ੍ਰਭੂ! ਤੂੰ ਤਾਂ ਬਹੁਤ ਵੱਡਾ ਤੇ ਸੂਖਸ਼ਮ ਹੈ। ਤੇਰੀ ਗੱਲ ਤਾਂ ਕਿਤੇ ਮੁਕਦੀ ਹੀ ਨਹੀਂ। ਦਰਅਸਲ ਇਹ ਸੂਖਸ਼ਮ ਬੁੱਧੀ ਦੀ ਗੱਲ ਹੈ।

ਪਰ ਮੋਟੀ ਅਕਲ ਦਾ ਬੰਦਾ ਕਹਿੰਦਾ ਹੈ ਕਿ ਮੈਨੂੰ ਸਭ ਕੁਝ ਪਤਾ ਹੈ। ਮੈਂ ਜਾਣਦਾ ਹਾਂ। ਪਰ ਅਸੀਂ ਰੇਤ ਦੇ ਇਕ ਜ਼ੱਰੇ ਬਾਰੇ ਵੀ ਨਹੀਂ ਜਾਣ ਸਕਦੇ।

# ਮਨੁੱਖ ਦੀ ਵਿਦਿਆ ਅਤੇ ਕੁਦਰਤ ਦੀ ਕਲਾ

ਸਿੱਖੀ ਦਾ ਜਨਮ ਇਥੋਂ ਹੁੰਦਾ ਹੈ ਕਿ ਮੈਂ ਸਿੱਖਣ ਨੂੰ ਰਾਜ਼ੀ ਹਾਂ। ਮੈਂ ਕੁਝ ਨਹੀਂ ਜਾਣਦਾ। ਸਿੱਖ ਹਾਂ। ਸਿੱਖਣ ਨੂੰ ਤਿਆਰ ਹਾਂ। ਜਿੰਨੀ ਨਿਰਮਾਣਤਾ ਹੋਵੇਗੀ, ਓਨੀ ਹੀ ਗੱਲ ਬਣੇਗੀ। ਜੇ ਹੰਕਾਰ ਹੈ ਤਾਂ ਨਹੀਂ ਬਣੇਗੀ। ਜੇ ਬੜੀਆਂ ਬੜੀਆਂ ਡਿਗਰੀਆਂ ਵੀ ਲੈਕੇ ਡਿਗਰੀ ਦਾ ਹੰਕਾਰ ਹੈ ਤਾਂ ਇਹ ਵਿਦਿਆ ਨਹੀਂ ਹੈ।

**ਪੜ੍ਹਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**

*(ਪੰਨਾ ੧੪੦)*

ਅੱਜ ਦੀ ਵਿਦਿਆ ਨੇ ਮਨੁੱਖੀ ਅਕਲ ਨੂੰ ਬਾਰੀਕ ਬਣਾਇਆ ਹੈ।

**ਅਕਲ ਬਰੀਕ ਹੁਈ ਜਾਤੀ ਹੈ। ਰੂਹ ਤਾਰੀਕ ਹੁਈ ਜਾਤੀ ਹੈ।**

ਮੋਟੀ ਅਕਲ ਕੀ ਹੈ? ਮੋਟੀਆਂ ਗੱਲਾਂ ਦਾ ਚਿੰਤਨ ਸਦਾ ਹੀ ਅੰਦਰ ਚਲਦਾ ਰਹੇ, ਯਾਦ ਚਲਦੀ ਰਹੇ ਤਾਂ ਅਕਲ ਮੋਟੀ ਹੋ ਜਾਂਦੀ ਹੈ। ਬਾਰੀਕੀ ਦਾ ਗਿਆਨ ਚਲਦਾ ਰਹੇ ਤਾਂ ਅਕਲ ਬਾਰੀਕ ਹੁੰਦੀ ਹੈ। ਪ੍ਰਮਾਤਮਾ ਤੋਂ ਜ਼ਿਆਦਾ ਹੋਰ ਕੁਝ ਬਾਰੀਕ ਨਹੀਂ। ਸੰਸਾਰ ਤੋਂ ਜ਼ਿਆਦਾ ਹੋਰ ਕੁਛ ਮੋਟਾ ਨਹੀਂ। ਪਦਾਰਥ ਦਾ ਚਿੰਤਨ ਸਿਰਫ਼ ਮੋਟੀ ਅਕਲ ਹੀ ਕਰਦੀ ਹੈ। ਪ੍ਰਮਾਤਮਾ ਦਾ ਚਿੰਤਨ ਬਾਰੀਕ ਅਕਲ ਨਾਲ ਹੁੰਦਾ ਹੈ।

ਸਰੀਰ ਵਿਚ ਦਿਮਾਗ਼ ਦੀ ਆਪਣੀ ਖ਼ਾਸ ਥਾਂ ਹੈ। ਦਿਮਾਗ਼ ਇਕ ਆਂਤ੍ਰਿਕ ਸ਼ਕਤੀ ਹੈ, ਜਿਸ ਨਾਲ ਜੀਵਨ ਨੂੰ ਸੇਧ ਦੇਣ ਵਿਚ ਮਦਦ ਮਿਲਦੀ ਹੈ। ਅੰਧਾ ਬੰਦਾ ਜਾਣ ਲਗਿਆਂ ਥਾਂ ਥਾਂ ਠੋਕਰਾਂ ਖਾਵੇਗਾ। ਕਈਆਂ ਦਾ ਤਾਂ ਦਿਮਾਗ਼ ਕੰਮ ਹੀ ਨਹੀਂ ਕਰਦਾ। ਪਰ ਕਈ ਆਪਣੇ ਦਿਮਾਗ਼ ਤੋਂ ਕੰਮ ਲੈਂਦੇ ਹੀ ਨਹੀਂ। ਜਿਸ ਦਾ ਦਿਮਾਗ਼ ਕੰਮ ਨਾ ਕਰੇ ਉਹ ਤਾਂ ਪਾਗ਼ਲ ਹੈ। ਪਰ ਜੋ ਦਿਮਾਗ਼ ਤੋਂ ਕੰਮ ਹੀ ਨਾ ਲਵੇ ਉਹ ਵੀ ਪਾਗ਼ਲਾਂ ਵਰਗਾ ਹੈ। ਇਸ ਤਰ੍ਹਾਂ ਦੇ ਪਾਗ਼ਲਾਂ ਦੀ ਤਾਦਾਦ ਘਟ ਹੈ, ਜਿਨ੍ਹਾਂ ਦਾ ਦਿਮਾਗ਼ ਕੰਮ

ਨਹੀਂ ਕਰਦਾ। ਪਰ ਇਸ ਤਰ੍ਹਾਂ ਦੇ ਪਾਗ਼ਲਾਂ ਨਾਲ ਦੁਨੀਆਂ ਭਰੀ ਪਈ ਹੈ ਜੋ ਦਿਮਾਗ਼ ਤੋਂ ਕੰਮ ਲੈਂਦੇ ਹੀ ਨਹੀਂ।

ਦਿਮਾਗੀ ਤਲ ਤੇ ਜਿਊਣ ਵਾਲਿਆਂ ਨੂੰ ਬੁੱਧੀਜੀਵ ਕਿਹਾ ਜਾ ਸਕਦਾ ਹੈ। ਦਿਮਾਗ ਦੀ ਵਰਤੋਂ ਜਿਸ ਦਿਸ਼ਾ ਵਿਚ ਵੀ ਕਰੀਏ, ਦਿਮਾਗ਼ ਦੀ ਜਾਣਕਾਰੀ ਉਸੇ ਦਿਸ਼ਾ ਵਿਚ ਵਧ ਜਾਂਦੀ ਹੈ। ਦਿਮਾਗ਼ ਦੀ ਭਾਵੇਂ ਸੀਮਾਂ ਹੈ (ਹੱਦ ਹੈ) ਪਰ ਫਿਰ ਵੀ ਅਨਹਦ ਦਾ ਗਿਆਨ ਪ੍ਰਾਪਤ ਕਰਨ ਦੀ ਸਮਰਥਾ ਦਿਮਾਗ਼ ਵਿਚ ਹੈ। ਕਿਸੇ ਇਕ ਮੁੱਦੇ ਤੇ ਦਿਮਾਗ ਨੂੰ ਤੋਰੀਏ ਤਾਂ ਉਸ ਮੁੱਦੇ ਦੀ ਜਾਣਕਾਰੀ ਵਧਦੀ ਹੀ ਜਾਂਦੀ ਹੈ। ਬੁੱਧੀਮਾਨ ਲੋਕਾਂ ਨੇ ਸੰਸਾਰ ਦੇ ਬਹੁਤ ਡੂੰਘੇ ਰਾਜ਼ ਜਗਤ ਦੇ ਸਾਹਮਣੇ ਰੱਖੇ ਹਨ। ਸੰਸਾਰ ਦੇ ਕਈ ਰੂਪਾਂ ਵਿਚ ਕਾਮਯਾਬੀ ਹਾਸਲ ਕੀਤੀ ਹੈ ਅਤੇ ਸੰਸਾਰ ਨੂੰ ਕਈ ਤਰ੍ਹਾਂ ਦੇ ਸੁਖ ਪ੍ਰਾਪਤ ਹੋਏ ਹਨ।

ਜਿਸ ਦਿਸ਼ਾ ਦਾ ਪੂਰਨ ਬੋਧ ਪ੍ਰਾਪਤ ਹੋ ਜਾਂਦਾ ਹੈ, ਉਸ ਵਿਚੋਂ ਰਹੱਸ ਮੁੱਕ ਜਾਂਦਾ ਹੈ। ਰਹੱਸ ਦੇ ਮੁਕਦਿਆਂ ਹੀ ਹੋਰ ਖੋਜ ਦੀ ਭੁਖ ਵੀ ਮਰ ਜਾਂਦੀ ਹੈ। ਬੁੱਧੀ ਵਿਚ ਰਹੱਸ ਨਹੀਂ ਹੈ। ਬੁੱਧੀ ਵਿਸਮਾਦ ਰਹਿਤ ਜੀਵਨ ਬਤੀਤ ਕਰਦੀ ਹੈ।

ਅੱਜ ਦੇ ਜ਼ਮਾਨੇ ਵਿਚ ਜਿੰਨੇ ਬੌਧਕ ਵਿਕਾਸ ਦੇ ਸਾਧਨ ਉਪਲਬਧ ਹਨ, ਇੰਨੇ ਪਹਿਲਾਂ ਕਦੀ ਵੀ ਉਪਲਬਧ ਨਹੀਂ ਹੋ ਸਕੇ। ਕੋਈ ਸੌ ਜਾਂ ਪੰਜਾਹ ਮੀਲ ਦੀ ਦੂਰੀ ਤੇ ਕਿਸੇ ਇਕ ਸੰਤ ਮਹਾਤਮਾ ਦਾ ਆਸ਼ਰਮ ਹੁੰਦਾ ਸੀ। ਉਸ ਵਿਚ ਸਿਰਫ਼ ਸਪੰਨ ਘਰਾਣਿਆਂ ਦੇ ਬੱਚੇ ਹੀ ਵਿਦਿਆ ਹਾਸਲ ਕਰਦੇ ਸਨ। ਸਿਰਫ਼ ਇਕ ਫ਼ੀਸਦੀ ਮਨੁੱਖ ਪੜ੍ਹਿਆ ਲਿਖਿਆ ਮਿਲਦਾ ਸੀ। ਇਸ ਦਸ਼ਾ ਨੂੰ ਇਹ ਛੋਟੀ ਕਹਾਣੀ ਬੜੀ ਖ਼ੂਬਸੂਰਤੀ ਨਾਲ ਰੂਪਮਾਨ ਕਰਦੀ ਹੈ। ਇਕ ਦਿਨ ਇਕ ਆਦਮੀ ਆਪਣੇ ਹੱਥ ਵਿਚ ਕਲਮ ਦਵਾਤ ਲੈ ਕੇ ਦੂਸਰੇ ਪਿੰਡ ਦੇ ਇਕ ਪੜ੍ਹੇ ਲਿਖੇ ਆਦਮੀ ਕੋਲ ਪਹੁੰਚਿਆ। ਉਸ ਆਦਮੀ ਨੇ ਬੜੇ ਤਰਲੇ ਨਾਲ ਉਸ ਪੜ੍ਹੇ ਲਿਖੇ ਆਦਮੀ ਨੂੰ ਕਿਹਾ। ਮਿਹਰਬਾਨੀ ਕਰਕੇ ਇਹ ਇਕ ਚਿੱਠੀ ਹੈ ਤੁਸੀਂ ਲਿਖ ਦਿਉ? ਇਹ ਚਿੱਠੀ ਮੈਂ ਆਪਣੀ ਲੜਕੀ ਦੇ ਨਾਮ ਪਾਉਣੀ ਹੈ। ਉਸ ਪੜ੍ਹੇ ਲਿਖੇ ਆਦਮੀ ਨੇ ਜਵਾਬ ਦਿੱਤਾ ਕਿ ਮੈਂ ਇਹ ਚਿੱਠੀ ਨਹੀਂ ਲਿਖ ਸਕਦਾ। ਉਸ ਨੇ ਪੁਛਿਆ ਕਿਉਂ? ਤੁਸੀਂ ਚਿੱਠੀ ਕਿਉਂ ਨਹੀਂ ਲਿਖ ਸਕਦੇ? ਮੈਂ ਤੁਹਾਨੂੰ ਤੁਹਾਡੀ ਲਿਖਾਈ ਦੀ ਫ਼ੀਸ ਵੀ ਦੇਣ ਨੂੰ ਤਿਆਰ ਹਾਂ। ਉਹ ਪੜ੍ਹਿਆ ਲਿਖਿਆ ਆਦਮੀ ਕਹਿਣ ਲਗਾ,

ਨਹੀਂ! ਭਾਈ ਸਾਹਿਬ। ਨਹੀਂ! ਗੱਲ ਇਹ ਨਹੀਂ ਹੈ। ਫਿਰ ਤੁਸੀਂ ਚਿੱਠੀ ਕਿਉਂ ਨਹੀਂ ਲਿਖ ਸਕਦੇ ਉਸ ਨੇ ਪੁੱਛਿਆ? ਤਾਂ ਉਸ ਪੜ੍ਹੇ ਲਿਖੇ ਆਦਮੀ ਨੇ ਜੁਆਬ ਦਿੱਤਾ ਕਿ ਦਰਅਸਲ ਮੇਰੇ ਪੈਰ ਵਿਚ ਮੋਚ ਆਈ ਹੋਈ ਹੈ। ਪੈਰ ਬਹੁਤ ਦਰਦ ਕਰਦਾ ਹੈ। ਉਹ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ! ਕਮਾਲ ਹੈ! ਮੈਂ ਤਾਂ ਅੱਜ ਤਕ ਨਹੀਂ ਸੁਣਿਆ ਕਿ ਚਿੱਠੀਆਂ ਪੈਰਾਂ ਨਾਲ ਵੀ ਲਿਖੀਆਂ ਜਾਂਦੀਆਂ ਹਨ। ਉਹ ਪੜ੍ਹਿਆ ਲਿਖਿਆ ਆਦਮੀ ਕਹਿਣ ਲੱਗਾ ਨਹੀਂ! ਦਰਅਸਲ ਇਹ ਵੀ ਗੱਲ ਨਹੀ! ਫਿਰ ਗੱਲ ਕੀ ਹੈ? ਉਸ ਆਦਮੀ ਨੇ ਪੁਛਿਆ। ਤਾਂ ਉਹ ਪੜ੍ਹਿਆ ਲਿਖਿਆ ਆਦਮੀ ਕਹਿਣ ਲੱਗਾ ਕਿ ਜਿਸ ਪਿੰਡ ਵਿਚ ਇਹ ਚਿੱਠੀ ਜਾਣੀ ਹੈ। ਉਥੇ ਵੀ ਪੜ੍ਹਿਆ ਲਿਖਿਆ ਕੋਈ ਨਹੀਂ। ਇਹ ਚਿੱਠੀ ਪੜ੍ਹਨ ਵਾਸਤੇ ਵੀ ਮੈਨੂੰ ਹੀ ਜਾਣਾ ਪੈਣਾ ਹੈ। ਮੇਰੇ ਪੈਰ ਵਿਚ ਦਰਦ ਹੈ ਅਤੇ ਮੈਂ ਤੁਰ ਨਹੀਂ ਸਕਦਾ। ਇਸ ਵਾਸਤੇ ਮੈਂ ਇਹ ਚਿੱਠੀ ਨਹੀਂ ਲਿਖ ਸਕਦਾ।

ਦਰਅਸਲ ਇਹ ਹਕੀਕਤ ਸੀ ਕਿ ਸਿਰਫ਼ ਇਕ ਪ੍ਰਤੀਸ਼ਤ ਪੜ੍ਹਿਆ ਲਿਖਿਆ ਬੰਦਾ ਮਿਲਦਾ ਸੀ। ਅੱਜ ਕਦਮ ਕਦਮ ਤੇ ਸਕੂਲ, ਕਾਲਜ, ਯੂਨੀਵਰਸਟੀਆਂ ਮੌਜੂਦ ਹਨ। ਇਸ ਵਾਸਤੇ ਬੌਧਿਕ ਵਿਕਾਸ ਬਹੁਤ ਹੋਇਆ ਹੈ। ਮਨੁੱਖ ਦੀ ਜਾਣਕਾਰੀ ਹਰ ਪਹਿਲੂ ਤੋਂ ਵਧੀ ਹੈ। ਵਿਗਿਆਨ ਨੇ ਸੰਸਾਰ ਨੂੰ ਆਪਸ ਵਿਚ ਜੋੜ ਦਿੱਤਾ ਹੈ।

ਸੋ ਜਿਉਂ ਜਿਉਂ ਮਨੁੱਖ ਦੀ ਜਾਣਕਾਰੀ ਵਧੀ ਹੈ, ਤਿਉਂ ਤਿਉਂ ਚਤੁਰਾਈ, ਚਲਾਕੀ ਤੇ ਤਰਕ ਵੀ ਵਧਿਆ ਹੈ। ਇਸ ਨਾਲ ਕਈ ਦਿਸ਼ਾਵਾਂ ਵਿਚ ਮਨੁੱਖਤਾ ਦਾ ਨੁਕਸਾਨ ਵੀ ਹੋਇਆ ਹੈ। ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਚਾਤੁਰ ਆਦਮੀ ਪ੍ਰਮਾਤਮਾ ਤੋਂ ਇਨਕਾਰੀ ਹੋਇਆ ਹੈ। ਚਾਤੁਰ ਤੇ ਬੁੱਧੀਮਾਨ ਹਮੇਸ਼ਾ ਤਰਕ ਦਲੀਲ ਅਤੇ ਸਬੂਤ ਮੰਗਦਾ ਹੈ। ਪਰ ਪ੍ਰਮਾਤਮਾ ਦਾ ਕੋਈ ਪ੍ਰਤਖਸ਼ ਸਬੂਤ ਨਹੀਂ ਦਿੱਤਾ ਜਾ ਸਕਦਾ। ਜੇ ਕੋਈ ਸਬੂਤ ਦਿੱਤਾ ਵੀ ਜਾਂਦਾ ਹੈ ਤਾਂ ਉਹ ਵੀ ਸੰਸਾਰ ਦਾ ਹੀ ਹਿੱਸਾ ਹੁੰਦਾ ਹੈ। ਇਸ ਨਾਲ ਬੁੱਧੀ ਜੀਵੀ ਸਹਿਮਤ ਨਹੀਂ ਹੁੰਦਾ। ਇਸ ਤਰ੍ਹਾਂ ਆਂਤ੍ਰਿਕ ਬੇਚੈਨੀ ਵਧਦੀ ਹੀ ਜਾਂਦੀ ਹੈ। ਬੌਧਿਕ ਵਿਕਾਸ ਦੇ ਹੁੰਦਿਆਂ ਹੋਇਆਂ ਵੀ ਬੰਦਾ ਦੁਖੀ ਹੋਈ ਜਾ ਰਿਹਾ ਹੈ। ਸੁੱਖਾਂ ਦੇ ਸਾਰੇ ਸਾਧਨ ਹੁੰਦਿਆਂ ਹੋਇਆਂ ਵੀ ਬੰਦਾ ਆਤਮਕ ਤੌਰ ਤੇ ਬੜਾ ਪੀੜਤ ਹੈ। ਇਸੇ ਕਰਕੇ ਹੀ ਪਾਗ਼ਲਾਂ ਦੀ ਗਿਣਤੀ ਵਧਦੀ ਜਾਂਦੀ ਹੈ।

ਦਰੱਖ਼ਤ ਜਿੰਨਾ ਉੱਚਾ ਉਠਦਾ ਹੈ। ਉਸ ਦੀਆਂ ਜੜ੍ਹਾਂ ਉਨੀਆਂ ਹੀ ਥੱਲੇ ਜਾਂਦੀਆਂ ਹਨ। ਉਚੇ ਮਹੱਲਾਂ ਦੀ ਬੁਨਿਆਦ ਡੂੰਘੀ ਰਖਣੀ ਪੈਂਦੀ ਹੈ।

ਸੰਸਾਰ ਦੇ ਸਾਰੇ ਸੁਖ ਪ੍ਰਾਪਤ ਕਰਕੇ ਵੀ, ਅੰਦਰੋਂ ਬੰਦਾ ਬੜਾ ਦੁਖੀ ਹੈ। ਕਾਰਨ ਕਿ ਸੰਸਾਰ ਨੂੰ ਜਾਣਿਆ ਹੈ ਕਰਤਾਰ ਨੂੰ ਨਹੀਂ।

ਦਰਅਸਲ ਹਕੀਕਤ ਇਹ ਹੈ ਬੰਦੇ ਨੇ ਬੁੱਧੀ ਤਕ ਹੀ ਗੱਲ ਮੁਕਾ ਦਿਤੀ ਹੈ। ਜਦੋਂ ਕਿ ਦਿਮਾਗ਼ (ਬੁੱਧੀ) ਸਿਰਫ਼ ਆਤਮਾ ਤਕ ਪਹੁੰਚਣ ਲਈ ਮਦਦਗਾਰ ਹੈ। ਜਿਹੜਾ ਦਿਮਾਗ਼ ਤਕ ਹੀ ਰੁੱਕ ਗਿਆ ਉਹ ਆਤਮਾ ਦਾ ਸੁਖ ਨਹੀਂ ਮਾਣ ਸਕਦਾ।

**ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥** *(ਪੰਨਾ ੩੯੬)*

ਬੰਦੇ ਦੇ, ਸੰਸਾਰ ਨਾਲ ਕਿਵੇਂ ਸਬੰਧ ਪਕਦੇ ਹਨ, ਇਹ ਗਿਆਨ ਤਾਂ ਬਾ-ਖ਼ੂਬੀ ਸਿੱਖ ਲਿਆ ਹੈ। ਪਰ ਕਰਤਾਰ ਨਾਲ ਕਿਵੇਂ ਸਬੰਧ ਬਣ ਸਕਦਾ ਹੈ, ਇਹ ਨਹੀਂ ਸਿੱਖਿਆ। ਦਰਅਸਲ ਬੰਦਾ ਬੜਾ ਚਲਾਕ ਹੈ। ਇਹ ਉਹੀ ਬੋਲੀ ਬੋਲ ਕੇ ਕਰਤਾਰ ਨੂੰ ਬੁਲਾਉਂਦਾ ਹੈ, ਜਿਹੜੀ ਬੋਲੀ ਸੰਸਾਰ ਨਾਲ ਬੋਲਦਾ ਹੈ। ਸੰਸਾਰ ਵਿੱਚ ਤਾਂ ਚਲਾਕ ਬੰਦਾ ਹੀ ਕਾਮਯਾਬ ਰਹਿ ਸਕਦਾ ਹੈ। ਪਰ ਕਰਤਾਰ ਨਾਲ ਮਿਲਣ ਲਈ ਬੜਾ ਸੱਚਾ, ਸਿੱਧਾ ਅਤੇ ਭੋਲਾਪਣ ਚਾਹੀਦਾ ਹੈ।

ਇਹ ਪ੍ਰਮਾਣ ਬੜਾ ਸਮਝਣ ਯੋਗ ਹੈ ਕਿ ਜਿਹੜਾ ਜੰਮਦਾ ਬੱਚਾ ਹੈ। ਉਸ ਨੂੰ ਕੋਈ ਪਤਾ ਨਹੀਂ ਕਿ ਮੇਰੀ ਮਾਂ ਕੌਣ ਹੈ? ਮੇਰਾ ਬਾਪ ਕੌਣ ਹੈ? ਉਹ ਸਿਰਫ਼ ਰੋਂਦਾ ਹੈ। ਮਾਂ ਦੌੜ ਕੇ ਉਸ ਨੂੰ ਚੁੱਕ ਲੈਂਦੀ ਹੈ। ਮਾਂ-ਬਾਪ ਦੇ ਅੰਦਰ ਕੁਦਰਤ ਨੇ ਇਕ ਮਮਤਾ ਦਾ ਜਜ਼ਬਾ ਰਖਿਆ ਹੈ। ਇਹ ਜਜ਼ਬਾ ਹੀ ਬੱਚੇ ਲਈ ਬਹੁਤ ਵੱਡਾ ਸਹਾਰਾ ਹੈ। ਇਸ਼ਾਰਾ ਇਹ ਬੜਾ ਵਧੀਆ ਹੈ ਕਿ ਅਸੀਂ ਉਸ ਪ੍ਰਭੂ ਨਾਲ ਇਕ ਮਾਸੂਮ ਬੱਚੇ ਵਾਲਾ ਰਿਸ਼ਤਾ ਵੀ ਜੋੜ ਲਈਏ, ਤਾਂ ਵੀ ਗੱਲ ਬਣ ਸਕਦੀ ਹੈ। ਤਾਂ ਵੀ ਉਹ ਸਾਡੀ ਅਵਾਜ਼ ਸੁਣ ਸਕਦਾ ਹੈ। ਦਰਅਸਲ ਬੰਦਾ ਬੜਾ ਚਲਾਕ ਹੈ। ਇਹ ਪ੍ਰਭੂ ਨਾਲ ਵੀ ਉਹੀ ਚਲਾਕੀ ਦੀ ਅਵਾਜ਼ ਨਾਲ ਬੋਲਦਾ ਹੈ। ਜਾਂ ਤਾਂ ਇਹ ਇਕ ਮਾਸੂਮ ਬੱਚੇ ਵਾਂਗ ਰਹਿੰਦਾ। ਬੱਚਾ ਬੜਾ ਭੋਲਾ ਹੁੰਦਾ ਹੈ। ਭੋਲੇਪਣ ਦੀ ਭਗਤੀ ਵਿਚ ਬੜਾ ਰਸ ਹੁੰਦਾ ਹੈ। ਪਰ ਬੰਦਾ ਮਾਸੂਮ ਬੱਚੇ ਦੀ ਬੋਲੀ ਭੁੱਲ ਗਿਆ ਹੈ। ਇਸ ਗਿਆਨ ਵਾਸਤੇ ਬੰਦੇ ਨੂੰ ਗੁਰੂ ਦੀ ਲੋੜ ਹੈ। ਦਿਮਾਗ਼ ਵਿੱਚ ਉਹ ਗਿਆਨ ਭਰਿਆ ਪਿਆ ਹੈ, ਜਿਸ ਨਾਲ ਸੰਸਾਰ ਕਮਾਇਆ ਜਾ ਸਕਦਾ ਹੈ। ਪਰ ਸੰਸਾਰ ਸਰੀਰ ਤਕ

ਹੀ ਸੀਮਤ ਰਖਣਾ ਚਾਹੀਦਾ ਹੈ। ਮਨ ਵਿਚ ਤਾਂ ਪ੍ਰਭੂ ਦੇ ਗਿਆਨ ਨੂੰ ਥਾਂ ਮਿਲਣੀ ਚਾਹੀਦੀ ਹੈ। ਦਰਅਸਲ ਜਿਸ ਗਿਆਨ ਨੂੰ ਬੰਦਾ ਗਿਆਨ ਸਮਝਦਾ ਹੈ, ਉਹ ਗਿਆਨ ਨਹੀਂ ਹੁੰਦਾ। ਬਹੁਤੀ ਉਸ ਵਿਚ ਜੂਠ ਹੀ ਹੁੰਦੀ ਹੈ। ਭਾ: ਸਾਹਿਬ ਭਾਈ ਵੀਰ ਸਿੰਘ ਨੇ ਇਕ ਬੜੀ ਸੁੰਦਰ ਰੁਬਾਈ ਲਿਖੀ ਹੈ। ਉਹ ਕਹਿੰਦੇ ਹਨ ਕਿ —

**ਸਿਰ ਕਚਕੌਲ ਬਣਾ ਹੱਥ ਲੀਤਾ, ਪੜਿਆ ਦੁਆਰੇ ਫਿਰਿਆ॥**

ਕਚਕੌਲ ਨਾਮ ਭਿਖਿਆ ਪਾਤਰ ਦਾ ਹੈ। ਇਕ ਭਿਖਿਆ ਤਾਂ ਹੁੰਦੀ ਹੈ, ਭੋਜਨ ਦੀ, ਅਨਾਜ ਦੀ। ਗ਼ਰੀਬ ਭਿਖਾਰੀ ਅੰਨ ਧਨ ਅਤੇ ਭੋਜਨ ਦੀ ਭਿਖਿਆ ਲੋਕਾਂ ਕੋਲੋਂ ਮੰਗਦੇ ਹਨ। ਪਰ ਜਿਸ ਭਿਖਿਆ ਦੀ ਗੱਲ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕਰਦੇ ਹਨ, ਉਹ ਭਿਖਿਆ ਗਿਆਨ ਦੀ ਹੈ। ਯਾਨੀ ਕਿ ਵਿਦਿਆ ਦੀ ਭਿਖਿਆ। ਇਕ ਗੱਲ ਕਿਤੋਂ ਸੁਣੀ ਤੇ ਦਿਮਾਗ਼ ਵਿਚ ਬਿਠਾ ਲਈ। ਕੋਈ ਕਿਤੋਂ ਪੜ੍ਹੀ ਅਤੇ ਭਰ ਲਈ। ਕੁਝ ਕਿਤੋਂ ਵੇਖਿਆ ਅਤੇ ਗ੍ਰਹਿਣ ਕਰ ਲਿਆ। ਇਹ ਸਭ ਕੁਝ ਇਕੱਠਾ ਕਰਕੇ ਕਿਹਾ ਕਿ ਗਿਆਨੀ ਹੋ ਗਏ। ਮਗਰ ਇਹ ਆਪਣਾ ਗਿਆਨ ਨਹੀਂ ਹੈ। ਸਭ ਕੁਝ ਉਧਾਰ ਹੈ। ਨਿਜੀ ਅਨੁਭਵ ਕੁਝ ਵੀ ਨਹੀਂ ਹੈ। ਭਾਈ ਸਾਹਿਬ ਜ਼ਿਕਰ ਕਰਦੇ ਹਨ ਕਿ —

**ਸਿਰ ਕਚਕੌਲ ਬਣਾ ਹੱਥ ਲੀਤਾ, ਪੜਿਆ ਦੁਆਰੇ ਫਿਰਿਆ॥**
**ਮੰਗ ਮੰਗ ਕੇ ਟੂਕ ਇਸ ਵਿਚ ਪਾਏ, ਤੁੰਨ ਤੁੰਨ ਇਸ ਨੂੰ ਭਰਿਆ॥**

ਮੰਗ ਮੰਗ ਕੇ ਤੋਂ ਭਾਵ ਹੈ ਕਿ ਸਭ ਦੂਜਿਆਂ ਤੋਂ ਗਿਆਨ ਪ੍ਰਾਪਤ ਕੀਤਾ। ਆਪਣਾ ਨਿਜੀ ਅਨੁਭਵ ਕੁਝ ਵੀ ਨਹੀਂ। ਇਸ ਉਧਾਰੇ ਗਿਆਨ ਦਾ ਹੰਕਾਰ ਇੰਨਾ ਕਿ —

**ਭਰਿਆ ਵੇਖ ਆਫ਼ਰਿਆ ਸਾਂ ਮੈਂ, ਜਾਣਾ ਪੰਡਿਤ ਹੋਇਆ॥**

ਇੰਨੀ ਹਉਮੈ ਇਕੱਠੀ ਹੋ ਗਈ ਕਿ ਸਮਝਿਆ ਮੈਂ ਬੜਾ ਗਿਆਨੀ ਹੋ ਗਿਆ ਹਾਂ। ਵੱਡਾ ਪੰਡਿਤ ਹੋਇਆ ਹਾਂ। ਇਹ ਝੂਠਾ ਹੰਕਾਰ ਹੈ।

**ਟਿਕੇ ਨਾ ਪੈਰ ਜਮੀਂ ਤੇ ਮੇਰਾ, ਉਚਾ ਹੋ ਹੋ ਤੁਰਿਆ॥**

ਦਰਅਸਲ ਹੰਕਾਰ, ਬੰਦੇ ਦੇ ਪੈਰਾਂ ਨੂੰ ਉੱਚਾ ਹੀ ਰੱਖਦਾ ਹੈ। ਹੰਕਾਰੀ, ਜਾਂ ਤਾਂ ਡਿੱਗਦਾ ਹੈ ਜਾਂ ਡਿਗਾਉਂਦਾ ਹੈ। ਹੰਕਾਰੀ ਬੰਦਾ ਦੂਜਿਆਂ ਤੋਂ ਝੂਠੀ ਤਰੀਫ਼ ਸੁਣਨਾ ਚਾਹੁੰਦਾ ਹੈ। ਉਧਾਰੇ ਗਿਆਨ ਦੇ ਗਿਆਨੀ ਨੂੰ ਵੀ ਬੜਾ

ਹੰਕਾਰ ਹੁੰਦਾ ਹੈ।

**ਸਾਖੀ** — ਇਕ ਸੰਤ ਹੋਏ ਹਨ। ਮਾਲੂਕ ਦਾਸ ਉਨ੍ਹਾਂ ਦਾ ਨਾਮ ਸੀ। ਉਨ੍ਹਾਂ ਨੂੰ ਇਹੋ ਭਰਮ ਹੋ ਗਿਆ ਕਿ ਬੜੀ ਵਿਦਿਆ ਪ੍ਰਾਪਤ ਕਰ ਲਈ ਹੈ। ਬੜੇ ਵਿਦਵਾਨ ਹੋ ਗਏ ਹਾਂ। ਜਿਹੜਾ ਵੀ ਉਨ੍ਹਾਂ ਨੂੰ ਮਿਲੇ, ਉਨ੍ਹੂੰ ਹੀ ਉਪਦੇਸ਼ ਕਰਨ ਲੱਗ ਜਾਂਦੇ ਸਨ। ਇਕ ਵਾਰ ਉਨ੍ਹਾਂ ਦਾ ਭਰਮ ਇਸ ਤਰ੍ਹਾਂ ਟੁੱਟਾ ਕਿ ਇਕ ਮਾਸੂਮ ਬੱਚੇ ਨੇ ਹੀ ਉਨ੍ਹਾਂ ਨੂੰ ਲਾ-ਜਵਾਬ ਕਰ ਛਡਿਆ। ਘਟਨਾ ਇਸ ਤਰ੍ਹਾਂ ਬੀਤੀ ਕਿ ਇਕ ਛੋਟਾ ਮਾਸੂਮ ਬੱਚਾ ਆਪਣੇ ਹੱਥ ਤੇ ਥਾਲੀ ਵਿੱਚ ਦੀਵਾ ਜਗਾ ਕੇ ਲਈ ਜਾਂਦਾ ਸੀ। ਸੰਤ ਮਾਲੂਕ ਦਾਸ ਉਸ ਬੱਚੇ ਨੂੰ ਰਸਤੇ ਵਿੱਚ ਮਿਲ ਪਏ। ਸੰਤ ਉਸ ਬੱਚੇ ਨੂੰ ਪੁਛਣ ਲਗੇ, ਕਾਕਾ! ਦੀਵਾ ਕਿਥੇ ਲੈ ਕੇ ਜਾ ਰਿਹਾ ਹੈਂ। ਬੱਚਾ ਕਹਿਣ ਲਗਾ, ਬਾਬਾ ਜੀ! ਦੀਵਾ ਮੈਂ ਮੰਦਰ ਵਿਚ ਜਗਾਉਣ ਵਾਸਤੇ ਜਾ ਰਿਹਾ ਹਾਂ। ਬੱਸ! ਸੰਤ ਮਾਲੂਕ ਦਾਸ ਉਸ ਬੱਚੇ ਨੂੰ ਹੀ ਉਪਦੇਸ਼ ਕਰਨ ਲਗ ਪਏ। ਕਹਿਣ ਲਗੇ, ਬੇਟਾ! ਇਸ ਦੀਵੇ ਦੀ ਜੋਤ ਕਿਥੋਂ ਆਈ ਹੈ? ਬੱਚੇ ਨੇ ਦੀਵੇ ਨੂੰ ਫੂਕ ਮਾਰੀ ਤੇ ਦੀਵਾ ਬੁਝਾ ਦਿੱਤਾ। ਕਹਿਣ ਲਗਾ, ਬਾਬਾ ਜੀ! ਤੁਸੀਂ ਦੱਸੋ ਜੋਤ ਕਿਥੇ ਗਈ ਹੈ? ਫਿਰ ਮੈਂ ਦੱਸਾਂਗਾ ਕਿ ਜੋਤ ਕਿਥੋਂ ਆਉਂਦੀ ਹੈ। ਸੰਤ ਮਾਲੂਕ ਦਾਸ ਨੇ ਉਸ ਬੱਚੇ ਦੇ ਪੈਰ ਫੜ ਲਏ। ਆਖਿਆ! ਤੂੰ ਤਾਂ ਕਮਾਲ ਕਰ ਦਿੱਤੀ ਹੈ। ਇਹ ਉਪਦੇਸ਼ ਤਾਂ ਅੱਜ ਤਕ ਮੇਰੇ ਗੁਰੂ ਨੇ ਵੀ ਮੈਨੂੰ ਨਹੀਂ ਦਿੱਤਾ, ਜਿਹੜਾ ਗਿਆਨ ਤੂੰ ਦੇ ਦਿੱਤਾ ਹੈ। ਮੈਨੂੰ ਤਾਂ ਅਜੇ ਤਕ ਇਹ ਵੀ ਪਤਾ ਨਹੀਂ ਕਿ ਜੋਤ ਜਾਂਦੀ ਕਿਥੇ ਹੈ। ਮੈਂ ਤਾਂ ਲੋਕਾਂ ਨੂੰ ਅੱਜ ਤਕ ਬੜਾ ਉਪਦੇਸ਼ ਕਰਦਾ ਰਿਹਾ ਹਾਂ ਕਿ ਸ੍ਰਿਸ਼ਟੀ ਕਿਥੋਂ ਆਈ ਹੈ। ਕਿਥੇ ਜਾਏਗੀ। ਬੜੇ ਨਰਕ ਸੁਰਗਾਂ ਦੇ ਨਕਸ਼ੇ ਦਸੇ ਹਨ। ਬਹੁਤ ਕੁਝ ਦਸਦਾ ਰਿਹਾ ਹਾਂ। ਪਰ ਮੈਨੂੰ ਤਾਂ ਅਜੇ ਤਕ ਇਹ ਵੀ ਪਤਾ ਨਹੀਂ ਪਈ ਦੀਵੇ ਦੀ ਜੋਤ ਕਿਥੇ ਗਈ ਹੈ। ਸੰਤ ਮਾਲੂਕ ਦਾਸ ਕਹਿੰਦੇ ਹਨ ਕਿ ਮੇਰਾ ਭਰਮ ਤੇ ਜਿਹੜਾ ਟੁਟਣਾ ਸੀ ਸੋ ਟੁਟਿਆ। ਪਰ ਮੇਰੇ ਸਵੈਭਿਮਾਨ ਨੂੰ ਬੜੀ ਚੋਟ ਲਗੀ ਕਿ ਇਕ ਮਾਸੂਮ ਬੱਚੇ ਨੇ ਹੀ ਮੈਨੂੰ ਲਾ-ਜਵਾਬ ਕਰ ਛਡਿਆ ਹੈ। ਬੱਚੇ ਦੇ ਪੈਰਾਂ ਤੇ ਸਿਰ ਰੱਖ ਕੇ ਸੰਤ ਮਾਲੂਕ ਦਾਸ ਨੇ ਕਿਹਾ ਕਿ ਤੂੰ ਮੈਨੂੰ ਬੜੀ ਵੱਡੀ ਹਕੀਕਤ ਦਸੀ ਹੈ। ਬੱਸ! ਇਸੇ ਹੀ ਹਕੀਕਤ ਨੂੰ ਭਾਈ ਵੀਰ ਸਿੰਘ ਜੀ ਬਿਆਨ ਕਰ ਰਹੇ ਹਨ ਕਿ ਉਧਾਰੇ ਗਿਆਨ ਨਾਲ, ਬੰਦਾ ਗਿਆਨੀ ਬਣਿਆ ਫਿਰਦਾ ਹੈ। ਭਾਈ ਸਾਹਿਬ ਨੇ ਬੜੇ ਗ਼ਜ਼ਬ ਦੀ ਗੱਲ ਆਖੀ ਹੈ ਕਿ —

**ਇਕ ਦਿਨ ਇਹ ਕਚਕੌਲ ਲੈ ਗਿਆ, ਮੁਰਸ਼ਦ ਮੂਹਰੇ ਧਰਿਆ॥**

ਇਹ ਜੋ ਦਿਮਾਗ਼ ਦਾ ਭਰਿਆ ਹੋਇਆ ਪਿਆਲਾ ਸੀ, ਗੁਰੂ ਕੋਲ ਵੀ ਲੈ ਗਿਆ। ਪਈ ਮਹਾਰਾਜ! ਬੜਾ ਵੱਡਾ ਗਿਆਨੀ ਆਇਆ ਹੈ। ਵਿਦਵਾਨ ਆਇਆ ਹੈ। ਮੈਂ ਤੁਹਾਨੂੰ ਕੋਈ ਗਿਆਨ ਸੁਣਾਵਾਂਗਾ। ਪਰ ਜਦੋਂ ਸਤਿਗੁਰੂ ਨੇ ਇਹ ਗਿਆਨ ਦਾ ਭਰਿਆ ਕਚਕੌਲ ਵੇਖਿਆ ਤਾਂ —

**ਜੂਠ ਜੂਠ ਕਰ ਉਸ ਉਲਟਾਇਆ, ਖਾਲੀ ਸਾਰਾ ਕਰਿਆ॥**

ਗੁਰਦੇਵ ਕਹਿਣ ਲਗੇ, ਇਸ ਵਿੱਚ ਤਾਂ ਸਾਰੀ ਜੂਠ ਭਰੀ ਪਈ ਹੈ। ਤੇਰਾ ਆਪਣਾ ਗਿਆਨ ਤਾਂ ਇਸ ਵਿੱਚ ਕੁਝ ਵੀ ਨਹੀਂ। ਬੱਸ! ਜਿਹੜੇ ਗਿਆਨ ਦਾ ਮੈਨੂੰ ਅਭਿਮਾਨ ਸੀ। ਉਹ ਭਰੇ ਭਰਾਏ ਕਟੋਰੇ ਨੂੰ ਸਤਿਗੁਰੂ ਨੇ ਪੁੱਠਾ ਕਰ ਕੇ ਉਲਟਾ ਦਿੱਤਾ। ਇਹ ਵਿਚਾਰ ਧਿਆਨ ਯੋਗ ਹੈ ਪਈ ਦਿਮਾਗ਼ੀ ਪਵਿੱਤਰਤਾ ਗੁਰੂ ਤੋਂ ਬਿਨਾ ਹੋਰ ਕਿਤੋਂ ਮਿਲ ਵੀ ਨਹੀਂ ਸਕਦੀ। ਭਾਈ ਸਾਹਿਬ ਅਗੇ ਕਹਿੰਦੇ ਹਨ ਕਿ ਸਤਿਗੁਰ ਨੇ —

**ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ॥**

ਇਹ ਹਕੀਕਤ ਹੈ ਕਿ ਦਿਮਾਗ਼ੀ ਵਿਦਿਆ ਹੋਰ ਹੈ ਅਤੇ ਆਤਮਕ ਵਿਦਿਆ ਹੋਰ ਹੈ। ਨਹੀਂ ਤਾਂ ਭਾਈ ਗੁਰਦਾਸ ਵਰਗੇ ਵਿਦਵਾਨਾਂ ਨੂੰ ਸਤਿਗੁਰ ਦੇ ਜੋੜੇ ਝਾੜਨ ਦੀ ਲੋੜ ਨਹੀਂ ਸੀ। ਭਾਈ ਨੰਦ ਲਾਲ ਵਰਗੇ, ਆਲਮ ਫ਼ਾਜ਼ਲ ਬੰਦੇ! ਜਿਨ੍ਹਾਂ ਕੋਲ ਔਰੰਗਜ਼ੇਬ ਦੇ ਬੱਚੇ ਤਾਲੀਮ ਹਾਸਲ ਕਰਦੇ ਰਹੇ ਹੋਣ। ਚਾਂਦੀ ਦੀ ਕੁਰਸੀ ਉੱਪਰ ਬੈਠਣ ਦਾ ਮਾਣ ਔਰੰਗਜ਼ੇਬ ਦੀ ਸਭਾ ਵਿੱਚ ਪ੍ਰਾਪਤ ਹੋਵੇ, ਉਹ ਆਲਮ ਫ਼ਾਜ਼ਲ ਬੰਦਾ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਆ ਕੇ ਲੰਗਰ ਪਕਾਵੇ? ਸੰਗਤਾਂ ਦੇ ਜੂਠੇ ਭਾਂਡੇ ਮਾਂਜੇ! ਦਰਅਸਲ ਦਿਮਾਗ਼ੀ ਗਿਆਨ ਹੋਰ ਹੁੰਦਾ ਹੈ। ਨਾਲੇ ਉਧਾਰਾ ਹੁੰਦਾ ਹੈ। ਆਤਮਕ ਗਿਆਨ ਤਾਂ ਸੱਚੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ॥**
**ਵੇਖੋ ਇਹ ਕਚਕੌਲ ਲਿਸ਼ਕਿਆ, ਕੰਵਲ ਵਾਂਗ ਫਿਰ ਖਿੜਿਆ॥**

ਜੇ ਆਤਮਕ ਗਿਆਨ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਸੱਚੇ ਸਤਿਗੁਰੂ ਦਾ ਪੱਲਾ ਫੜਨਾ ਪਏਗਾ। ਨਾਲ ਹੀ ਆਪਣਾ ਗਿਆਨ ਦਿਮਾਗ਼ ਤੋਂ ਧੋਣਾ ਪਏਗਾ। ਯਾਨੀ ਕਿ ਦਿਮਾਗ਼ੀ ਜੂਠ ਧੋਣੀ ਪਵੇਗੀ। ਇਕ ਕਹਾਣੀ ਹੈ ਛੋਟੀ

ਜਿਹੀ, ਇਕ ਸੰਗੀਤਕਾਰ ਵਿਦਿਆਰਥੀਆਂ ਨੂੰ ਸੰਗੀਤ ਬੜੇ ਚੰਗੇ ਢੰਗ ਨਾਲ ਸਿਖਾਉਂਦਾ ਸੀ। ਇਕ ਦਿਨ ਇਕ ਆਦਮੀ ਆਪਣੇ ਬੱਚੇ ਨੂੰ ਨਾਲ ਲੈ ਕੇ ਉਸ ਕੋਲ ਗਿਆ ਤੇ ਕਹਿਣ ਲਗਾ ਮੇਰੇ ਬੱਚੇ ਨੂੰ ਵੀ ਸੰਗੀਤ ਲਈ ਦਾਖ਼ਲ ਕਰ ਲਉ। ਉਸ ਆਦਮੀ ਨੇ ਸੰਗੀਤਕਾਰ ਨੂੰ ਪੁਛਿਆ, ਦੱਸੋ ਸੰਗੀਤ ਸਿਖਾਉਣ ਦੀ ਕਿੰਨੀ ਫ਼ੀਸ ਲਉਗੇ। ਸੰਗੀਤਕਾਰ ਉਸ ਬੱਚੇ ਨੂੰ ਪੁਛਣ ਲਗਾ, ਕਾਕਾ! ਤੈਨੂੰ ਪਹਿਲਾਂ ਵੀ ਕੁਝ ਆਉਂਦਾ ਹੈ ਕਿ ਨਹੀਂ? ਬੱਚਾ ਕਹਿਣ ਲਗਾ ਆਉਂਦਾ ਹੈ। ਸੰਗੀਤਕਾਰ ਕਹਿਣ ਲਗਾ, ਸੁਣਾ? ਬੱਚੇ ਨੇ ਜੋ ਆਉਂਦਾ ਸੀ ਉਹ ਸੁਣਾਇਆ। ਸੰਗੀਤਕਾਰ ਨੇ ਬੱਚੇ ਨੂੰ ਸੁਣਿਆ ਅਤੇ ਬੱਚੇ ਦੇ ਬਾਪ ਨੂੰ ਆਖਿਆ, ਮਿੱਤਰਾ! ਹੋਰ ਜਿਨ੍ਹਾਂ ਬੱਚਿਆਂ ਨੂੰ ਕੁਝ ਨਹੀਂ ਆਉਂਦਾ ਉਨ੍ਹਾਂ ਕੋਲੋਂ ਤਾਂ ਮੈਂ ਇਕ ਸੌ ਰੁਪਏ ਫ਼ੀਸ ਲੈਂਦਾ ਹਾਂ। ਪਰ ਤੇਰੇ ਬੱਚੇ ਦੀ ਫ਼ੀਸ ਦੁਗਣੀ ਲਵਾਂਗਾ। ਯਾਨੀ ਕਿ ਦੋ ਸੌ ਰੁਪਏ ਲਵਾਂਗਾ। ਉਹ ਆਦਮੀ ਸੁਣ ਕੇ ਬੜਾ ਹੈਰਾਨ ਹੋਇਆ ਅਤੇ ਪੁਛਣ ਲੱਗਾ! ਉਸਤਾਦ ਜੀ! ਜਿਨ੍ਹਾਂ ਬੱਚਿਆਂ ਨੂੰ ਕੁਝ ਨਹੀਂ ਆਉਂਦਾ, ਉਨ੍ਹਾਂ ਕੋਲੋਂ ਸੌ ਰੁਪਏ ਫ਼ੀਸ ਲੈਂਦੇ ਹੋ। ਮੇਰੇ ਬੱਚੇ ਨੂੰ ਤਾਂ ਕੁਝ ਆਉਂਦਾ ਹੈ। ਇਹ ਫ਼ੀਸ ਦੋ ਸੌ ਰੁਪਏ ਕਿਉਂ? ਉਸਤਾਦ ਕਹਿਣ ਲਗਾ ਕਿ ਤੁਹਾਡੇ ਬੱਚੇ ਨਾਲ ਡਬਲ ਮਿਹਨਤ ਕਰਨੀ ਪੈਣੀ ਹੈ। ਜੋ ਕੁਝ ਪਹਿਲਾਂ ਇੰਨੇ ਸਿਖਿਆ ਹੈ, ਉਹ ਗ਼ਲਤ ਹੈ। ਉਹ ਭੁਲਾਉਣਾ ਪੈਣਾ ਹੈ। ਨਵਾਂ ਸਿਖਾਉਣਾ ਪੈਣਾ ਹੈ। ਇਸ ਵਾਸਤੇ ਗੁਰੂ ਨੂੰ ਸਾਡੇ ਨਾਲ ਡਬਲ ਮਿਹਨਤ ਕਰਨੀ ਪੈਂਦੀ ਹੈ। ਪਹਿਲਾਂ ਸਾਡੀ ਬੁੱਧੀ ਵਿਚੋਂ ਮੈਲ ਧੋਣੀ ਹੈ। ਫਿਰ ਉਸ ਬਰਤਨ ਵਿੱਚ ਅੰਮ੍ਰਿਤ ਗਿਆਨ ਪਾਉਂਦਾ ਹੈ।

**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**

*(ਪੰਨਾ ੪)*

ਗਿਆਨ ਪ੍ਰਾਪਤ ਕਰਨ ਦੀ ਸਿੱਖਿਆ ਮਨੁੱਖ ਨੂੰ ਆ ਗਈ ਹੈ। ਮਗਰ ਬ੍ਰਹਮ ਗਿਆਨ ਪ੍ਰਾਪਤ ਕਰਨ ਦੀ ਨਹੀਂ ਆਈ। ਬ੍ਰਹਮ ਵਿਦਿਆ ਨੂੰ ਪ੍ਰਾਪਤ ਕਰਨ ਲਈ ਵਿਦਿਆ ਨੂੰ ਛੱਡਣਾ ਪੈਂਦਾ ਹੈ। ਕਰਤਾਰ ਨੂੰ ਅਨੁਭਵ ਕਰਨ ਲਈ ਨਿਰਵਿਚਾਰ ਹੋਣਾ ਪੈਂਦਾ ਹੈ। ਦਿਮਾਗ਼ੀ ਵਿਚਾਰਾਂ ਜੇਕਰ ਸ਼ਾਂਤ ਨਾ ਹੋਣ ਤਾਂ ਇਹ ਬਹੁਤ ਤੇਜ਼ ਵਿਚਾਰਾਂ ਦਾ ਵੇਗ ਮਨੁੱਖ ਨੂੰ ਪਾਗਲਪਨ ਦੀ ਹਾਲਤ ਤਕ ਪਹੁੰਚਾ ਸਕਦਾ ਹੈ। ਪਾਗ਼ਲਖਾਨਿਆਂ ਵਿਚ ਜ਼ਿਆਦਾ ਗਿਣਤੀ ਇਹੋ ਜਿਹੇ ਲੋਕਾਂ ਦੀ ਹੈ।

ਦੂਜੇ ਥੋੜ੍ਹੇ ਥੋੜ੍ਹੇ ਉਹ ਲੋਕ ਹਨ, ਜਿਨ੍ਹਾਂ ਨੇ ਆਪਣੇ ਵਿਚਾਰਾਂ ਦੇ

ਵੇਗ ਤੇ ਕਾਬੂ ਪਾ ਲਿਆ ਹੈ। ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ ਹੈ। ਉਹ ਇਕਾਗਰਤਾ ਦੇ ਡੂੰਘੇ ਰਸ ਵਿਚ ਖੋਏ ਹਨ।

ਦੋ ਤਰ੍ਹਾਂ ਦੇ ਲੋਕਾਂ ਦਾ ਆਮ ਲੋਕਾਂ ਨਾਲ ਤਾਲ ਮੇਲ ਨਹੀਂ ਬੈਠਦਾ। ਇਕ ਉਹ ਲੋਕ ਹਨ, ਜੋ ਵਿਚਾਰਾਂ ਦੇ ਅਤੀ ਤੇਜ਼ ਵੇਗ ਕਰਕੇ ਆਪਣਾ ਦਿਮਾਗੀ ਤਵਾਜ਼ਨ ਖੋ ਬੈਠਦੇ ਹਨ। ਫਿਰ ਉਹ ਪਾਗ਼ਲ ਹੁੰਦੇ ਹਨ।

ਦੂਜੇ ਉਹ ਲੋਕ ਹਨ, ਜਿਨ੍ਹਾਂ ਨੇ ਆਪਣੇ ਬੇਲੋੜੇ ਵਿਚਾਰਾਂ ਦੇ ਪਰਵਾਹ ਨੂੰ ਰੋਕ ਕੇ ਪਰਮ ਸ਼ਾਂਤੀ ਪ੍ਰਾਪਤ ਕੀਤੀ ਹੈ। ਆਤਮਿਕ ਅਨੰਦ ਪ੍ਰਾਪਤ ਕੀਤਾ ਹੈ। ਆਮ ਲੋਕਾਂ ਦੀ ਦ੍ਰਿਸ਼ਟੀ ਵਿਚ ਇਹ ਦੋਵੇਂ ਹੀ ਪਾਗ਼ਲ ਹਨ।

ਪਾਗ਼ਲ ਦੇ ਖ਼ਿਆਲ ਏਨੇ ਨੀਵੇਂ ਹਨ ਕਿ ਆਮ ਬੰਦੇ ਦੇ ਪੈਰਾਂ ਹੇਠੋਂ ਲੰਘਦੇ ਹਨ। ਪਰ ਸ਼ਾਂਤ ਚਿੱਤ ਭਗਤ ਦਾ ਰਹਿਣ ਸਹਿਣ ਤੇ ਬੋਲ ਚਾਲ ਏਨਾ ਉੱਚਾ ਹੈ ਕਿ ਆਮ ਬੰਦੇ ਦੀ ਸਮਝ ਵਿਚ ਨਹੀਂ ਆਉਂਦਾ। ਇਕ ਦੇ ਤੀਰ (ਬਾਣ) ਇੰਨੇ ਕਮਜ਼ੋਰ ਹਨ ਕਿ ਉਚੇ ਨਹੀਂ ਜਾਂਦੇ। ਪੈਰਾਂ ਵਿਚ ਹੀ ਡਿਗਦੇ ਹਨ। ਇਕ ਦੇ ਬਾਣ ਵਿਚ ਇੰਨੀ ਸ਼ਕਤੀ ਹੈ ਕਿ ਅਕਾਸ਼ ਦੀ ਬੁਲੰਦੀ ਨੂੰ ਛੂਹਦੇ ਹਨ। ਉਹ ਵੀ ਆਮ ਲੋਕਾਂ ਦੀ ਸਮਝ ਤੋਂ ਪਰ੍ਹੇ ਹਨ। ਇਸ ਵਾਸਤੇ ਹੀ ਜਿਥੇ ਪਾਗ਼ਲ ਨੂੰ ਪਾਗਲਖਾਨੇ ਵਿਚ ਰਖਿਆ ਜਾਂਦਾ ਹੈ। ਉਥੇ ਸ਼ਾਂਤ ਚਿੱਤ ਮਹਾਂਪੁਰਖ ਨੂੰ ਵੀ ਰਾਹੀਆ, ਕੁਰਾਹੀਆ, ਪਗਲਾ, ਦੀਵਾਨਾ ਆਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ, ਆਪਣਾ ਨਿੱਜੀ ਅਨੁਭਵ ਦਰਸਾਉਂਦੇ ਹਨ ਕਿ —

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥**
**ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥** *(ਪੰਨਾ ੯੯੧)*

ਇਸੇ ਵਾਸਤੇ ਜਿਥੇ ਪਾਗ਼ਲ ਨੂੰ ਪਾਗ਼ਲਖਾਨੇ ਭੇਜਿਆ ਜਾਂਦਾ ਹੈ। ਉਥੇ ਮਹਾਪੁਰਖਾਂ ਨੂੰ ਤੱਤੀ ਤਵੀ ਤੇ ਬਿਠਾਇਆ ਜਾਂਦਾ ਹੈ। ਚਾਂਦਨੀ ਚੌਂਕ 'ਚ ਕਟਿਆ ਜਾਂਦਾ ਹੈ। ਉਬਲਦੀ ਦੇਗ ਵਿਚ ਉਬਾਲਿਆ ਜਾਂਦਾ ਹੈ। ਬੰਦ ਬੰਦ ਕੱਟਣ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ।

ਪਾਗ਼ਲ ਵਾਸਤੇ ਤਾਂ ਲੋਕਾਂ ਵਿਚ ਹਮਦਰਦੀ ਦੀ ਵੀ ਥਾਂ ਹੁੰਦੀ ਹੈ। ਪਰ ਮਹਾਪੁਰਖਾਂ ਵਾਸਤੇ ਨਹੀਂ। ਦਰਅਸਲ ਮਹਾਪੁਰਖ ਦੀ ਆਤਮਕ ਪ੍ਰਸੰਨਤਾ ਸੰਸਾਰੀਆਂ ਦੇ ਹੰਕਾਰ ਨੂੰ ਚੋਟ ਮਾਰਦੀ ਹੈ। ਇਸ ਵਾਸਤੇ ਮਹਾਪੁਰਖ

ਨੂੰ ਸਹਿਨ ਕਰਨਾ ਔਖਾ ਹੈ। ਮਹਾਪੁਰਖਾਂ ਤੋਂ ਪਿੱਛਾ ਛੁਡਾਉਣ ਦਾ ਅਸਾਨ ਤਰੀਕਾ ਫਿਰ ਇਹ ਹੀ ਹੁੰਦਾ ਹੈ ਕਿ ਉਸ ਨੂੰ ਵੀ ਪਾਗ਼ਲ ਆਖਿਆ ਜਾਵੇ। ਰਾਹੀਆ, ਕੁਰਾਹੀਆ ਆਖਿਆ ਜਾਵੇ।

ਬਨਾਰਸ ਦੇ ਸਭ ਤੋਂ ਸਿਆਣੇ ਤੇ ਪੰਡਤ ਲੋਕਾਂ ਨੇ ਕਬੀਰ ਨੂੰ ਪਾਗ਼ਲ ਤੇ ਬਉਰਾ ਕਹਿਣਾ ਸ਼ੁਰੂ ਕੀਤਾ ਸੀ।

**ਲੋਗੁ ਕਹੈ ਕਬੀਰੁ ਬਉਰਾਨਾ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ॥**

*(ਪੰਨਾ ੧੧੫੮)*

ਜੇਕਰ ਕੋਲ ਵਿਦਿਆ (ਗਿਆਨ) ਹੋਵੇ ਪਰ ਉਸ ਗਿਆਨ ਦੀ ਹਉਮੈ ਹੋਵੇ ਤਾਂ ਉਹ ਵਿਦਿਆ ਫਲੀਭੂਤ ਨਹੀਂ ਹੋ ਸਕਦੀ। ਇਹ ਹਕੀਕਤ ਹੈ ਕਿ ਜਿੰਨਾ ਗਿਆਨ ਵਧਦਾ ਹੈ ਉਨ੍ਹੀ ਹਉਮੈ ਵੀ ਵਧਦੀ ਹੈ। ਹਉਮੈ ਪ੍ਰਭੂ ਨੂੰ ਵੀ ਨਹੀਂ ਭਾਉਂਦੀ।

**ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥**

*(ਪੰਨਾ ੧੦੮੯)*

ਅੱਜ ਦੇ ਸਮੇਂ ਵਿਚ ਵਿਦਿਆ ਦਾ ਬੜਾ ਪ੍ਰਸਾਰ ਹੋਇਆ ਹੈ। ਇਸ ਵਾਸਤੇ ਅਹੰਕਾਰ ਦਾ ਵੀ ਬੜਾ ਪਰਸਾਰ ਹੋਇਆ ਹੈ। ਬੜੀ ਪ੍ਰਸਿੱਧ ਇਤਿਹਾਸਕ ਕਹਾਣੀ ਹੈ।

ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਮਹਾਪੁਰਖ ਹੋਏ ਹਨ। ਜਿਨ੍ਹਾਂ ਦਾ ਨਾਮ ਸੀ ਸੁਕਰਾਤ। ਸੁਕਰਾਤ ਇਕ ਦਿਨ ਸ਼ਾਮ ਦੇ ਵਕਤ ਸਮੁੰਦਰ ਦੇ ਕਿਨਾਰੇ ਤੇ ਟਹਿਲ ਰਹੇ ਸਨ। ਸਮੁੰਦਰ ਦੇ ਕਿਨਾਰੇ ਤੇ ਇਕ ਬੱਚਾ ਉੱਚੀ-ਉੱਚੀ ਰੋ ਰਿਹਾ ਸੀ। ਸੁਕਰਾਤ ਆਏ ਤੇ ਉਸ ਬੱਚੇ ਦੇ ਸਿਰ ਤੇ ਹੱਥ ਰੱਖ ਕੇ ਪੁਛਣ ਲਗੇ। ਤੂੰ ਕਿਉਂ ਰੋਂਦਾ ਹੈਂ? ਤਾਂ ਉਹ ਬੱਚਾ ਕਹਿਣ ਲਗਾ, ਬਾਬਾ! ਇਹ ਜੋ ਮੇਰੇ ਹੱਥ ਵਿਚ ਪਿਆਲਾ ਹੈ? ਤੂੰ ਦੇਖਦਾ ਹੈਂ? ਸੁਕਰਾਤ ਕਹਿਣ ਲਗੇ ਹਾਂ। ਬੱਚਾ ਕਹਿਣ ਲੱਗਾ ਮੈਂ ਇਸ ਪਿਆਲੇ ਵਿਚ ਸਵੇਰ ਤੋਂ ਲੈ ਕੇ ਹੁਣ ਸ਼ਾਮ ਤਕ ਚਮਚੇ ਨਾਲ ਸਮੁੰਦਰ ਦੇ ਪਾਣੀ ਨੂੰ ਭਰ ਰਿਹਾ ਹਾਂ। ਪਰ ਪਿਆਲਾ ਤਾਂ ਕਈ ਵਾਰ ਭਰਿਆ ਹੈ, ਪਰ ਇਹ ਕੰਬਖ਼ਤ ਸਮੁੰਦਰ ਨਹੀਂ ਮੁਕਦਾ (ਸਮਾਪਤ ਨਹੀਂ ਹੁੰਦਾ)। ਪਿਆਲਾ ਭਰ ਜਾਂਦਾ ਹੈ ਤੇ ਸਮੁੰਦਰ ਫਿਰ ਪਿਛੇ ਹੀ ਬਚ ਜਾਂਦਾ ਹੈ। ਬੱਚੇ ਦੇ ਇਹ ਬੋਲ ਸੁਣ ਕੇ ਸੁਕਰਾਤ ਵੀ ਰੋਣ ਲਗ ਪਏ। ਬੱਚਾ ਸੁਭਾਵਕ ਪੁੱਛਣ ਲਗਾ, ਬਾਬਾ! ਤੇਰਾ ਪਿਆਲਾ ਤੇ

ਚਮਚਾ ਕਿਥੇ ਹੈ?

ਸੁਕਰਾਤ ਕਹਿਣ ਲਗੇ ਐ ਮੇਰੇ ਬੱਚੇ! ਤੂੰ ਆਪਣੇ ਇਸ ਨਿੱਕੇ ਚਮਚੇ ਨਾਲ ਇਸ ਨਿੱਕੇ ਪਿਆਲੇ ਵਿਚ ਏਡਾ ਵੱਡਾ ਸਮੁੰਦਰ ਭਰਨਾ ਚਾਹੁੰਦਾ ਹੈਂ। ਮੈਂ ਆਪਣੀ ਛੋਟੀ ਬੁੱਧੀ ਦੇ ਚਮਚੇ ਨਾਲ ਆਪਣੇ ਨਿੱਕੇ ਦਿਮਾਗ਼ ਦੇ ਕਟੋਰੇ ਵਿਚ ਏਡੇ ਵੱਡੇ ਸੰਸਾਰ ਦਾ ਗਿਆਨ ਭਰਨਾ ਚਾਹੁੰਦਾ ਹਾਂ। ਅੱਜ ਤੈਨੂੰ ਰੋਂਦੇ ਵੇਖ ਕੇ ਮੈਨੂੰ ਪਤਾ ਲਗਾ ਹੈ ਕਿ ਨਿੱਕੇ ਪਿਆਲੇ ਵਿਚ ਵੱਡਾ ਸਮੁੰਦਰ ਨਹੀਂ ਪੂਰਾ ਆ ਸਕਦਾ। ਭਾਵੇਂ ਸਾਰੀ ਜ਼ਿੰਦਗੀ ਭਰਦੇ ਰਹੀਏ। ਅਖ਼ੀਰ ਰੋਣਾ ਪੈਂਦਾ ਹੈ। ਨਿੱਕੀ ਬੁੱਧੀ ਹੈ। ਬੁੱਧੀ ਦੇ ਨਿੱਕੇ ਚਮਚੇ ਨਾਲ ਨਿੱਕੇ ਜਿਹੇ ਦਿਮਾਗ਼ ਦੇ ਪਿਆਲੇ ਵਿਚ ਵੱਡੇ ਸੰਸਾਰ ਸਮੁੰਦਰ ਦਾ ਗਿਆਨ ਪੂਰਾ ਨਹੀਂ ਸਮਾ ਸਕਦਾ। ਇਸ ਕਰਕੇ ਮੈਂ ਰੋਂਦਾ ਹਾਂ।

ਕਹਿੰਦੇ ਹਨ ਕਿ ਉਸ ਬੱਚੇ ਨੇ ਸੁਕਰਾਤ ਦੀ ਇਹ ਗੱਲ ਸੁਣ ਕੇ ਆਪਣੇ ਹੱਥ ਵਿਚ ਫੜਿਆ ਹੋਇਆ ਚਮਚਾ ਤੇ ਪਿਆਲਾ ਵੱਡੇ ਸਮੁੰਦਰ ਵਿੱਚ ਸੁਟ ਦਿੱਤਾ। ਬੱਚੇ ਨੇ ਆਖਿਆ ਚਲੋ ਜੇ ਸਮੁੰਦਰ ਪਿਆਲੇ ਵਿਚ ਪੂਰਾ ਨਹੀਂ ਆ ਸਕਦਾ ਤਾਂ ਮੇਰਾ ਪਿਆਲਾ ਤਾਂ ਸਮੁੰਦਰ ਵਿਚ ਆ ਹੀ ਸਕਦਾ ਹੈ। ਇਹ ਵੇਖ ਕੇ ਤਾਂ ਸੁਕਰਾਤ ਉਸ ਬੱਚੇ ਦੇ ਪੈਰੀਂ ਹੱਥ ਲਾਉਣ ਤਕ ਗਿਆ। ਕਹਿਣ ਲਗਾ ਬੜਾ ਕੀਮਤੀ ਮੰਤਰ ਤੂੰ ਦਸਿਆ ਹੈ ਕਿ ਜੇਕਰ ਸਾਰੇ ਸੰਸਾਰ ਦਾ ਗਿਆਨ ਪੂਰਾ ਦਿਮਾਗ਼ ਦੇ ਪਿਆਲੇ ਵਿਚ ਨਹੀਂ ਆਉਂਦਾ ਤਾਂ ਆਪਣੇ ਆਪ ਦਾ ਗਿਆਨ ਪ੍ਰਮਾਤਮਾ ਨੂੰ ਸਮ੍ਰਪਤ ਕਰ ਦੇਣਾ ਚਾਹੀਦਾ ਹੈ। ਕਿਰਨ ਸੂਰਜ ਵਿਚ ਆ ਸਕਦੀ ਹੈ। ਸੂਰਜ ਕਿਰਨ ਵਿਚ ਨਹੀਂ ਸਮਾ ਸਕਦਾ। ਸੂਰਜ ਤਾਂ ਸਾਰੀ ਧਰਤੀ ਤੋਂ ਵੀ ਸੱਠ ਹਜ਼ਾਰ ਗੁਣਾ ਵੱਡਾ ਹੈ। ਉਹ ਸਾਡੇ ਨਿੱਕੇ ਘਰ ਵਿਚ ਕਿਵੇਂ ਪੂਰਾ ਸਮਾ ਸਕੇਗਾ। ਸਾਡੀ ਆਤਮਾ ਪ੍ਰਮਾਤਮਾ ਦੀ ਕਿਰਨ ਹੈ। ਪ੍ਰਮਾਤਮਾ ਸੂਰਜ ਹੈ। ਆਤਮਾ, ਪ੍ਰਮਾਤਮਾ ਵਿਚ ਸਮਾ ਸਕਦੀ ਹੈ। ਪ੍ਰਮਾਤਮਾ ਆਤਮਾ ਵਿਚ ਨਹੀਂ।

ਮਨ ਬੁੱਧ ਚਿਤ ਤੇ ਅਹੰ ਸਾਰੇ ਆਤਮਾ ਵਿਚ ਸਮਾ ਸਕਦੇ ਹਨ। ਇਸ ਵਾਸਤੇ ਆਪਣੀ ਬੁੱਧੀ ਦੇ ਚਮਚੇ ਤੇ ਦਿਮਾਗ਼ ਦੇ ਪਿਆਲੇ ਨੂੰ ਆਤਮਾ ਦੇ ਅੰਮ੍ਰਿਤ ਵਿਚ ਸਮ੍ਰਪਤ ਕਰ ਦੇਣਾ ਚਾਹੀਦਾ ਹੈ।

ਸੋ ਮਨੁੱਖ ਸੰਸਾਰ ਤੇ ਕਰਤਾਰ ਦੇ ਸਬੰਧ ਵਿਚ ਕਿੰਨਾ ਵੀ ਗਿਆਨ ਹਾਸਲ ਕਰ ਲਵੇ। ਉਹ ਸਾਰਾ ਗਿਆਨ ਅਧੂਰਾ ਹੀ ਹੋਵੇਗਾ। ਪਰ ਜਦੋਂ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਮੈਂ ਬਹੁਤ ਕੁਝ ਜਾਣ ਲਿਆ ਹੈ ਤਾਂ ਇਸ

ਨਾਲ ਹੰਕਾਰ ਭਿਅੰਕਰ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਅਹੰਕਾਰ ਪਰਮ ਸੁਖ ਪ੍ਰਾਪਤ ਕਰਨ ਵਿਚ ਰੁਕਾਵਟ ਬਣ ਜਾਂਦਾ ਹੈ। ਜਿਉਂ ਜਿਉਂ ਬੁੱਧ ਵਿਕਸਤ ਹੁੰਦੀ ਹੈ। ਜਾਣਕਾਰੀ ਵਧਦੀ ਹੈ। ਜਾਣਕਾਰੀ ਨਾਲ ਹੰਕਾਰ ਵਧਦਾ ਹੈ। ਅਹੰਕਾਰ ਸਾਰੇ ਵੈਰ ਵਿਰੋਧ ਤੇ ਵਿਤਕਰਿਆਂ ਨੂੰ ਜਨਮ ਦੇਂਦਾ ਹੈ। ਫਿਰ ਉਹ ਕਾਹਦਾ ਗਿਆਨ ਹੈ ਜੋ ਸਭ ਤਰ੍ਹਾਂ ਦੇ ਅਵਗੁਣਾਂ ਨੂੰ ਜਨਮ ਦੇਂਦਾ ਹੈ। ਹੰਕਾਰੀ ਬੰਦਾ ਮਨ ਕਰਕੇ ਜਾਣਦਿਆਂ ਹੋਇਆਂ ਹੀ ਗ਼ਲਤੀ ਕਰਦਾ ਹੈ।

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥**

*(ਪੰਨਾ ੧੩੭੬)*

ਉਜੈਨ ਨਗਰੀ ਉਹ ਨਗਰੀ ਹੈ ਜਿਥੇ ਕਦੀ ਰਾਜੇ ਭਰਥਰੀ ਨੇ ਰਾਜ ਕੀਤਾ ਸੀ ਤੇ ਇਸ ਨਗਰੀ ਤੋਂ ਆਪਣੀ ਰਾਣੀ ਪਿੰਗਲਾ ਦੀ ਬੇਵਫ਼ਾਈ ਕਰਕੇ ਰਾਜ ਛੱਡਕੇ ਜੋਗੀ ਬਣ ਕੇ ਚਲਾ ਗਿਆ ਸੀ। ਇਹੀ ਉਜੈਨ ਨਗਰੀ ਹੈ, ਜਿਥੇ ਰਾਜੇ ਬਿਕ੍ਰਮਾਜੀਤ ਨੇ ਰਾਜ ਕੀਤਾ। ਜਿਸ ਦੇ ਨਾਂ ਤੇ ਅੱਜ ਸੰਮਤ ਚਲ ਰਿਹਾ ਹੈ, ਅਤੇ ਇਹ ਰਾਜੇ ਭਰਥਰੀ ਦਾ ਛੋਟਾ ਭਰਾ ਸੀ। ਇਹੀ ਉਜੈਨ ਨਗਰੀ ਹੈ। ਜਿਥੇ ਰਾਜੇ ਭੋਜ ਨੇ ਰਾਜ ਕੀਤਾ ਸੀ। ਜੋ ਸੰਸਕ੍ਰਿਤ ਦਾ ਮਹਾਨ ਵਿਦਵਾਨ ਸੀ। ਇਹ ਨਗਰੀ ਵਿਦਿਆ ਤੇ ਅਕਲ ਦੀ ਖਾਨ ਸਮਝੀ ਜਾਂਦੀ ਸੀ। ਇਸ ਨਗਰੀ ਵਿਚ ਵਿਦਵਾਨਾਂ ਦੀ ਆਵਾਜਾਈ ਲਗੀ ਰਹਿੰਦੀ ਸੀ। ਅਤੇ ਕਦੀ ਕਦੀ ਵਿਦਵਾਨਾਂ ਦੀ ਬਹਿਸ ਵੀ ਹੁੰਦੀ ਰਹਿੰਦੀ ਸੀ। ਜਿਸ ਨੂੰ ਸੁਣਨ ਵਾਸਤੇ ਆਮ ਲੋਕਾਂ ਦਾ ਇਕੱਠ ਹੋ ਜਾਂਦਾ ਸੀ। ਅੱਜ ਲੋਕਾਂ ਦੀ ਭੀੜ ਹੈ, ਕਿਉਂਕਿ ਅੱਜ ਇਕ ਮਹਾਨ ਪੰਡਤ ਜੋ ਵਿਦਿਆ ਦੇ ਬਲ ਨਾਲ ਜਗਤ ਦੇ ਵਿਦਵਾਨਾਂ ਨੂੰ ਜਿੱਤਦਾ ਫਿਰਦਾ ਸੀ ਤੇ ਜਿਸਦਾ ਦਾਅਵਾ ਸੀ ਕਿ ਮੈਂ ਸਾਰੇ ਜਗਤ ਦੇ ਵਿਦਵਾਨਾਂ ਨੂੰ ਬਹਿਸ ਵਿਚ ਹਰਾ ਕੇ ਹੀ ਰਹਾਂਗਾ। ਇਸ ਬਾਰੇ ਪ੍ਰਸਿੱਧ ਸੀ ਕਿ ਇਹ ਚਰਚਾ ਅਰੰਭ ਕਰਨ ਤੋਂ ਪਹਿਲੇ ਇਕ ਸ਼ਰਤ ਲਗਾ ਦੇਂਦਾ ਸੀ ਕਿ ਜੇ ਮੈਂ ਚਰਚਾ ਵਿਚ ਹਾਰ ਗਿਆ, ਤਾਂ ਵਿਰੋਧੀ ਵਿਦਵਾਨ ਨੂੰ ਹੱਕ ਹੋਵੇਗਾ ਕਿ ਉਹ ਮੇਰੇ ਸਾਰੇ ਗ੍ਰੰਥ ਲੈ ਲਵੇ ਤੇ ਜੇ ਵਿਰੋਧੀ ਵਿਦਵਾਨ ਚਰਚਾ ਵਿਚ ਹਾਰ ਗਿਆ ਤਾਂ ਬਿਨਾ ਕਿਸੇ ਹੀਲ ਹੁਜਤ ਦੇ ਉਹ ਆਪਣੇ ਸਾਰੇ ਗ੍ਰੰਥ ਮੇਰੇ ਸਾਹਮਣੇ ਅਰਪਣ ਕਰ ਦੇਵੇਗਾ। ਇਹ ਪੰਡਤ ਉਜੈਨ ਨਗਰੀ ਵਿਚ ਆਇਆ। ਵਿਦਵਾਨਾਂ ਨੂੰ ਪਤਾ ਸੀ ਕਿ ਇਹ ਬੰਦਾ ਬੜਾ ਚਤੁਰ ਹੈ।

ਬਹਿਸ ਵਿਚ ਇਸ ਨੂੰ ਜਿੱਤਣਾ ਬੜਾ ਹੀ ਮੁਸ਼ਕਿਲ ਹੈ। ਇਕ ਜਯੋਤਸ਼ ਵਿਦਿਆ ਦੇ ਜਾਣਕਾਰ ਨੇ ਇਹ ਕਹਿ ਦਿੱਤਾ ਕਿ ਇਹ ਬਹੁਤ ਹੰਕਾਰਿਆ ਹੈ। ਮੇਰੀ ਵਿਦਿਆ ਅਨੁਸਾਰ ਅੰਦਾਜ਼ਾ ਹੈ ਕਿ ਇਸ ਨਗਰੀ ਦੇ ਇਕ ਤੇਲੀ ਕੋਲੋਂ ਇਸ ਨੂੰ ਹਾਰ ਹੋ ਸਕਦੀ ਹੈ। ਵੈਸੇ ਕੋਈ ਹੈਰਾਨਗੀ ਵਾਲੀ ਗੱਲ ਨਹੀਂ। ਵਿਦਵਾਨ ਸਿਰਫ਼ ਵਿਦਵਾਨ ਦੀ ਗੱਲ ਦਾ ਜਵਾਬ ਦੇ ਸਕਦਾ ਹੈ। ਕਿਸੇ ਵੀ ਮੂਰਖ ਨਾਲ ਵਾਹ ਪੈ ਜਾਏ ਤਾਂ ਵਿਦਵਾਨ ਪਾਸ ਉਸਦਾ ਕੋਈ ਉੱਤਰ ਨਹੀਂ। ਵਿਦਵਾਨ ਨੂੰ ਚੁੱਪ ਕਰਨਾ ਪੈਂਦਾ ਹੈ। ਲੋਕਾਂ ਦੀ ਨਜ਼ਰ ਵਿਚ ਜਿਹੜਾ ਚੁੱਪ ਕਰ ਗਿਆ, ਉਹ ਹਾਰ ਗਿਆ ਸਮਝ ਲਿਆ ਜਾਂਦਾ ਹੈ। ਕੁਝ ਵਿਦਵਾਨਾਂ ਨੂੰ ਇਹ ਰਾਏ ਪੰਸਦ ਆਈ ਕਿ ਜੇਕਰ ਹਾਰ ਵੀ ਜਾਏ ਤਾਂ ਇਕ ਤੇਲੀ ਹਾਰ ਜਾਏਗਾ। ਜੇ ਜਿੱਤ ਜਾਏ, ਫਿਰ ਤਾਂ ਉਸ ਵਿਦਵਾਨ ਦਾ ਕੁਝ ਰਹਿਣਾ ਹੀ ਨਹੀਂ। ਸਾਰੀ ਉਮਰ ਕਿਤੇ ਮੂੰਹ ਦੇਣ ਜੋਗਾ ਨਹੀਂ ਰਹੇਗਾ। ਖ਼ੈਰ ਕੁਛ ਵੀ ਹੋਵੇ। ਇਸ ਕੰਮ ਵਿਚ ਘਾਟੇ ਵਾਲੀ ਗੱਲ ਕੋਈ ਨਹੀਂ। ਦੋਵੇਂ ਪਾਸੇ ਫ਼ਾਇਦਾ ਹੀ ਫ਼ਾਇਦਾ ਹੈ। ਕੁਝ ਪੰਡਤ ਗਾਂਗੇ ਤੇਲੀ ਪਾਸ ਪਹੁੰਚ ਗਏ। ਵੇਖਿਆ ਇਸ ਦੀ ਇਕ ਅੱਖ ਨਹੀਂ। ਪਰ ਆਮ ਜਨਤਾ ਨਾਲ ਵਾਹ ਹੋਣ ਕਰਕੇ ਬੋਲਚਾਲ ਦਾ ਢੰਗ ਵੀ ਠੀਕ ਜਾਪਿਆ। ਵਿਦਵਾਨਾਂ, ਗਾਂਗੇ ਤੇਲੀ ਨੂੰ ਮਨਾ ਲਿਆ ਕਿ ਉਹ ਸਟੇਜ ਤੇ ਬੈਠ ਜਾਏਗਾ। ਅਗੇ ਜੋ ਹੋਵੇ ਉਸ ਦੀ ਕੋਈ ਜ਼ੁਮੇਵਾਰੀ ਨਹੀਂ। ਕਿਉਂਕਿ ਉਸਨੂੰ ਤਾਂ ਕੁਝ ਆਉਂਦਾ ਹੀ ਨਹੀਂ। ਉਹ ਅਨਪੜ੍ਹ ਹੈ। ਪੰਡਤਾਂ ਨੇ ਉਸਨੂੰ ਪੰਡਤਾਂ ਵਾਲਾ ਪਹਿਰਾਵਾ ਪਹਿਨਾ ਦਿਤਾ। ਗਾਂਗੇ ਨੇ ਕਦੀ ਜੁੱਤੀ ਪਾਈ ਨਹੀਂ ਸੀ। ਪਰ ਏਡੇ ਵਿਦਵਾਨ ਦੇ ਮੁਕਾਬਲੇ ਤੇ ਜਾਣ ਵਾਲਾ ਬੰਦਾ; ਨੰਗੇ ਪੈਰੀਂ ਜਾਏ, ਉਸਨੂੰ ਸ਼ੋਭਾ ਨਹੀਂ ਦੇਂਦਾ। ਵਿਦਵਾਨਾਂ ਨੇ ਜੁੱਤੀ ਵੀ ਲੈ ਕੇ ਪੈਰੀਂ ਪਵਾ ਦਿਤੀ। ਨਵੀਂ ਜੁੱਤੀ ਪੈਰਾਂ ਨੂੰ ਲਗੇ। ਦੁਖ ਦੇਵੇ। ਗਾਂਗੇ ਨੇ ਜੁੱਤੀ ਇਕ ਕਪੜੇ ਵਿਚ ਲਪੇਟੀ ਤੇ ਆਪਣੀ ਬਗਲ ਵਿਚ ਰਖ ਲਈ। ਬੜੇ ਹੀ ਆਦਰਮਾਨ ਨਾਲ ਗਾਂਗੇ ਨੂੰ ਵਿਦਵਾਨ ਮੰਚ ਤੇ ਲੈ ਕੇ ਗਏ। ਦੋਵਾਂ ਵਿਦਵਾਨਾਂ ਦੇ ਸਬੰਧ ਵਿਚ ਕੁਝ ਕਿਹਾ ਤੇ ਚਰਚਾ ਸ਼ੁਰੂ ਹੋ ਗਈ। ਬਾਹਰੋਂ ਆਏ ਵਿਦਵਾਨ ਨੇ ਕਿਹਾ ਕਿ ਮੈਂ ਰਸਨਾ ਨਾਲ ਬੋਲ ਕੇ ਚਰਚਾ ਕਰਨ ਤੋਂ ਪਹਿਲੇ ਹੱਥ ਦੇ ਇਸ਼ਾਰੇ ਸਮਝਣ ਤਾਂ ਫਿਰ ਜ਼ੁਬਾਨ ਨਾਲ ਗੱਲ ਹੋਵੇਗੀ। ਅਕਸਰ ਇਸ਼ਾਰਿਆਂ ਨਾਲ ਵਿਦਵਾਨ ਗੱਲਾਂ ਕਰਦੇ ਸਨ ਤੇ ਬਕਾਇਦਾ ਇਸ਼ਾਰਿਆਂ ਦੀ ਭਾਸ਼ਾ ਵੀ ਹੈ। ਜਿਵੇਂ ਕਿ ਅੱਜ ਵੀ ਗੂੰਗਿਆਂ ਦੀ ਭਾਸ਼ਾ ਇਸ਼ਾਰਿਆਂ ਦੀ ਭਾਸ਼ਾ ਹੀ ਹੈ। ਉਸ ਵਿਦਵਾਨ ਪੰਡਤ ਨੇ ਇਸ਼ਾਰੇ ਵਿਚ ਇਕ ਉਂਗਲੀ ਖੜੀ ਕੀਤੀ। ਜਿਸਦਾ ਭਾਵ ਸੀ ਕਿ

ਪ੍ਰਮਾਤਮਾ ਇਕ ਹੈ। ਪਰ ਗਾਂਗੇ ਨੇ ਆਪਣੀ ਸਮਝ ਅਨੁਸਾਰ ਕੁਝ ਸਮਝਣਾ ਸੀ। ਉਸ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਤੇਰੀ ਸਿਰਫ਼ ਇਕ ਅੱਖ ਹੈ। ਇਸ ਉਂਗਲੀ ਨਾਲ ਮੈਂ ਇਹ ਵੀ ਕੱਢ ਦਿਆਂਗਾ। ਉਸਨੇ ਸਮਝਿਆ, ਇਹ ਮੈਨੂੰ ਧਮਕੀ ਦੇ ਰਿਹਾ ਹੈ। ਇਸਦੇ ਉੱਤਰ ਵਿਚ ਗਾਂਗੇ ਨੇ ਦੋ ਉਂਗਲੀਆਂ ਖੜੀਆਂ ਕਰ ਦਿਤੀਆਂ ਕਿ ਜੇ ਤੂੰ ਮੇਰੀ ਇੱਕ ਅੱਖ ਕਢੇਂਗਾ ਤਾਂ ਮੈਂ ਤੇਰੀਆਂ ਦੋਵੇਂ ਹੀ ਅੱਖਾਂ ਕੱਢ ਦਿਆਂਗਾ। ਪੰਡਤ ਆਪਣੇ ਗਿਆਨ ਮੁਤਾਬਿਕ ਸਮਝਿਆ, ਕਿ ਇਹ ਕਹਿ ਰਿਹਾ ਹੈ ਕਿ ਪ੍ਰਮਾਤਮਾ ਤਾਂ ਇਕ ਹੈ, ਪਰ ਉਸ ਦੇ ਦੋ ਰੂਪ ਹਨ। ਇਕ ਨਿਰਗੁਣ ਦੂਸਰਾ ਸਰਗੁਨ। ਪੰਡਤ ਜੀ, ਸਮਝ ਗਏ ਕਿ ਬੰਦਾ ਸਮਝਦਾਰ ਹੈ। ਇਸ ਨੇ ਮੇਰੇ ਪ੍ਰਸ਼ਨ ਦਾ ਸਹੀ ਉੱਤਰ ਦਿੱਤਾ ਹੈ। ਓਨੇ ਦੂਸਰਾ ਪ੍ਰਸ਼ਨ ਕੀਤਾ ਕਿ ਪੰਜ ਤੱਤਾਂ ਦੇ ਪਸਾਰੇ ਕਰਕੇ ਦੋ ਰੂਪ ਭਾਸਦੇ ਹਨ। ਗਾਂਗੇ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਮੈਂ ਤੇਰੇ ਮੂੰਹ ਤੇ ਥੱਪੜ ਮਾਰਾਂਗਾ। ਗਾਂਗੇ ਨੇ ਇਸਦੇ ਉੱਤਰ ਵਿਚ ਮੁੱਠ ਬੰਦ ਕਰ ਲਈ ਕਿ ਥੱਪੜ ਦੇ ਉੱਤਰ ਵਿਚ ਮੈਂ ਮੁੱਕੀ ਮਾਰਾਂਗਾ। ਪੰਡਤ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ, ਜਦੋਂ ਉਹ ਪੰਜ ਤੱਤਾਂ ਨੂੰ ਸਮੇਟਦਾ ਹੈ ਤਾਂ ਖੇਲ ਖ਼ਤਮ ਹੋ ਜਾਂਦਾ ਹੈ। ਜਗਤ ਤਮਾਸ਼ਾ ਮੁੱਕ ਜਾਂਦਾ ਹੈ। ਪੰਡਤ ਨੇ ਗਾਂਗੇ ਨੂੰ ਚਰਚਾ ਕਰਨ ਦੇ ਯੋਗ ਸਮਝਿਆ। ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਉਸਨੇ ਪੁੱਛਣਾ ਚਾਹਿਆ ਕਿਸ ਸ਼ਾਸਤ੍ਰ ਦੇ ਅਧਾਰ ਤੇ ਬਹਿਸ ਕੀਤੀ ਜਾਏ। ਉਸਨੇ ਪੁੱਛ ਲਿਆ ਕਿ ਤੁਹਾਡੇ ਕੋਲ ਕਿਹੜਾ ਗ੍ਰੰਥ ਹੈ। ਗਾਂਗਾ ਵਿਚਾਰਾ ਸ਼ੂਦਰ। ਉਸਨੂੰ ਕੀ ਪਤਾ ਹੈ ਕਿ ਗ੍ਰੰਥ ਕੀ ਹਨ। ਸਾਰੀ ਉਮਰ ਕੋਹਲੂ ਹੀ ਚਲਾਉਂਦਾ ਰਿਹਾ। ਉਸਨੂੰ ਤਾਂ ਇਹ ਗਿਆਨ ਹੈ ਕਿ ਖਲ ਵਿਚੋਂ ਤੇਲ ਪੂਰਾ ਬਾਹਰ ਆ ਗਿਆ ਹੈ ਕਿ ਨਹੀਂ। ਸਰ੍ਹੋਂ ਠੀਕ ਹੈ ਕਿ ਨਹੀਂ। ਗਿਆਨ ਬਾਰੇ ਉਹ ਕੀ ਜਾਣੇ? ਪਰ ਨਾਲ ਲਿਆਉਣ ਵਾਲਿਆਂ ਉਸਨੂੰ ਸਮਝਾਇਆ ਸੀ ਕਿ ਤੂੰ ਚੁਪ ਨਹੀਂ ਕਰਨਾ। ਬੱਸ ਜੋ ਮੂੰਹ ਵਿਚ ਆਵੇ ਆਖੀ ਜਾਣਾ। ਗ਼ਲਤ ਠੀਕ ਦੀ ਪ੍ਰਵਾਹ ਹੀ ਨਹੀਂ ਕਰਨੀ। ਜੋ ਵੀ ਪੰਡਤ ਪੁੱਛੇ, ਉਸ ਦੇ ਜੁਵਾਬ ਵਿਚ ਕੁਛ ਨਾ ਕੁਛ ਕਹਿਣਾ ਹੀ ਹੈ। ਉਸੇ ਸਿਖਿਆ ਤੇ ਅਮਲ ਕਰਦਿਆਂ ਹੋਇਆਂ ਗਾਂਗੇ ਨੇ ਫੌਰਨ ਉੱਤਰ ਦਿੱਤਾ ਕਿ ਮੇਰੇ ਕੋਲ ਕਪੜੇ ਵਿਚ ਲਪੇਟਿਆ ਹੋਇਆ ਜੋ ਪੁਰਾਨ ਹੈ, ਇਸ ਦਾ ਨਾਂ ਕੰਟਕ ਚੂਰਨ ਪੁਰਾਨ ਹੈ। ਭਾਵ ਇਹ ਸੀ ਕਿ ਕੰਡਿਆਂ ਨੂੰ ਚੂਰ ਕਰਨ ਵਾਲਾ ਪੁਰਾਨ, ਜੁੱਤੀ ਹੈ ਤੇ ਪੁੱਛਣ ਲੱਗਾ ਤੁਸੀਂ ਪੜ੍ਹਿਆ ਹੈ ਕਿ ਨਹੀਂ। ਜੇ ਨਹੀਂ ਪੜ੍ਹਿਆ ਤਾਂ ਪੜ੍ਹ ਕੇ ਆਉ। ਪੰਡਤ ਕਹਿਣ

ਲੱਗਾ ਮੈਂ ਤਾਂ ਇਸਦਾ ਨਾਂ ਹੀ ਪਹਿਲੀ ਵਾਰ ਸੁਣ ਰਿਹਾ ਹਾਂ। ਗਾਂਗੇ ਨੇ ਕਿਹਾ, ਫਿਰ ਕੀ ਮਰਜ਼ੀ ਹੈ। ਪੰਡਤ ਨੇ ਸਿਰ ਝੁਕਾ ਕੇ ਕਿਹਾ, ਮੈਂ ਥੋੜ੍ਹਾ ਸਮਾਂ ਚਾਹੁੰਦਾ ਹਾਂ। ਤਾਂ ਕਿ ਇਸ ਨੂੰ ਪੜ੍ਹਕੇ ਵੇਖ ਸਕਾਂ। ਵਿਰੋਧੀ ਵਿਦਵਾਨਾਂ ਬੜਾ ਮਜ਼ਾਕ ਉਡਾਇਆ ਤੇ ਜਦੋਂ ਪੰਡਤ ਨੂੰ ਪਤਾ ਲੱਗਾ ਕਿ ਉਸ ਨਾਲ ਮਜ਼ਾਕ ਹੋਇਆ ਹੈ। ਵਿਰੋਧੀ ਕੋਈ ਵਿਦਵਾਨ ਨਹੀਂ ਸੀ। ਸਗੋਂ ਉਜੈਨ ਨਗਰੀ ਦਾ ਗਾਂਗਾ ਤੇਲੀ ਸੀ। ਤਾਂ ਉਹ ਬੜਾ ਹੀ ਝੂਰਿਆ —

**ਗੋਸਟ ਗਾਂਗੇ ਤੇਲੀਏ ਪੰਡਤ ਨਾਲ ਹੋਵੈ ਜਗ ਵੇਖੈ।**
**ਖੜੀ ਕਰੇ ਇਕ ਉਂਗਲੀ ਗਾਂਗਾ ਦੁਇ ਵੇਖਾਲੈ ਰੇਖੈ।**
**ਫੇਰ ਉਚਾਇ ਪੰਜਗੁਲਾਂ ਗਾਂਗਾ ਮੁਠ ਹਿਲਾਇ ਅਲੇਖੈ।**
**ਪੈਰੀਂ ਪੈ ਉਠ ਚਲਿਆ ਪੰਡਤ ਹਾਰ ਭੁਲਾਵੈ ਭੇਖੈ।**
**ਨਿਰਗੁਨ ਸਰਗੁਨ ਅੰਗ ਦੁਇ ਪਰਮੇਸੁਰ ਪੰਜ ਮਿਲਣ ਸਰੇਖੈ।**
**ਅਖੀਂ ਦੋਵੇ ਭੰਨਸਾਂ ਮੁੱਕੀ ਲਾਇ ਹਿਲਾਇ ਨਿਮੇਖੈ।**
**ਮੂਰਖ ਪੰਡਤ ਸੁਰਤ ਵਿਸੇਖੈ।** *(ਵਾਰ ੩੨, ਪਉੜੀ ੧੮, ਭਾ: ਗੁ:)*

ਇਸ ਕਥਾ ਨੂੰ ਪੜ੍ਹਕੇ ਪਤਾ ਲੱਗਦਾ ਹੈ ਕਿ ਸਮਝ ਕੀ ਹੈ ਅਤੇ ਬੇਸਮਝੀ ਕੀ ਹੈ? ਸਮਝ ਤੇ ਬੇਸਮਝੀ ਦੋ ਵੱਖ-ਵੱਖ ਚੀਜ਼ਾਂ ਨਹੀਂ। ਬਲਕਿ ਇਕ ਹੀ ਚੀਜ਼ ਦੇ ਦੋ ਸਿਰੇ ਹਨ। ਇਕ ਸਿਰਾ ਬੇਸਮਝੀ ਹੈ, ਦੂਸਰਾ ਸਿਰਾ ਸਮਝ ਹੈ। ਇਕ ਸਿਰਾ ਅਗਿਆਨਤਾ ਹੈ ਤੇ ਦੂਸਰਾ ਗਿਆਨ ਹੈ। ਹੈਰਾਨ ਕੁੰਨ ਗੱਲ ਇਹ ਹੈ ਕਿ ਵਿਦਵਾਨ ਪੰਡਤਾਂ ਨੂੰ ਵੀ ਇਕ ਅਗਿਆਨੀ ਅਨਪੜ੍ਹ ਗਾਂਗੇ ਤੇਲੀ ਦਾ ਸਹਾਰਾ ਲੈਣਾ ਪੈਂਦਾ ਹੈ। ਸਮਝ ਨੂੰ ਵੀ ਬੇਸਮਝੀ ਦਾ ਸਹਾਰਾ ਲੈਣਾ ਪੈਂਦਾ ਹੈ। ਸ਼ਾਇਦ ਇਸੇ ਲਈ ਹੀ ਇਕਬਾਲ ਨੇ ਕਿਹਾ ਸੀ —

**ਅਛਾ ਹੈ ਦਿਲ ਕੇ ਪਾਸ ਰਹੇ ਪਾਸਬਾਂ ਅਕਲ**
**ਲੇਕਿਨ ਕਭੀ-ਕਭੀ ਇਸੇ ਤਨਹਾ ਭੀ ਛੋੜ ਦੇ।**

*(ਡਾ: ਸਰ ਮੁਹੰਮਦ ਇਕਬਾਲ)*

ਪੰਡਤ ਦੀਆਂ ਗੱਲਾਂ ਦਾ ਜੁਵਾਬ ਤਾਂ ਤੇਲੀ ਦੇਈ ਜਾ ਰਿਹਾ ਹੈ। ਪੰਡਤ ਨੂੰ ਤੇਲੀ ਦੀ ਗੱਲ ਦਾ ਕੋਈ ਜੁਵਾਬ ਨਹੀਂ ਆ ਰਿਹਾ। ਪੰਡਤ ਦੇ ਪ੍ਰਸ਼ਨ, ਗਿਆਨ ਦੇ ਦਾਇਰੇ ਵਿਚ ਹਨ। ਜੋ ਉਸਨੇ ਪੜ੍ਹਿਆ ਹੈ। ਜੋ ਉਸਨੇ ਸਮਝਿਆ ਹੈ, ਪਰ ਸਮੁੱਚਾ ਜੀਵਨ ਨਾ ਹੀ ਪੜ੍ਹਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਮਝਦਾਰ ਜਿਸ

ਦੀਆਂ ਗੱਲਾਂ ਕਰਦੇ ਹਨ। ਉਸਨੂੰ ਜਾਣ ਨਹੀਂ ਸਕਦੇ। ਪਰ ਪੰਡਤ ਜਿਨ੍ਹਾਂ ਨੂੰ ਬੇਸਮਝ ਤੇ ਅਨਪੜ੍ਹ ਕਹਿੰਦੇ ਹਨ। ਉਹ ਰੱਬ ਦੀਆਂ ਗੱਲਾਂ ਭਾਵੇਂ ਘੱਟ ਕਰਨ, ਪਰ ਉਹ ਰੱਬ ਨੂੰ ਜਾਣਦੇ ਹਨ। ਉਹ ਦੂਸਰਿਆਂ ਨੂੰ ਬੇਸ਼ੱਕ ਕੁਝ ਸਮਝਾ ਨਹੀਂ ਸਕਦੇ। ਪਰ ਵਿਖਾ ਜ਼ਰੂਰ ਸਕਦੇ ਹਨ।

**ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖੁ ਨਾਮਦੇਉ ਰਾਮਹਿ ਜਾਨੈ॥**

*(ਪੰਨਾ ੭੧੮)*

ਪੰਡਤ ਮਨ ਬਾਰੇ ਵੀਚਾਰ ਦੇ ਸਕਦਾ ਹੈ, ਪਰ ਮਨ ਤੇ ਕਾਬੂ ਨਹੀਂ। ਕਬੀਰ ਸਾਹਿਬ ਕਹਿੰਦੇ ਹਨ, ਤੇਰਾ ਵੇਦ ਕੀ ਹੈ? ਮਨ ਬਾਰੇ ਵੀਚਾਰ ਕਿ ਮਨ ਕੀ ਹੈ? ਪਰ ਮੈਂ ਤਾਂ ਉਸ ਦੀ ਅਸਵਾਰੀ ਕਰ ਰਿਹਾ ਹਾਂ। ਤੇਰੇ ਵੇਦ ਵਿਚ ਜਿਸ ਮਨ ਬਾਰੇ ਵੀਚਾਰਾਂ ਹਨ। ਫਿਰ ਉਨ੍ਹਾਂ ਵੀਚਾਰਾਂ ਦੇ ਜਾਲ ਨਾਲੋਂ ਉਹ ਬੰਦਾ ਸੌਖਾ ਹੈ, ਭਲਾ ਹੈ, ਚੰਗਾ ਹੈ, ਜੋ ਮਨ ਤੇ ਅਸਵਾਰੀ ਕਰਨੀ ਜਾਣਦਾ ਹੈ।

**ਕਹਤ ਕਬੀਰ ਭਲੇ ਅਸਵਾਰਾ॥ ਬੇਦ ਕਤੇਬ ਤੇ ਰਹਹਿ ਨਿਰਾਰਾ॥**

*(ਪੰਨਾ ੩੨੯)*

ਕਈ ਵਾਰ ਐਸਾ ਹੁੰਦਾ ਹੈ ਕਿ ਵਿਦਵਾਨ ਵਿਦਿਆ ਦੇ ਬੋਝ ਥੱਲੇ ਇੰਨਾ ਦਬਿਆ ਜਾਂਦਾ ਹੈ ਕਿ ਵਿਵਹਾਰਕ ਜੀਵਨ ਵਿਚ, ਸਮਾਜਕ ਜੀਵਨ ਵਿਚ, ਉਹ ਥਾਂ-ਥਾਂ ਤੇ ਹਾਰ ਜਾਂਦਾ ਹੈ। ਪੰਡਤ ਨਾਲ ਤਾਂ ਐਸੀ ਹੁੰਦੀ ਹੈ ਕਿ ਕਬੀਰ ਸਾਹਿਬ ਕਹਿੰਦੇ ਹਨ —

"ਮੈਂ ਮਨ ਉਤੇ ਅਸਵਾਰ ਹਾਂ ਪਰ ਪੰਡਤ ਉਤੇ ਤਾਂ ਹਮੇਸ਼ਾਂ ਮਨ ਹੀ ਅਸਵਾਰ ਰਹਿੰਦਾ ਹੈ।"

ਜੇ ਦੂਸਰੇ ਨੂੰ ਦਬਾਉਣ ਦਾ ਖ਼ਿਆਲ ਹੈ, ਤਾਂ ਪੋਥੀ ਜੁੱਤੀ ਦਾ ਕੰਮ ਕਰ ਰਹੀ ਹੈ। ਗਾਂਗਾ ਵੀ ਗ਼ਲਤ ਕੰਮ ਕਰ ਰਿਹਾ ਹੈ। ਜੁੱਤੀ ਨੂੰ ਉਸ ਥਾਂ ਤੇ ਰਖਿਆ ਹੈ ਜਿਥੇ ਪੋਥੀ ਰਖੀਦੀ ਹੈ। ਬ੍ਰਹਮ ਚਰਚਾ ਵਿਚ ਜੁੱਤੀ ਲੈ ਜਾਣੀ ਠੀਕ ਨਹੀਂ। ਖੈਰ ਗਾਂਗੇ ਨੂੰ ਤਾਂ ਮੁਆਫ਼ ਕੀਤਾ ਜਾ ਸਕਦਾ ਹੈ। ਉਹ ਅਨਪੜ੍ਹ ਹੈ। ਪਰ ਪੰਡਤ ਨੂੰ ਮੁਆਫ਼ ਕਰਨਾ ਬੜਾ ਮੁਸ਼ਕਿਲ ਹੈ। ਫਿਰ ਗਾਂਗੇ ਕੋਲ ਇਕ ਉੱਤਰ ਹੈ ਕਿ ਜੇ ਇਸ ਸਭਾ ਵਿਚ ਮੈਂ ਜੁੱਤੀ ਲੈ ਕੇ ਗਿਆ ਹਾਂ ਤਾਂ ਮੇਰਾ ਕੀ ਗੁਨਾਹ ਹੈ? ਪੰਡਤ ਨੇ ਵੀ ਤਾਂ ਸ਼ਾਸਤ੍ਰ ਜੁੱਤੀ ਦੀ ਤਰ੍ਹਾਂ ਵਰਤਿਆ ਹੈ। ਪਰ ਪੰਡਤ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ

ਉਸਨੇ ਪੋਥੀ ਨੂੰ ਲੋਕਾਂ ਨੂੰ ਦਬਾਉਣ ਲਈ ਹਰਾਉਣ ਲਈ ਜੁੱਤੀ ਦੀ ਤਰ੍ਹਾਂ ਕਿਉਂ ਵਰਤਿਆ ਹੈ? ਫਿਰ ਜੇ ਗਾਂਗਾ ਜੁੱਤੀ ਦੇ ਮੁਕਾਬਲੇ ਜੁੱਤੀ ਲੈ ਗਿਆ ਹੈ, ਤਾਂ ਉਸਦਾ ਕੋਈ ਗੁਨਾਹ ਨਹੀਂ। ਉਹ ਸ਼ਾਸਤ੍ਰ ਦੇ ਮੁਕਾਬਲੇ ਵਿਚ ਜੁੱਤੀ ਲੈ ਕੇ ਨਹੀਂ ਗਿਆ। ਉਹ ਤਾਂ ਜੁੱਤੀ ਦੇ ਮੁਕਾਬਲੇ ਵਿਚ ਜੁੱਤੀ ਲੈ ਕੇ ਗਿਆ ਹੈ।

ਅਸਲ ਵਿਚ ਬੇਸਮਝੀ ਬੀਜ ਹੈ ਸਮਝਦਾਰੀ ਦਾ। ਜੇ ਬੰਦਾ ਅਗਿਆਨੀ ਨਾ ਹੁੰਦਾ ਤਾਂ ਦੁਨੀਆਂ ਦੇ ਗਿਆਨੀ ਕਦੋਂ ਦੇ ਬੇਕਾਰ ਹੋ ਗਏ ਹੁੰਦੇ। ਕੋਈ ਵਿਦਿਆਲਾ, ਕੋਈ ਸਕੂਲ, ਕਾਲਜ ਨਾ ਹੁੰਦਾ। ਅਗਿਆਨਤਾ ਦੇ ਆਸਰੇ ਹੀ ਗਿਆਨ ਦੀ ਖੇਡ ਚੱਲ ਰਹੀ ਹੈ। ਇਹ ਸੱਚ ਹੈ ਕਿ ਗਾਂਗੇ ਤੇਲੀ ਦੇ ਆਸਰੇ ਹੀ ਪੰਡਿਤ ਦੀਆਂ ਪੋਥੀਆਂ ਹਨ।

ਗਾਂਗੇ ਦੀ ਅਗਿਆਨਤਾ ਨਾ ਹੋਵੇ ਤਾਂ ਪੰਡਿਤ ਦੀਆਂ ਪੋਥੀਆਂ ਬੇਕਾਰ ਹੋ ਜਾਣ। ਕਿਸੇ ਉਸਤਾਦ ਨੂੰ ਪੁਛੋ ਕਿ ਤੁਸੀਂ ਕਹਿੰਦੇ ਹੋ ਅਨਪੜ੍ਹ ਅਗਿਆਨੀ ਪਸ਼ੂ ਹੈ, ਮੂਰਖ ਹੈ। ਅਗਿਆਨਤਾ ਨਾਲ ਮੇਰਾ ਵੈਰ ਹੈ। ਫਿਰ ਕਿਉਂ ਅਗਿਆਨੀਆਂ ਨੂੰ ਲੱਭਦੇ ਫਿਰਦੇ ਹੋ? ਕੀ ਤੁਹਾਡੇ ਪਾਸ ਪੜ੍ਹਨ ਵਾਸਤੇ ਮਹਾਂ ਗਿਆਨੀ ਆਉਂਦੇ ਹਨ। ਜੁਵਾਬ ਮਿਲਦਾ ਹੈ ਕਿ ਪੜ੍ਹਕੇ ਸਿਆਣੇ ਹੋ ਜਾਣਗੇ। ਇਸ ਦਾ ਭਾਵ ਹੈ ਕਿ ਸਿਖਣ ਦੀ ਸ਼ਕਤੀ, ਵਿਦਿਆ ਗ੍ਰਹਿਣ ਕਰਨ ਦੀ ਸ਼ਕਤੀ ਪ੍ਰਮਾਤਮਾ ਨੇ ਇਸ ਮਨੁੱਖ ਦੇ ਅੰਦਰ ਪਹਿਲਾਂ ਹੀ ਟਿਕਾਈ ਹੋਈ ਹੈ। ਜਿਸ ਦੇ ਅੰਦਰ ਗ੍ਰਹਿਣ ਕਰਨ ਦੀ ਸ਼ਕਤੀ ਨਹੀਂ, ਉਸ ਨੂੰ ਕੋਈ ਪੜ੍ਹਾ ਕੇ ਦਸੋ। ਕੁੱਤਾ ਜਿਵੇਂ ਸਤਿਜੁਗ ਵਿਚ ਭੌਂਕਦਾ ਸੀ, ਅਜ ਵੀ ਉਸੇ ਤਰ੍ਹਾਂ ਹੀ ਭੌਂਕਦਾ ਹੈ। ਕੁੱਤੇ ਤੇ ਨਾ ਸਮੇਂ ਦਾ ਤੇ ਨਾ ਹੀ ਦੇਸ਼ ਜਾਂ ਭਾਸ਼ਾ ਦਾ ਅਸਰ ਹੁੰਦਾ ਹੈ। ਮੈਂ ਇੰਡੀਆ, ਨਿਪਾਲ, ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਜਾਪਾਨ, ਇੰਗਲੈਂਡ, ਕਨੇਡਾ ਦੇ ਕੁੱਤੇ ਭੌਂਕਦੇ ਸੁਣੇ ਹਨ। ਸਾਰਿਆਂ ਦੀ ਭੌਂਕਣ ਦੀ ਆਵਾਜ਼ ਇਕੋ ਜਿਹੀ ਹੈ। ਐਸਾ ਨਹੀਂ ਕਿ ਭਾਰਤ ਦੇ ਕੁੱਤੇ ਹਿੰਦੀ ਵਿਚ ਭੌਂਕਦੇ ਹਨ ਤੇ ਇੰਗਲੈਂਡ ਦੇ ਕੁੱਤੇ ਅੰਗਰੇਜ਼ੀ ਵਿਚ ਭੌਂਕਦੇ ਹਨ। ਕਾਂ ਵੀ ਹਰ ਦੇਸ਼ ਵਿਚ ਕਾਂ ਕਾਂ ਹੀ ਕਰਦਾ ਹੈ। ਜੇ ਵਿਦਵਾਨ ਪੜ੍ਹਾ ਸਕਣ ਤਾਂ ਸਾਰੇ ਰਲਕੇ ਕਾਂ ਦੀ ਬੋਲੀ ਬਦਲ ਦੇਣ। ਪਰ ਐਸਾ ਨਹੀਂ ਕਰ ਸਕੇ। ਬੰਦੇ ਦੀ ਹੀ ਬੇਸਮਝੀ ਦੂਰ ਕਰਨ ਤੇ ਕਿਉਂ ਜ਼ੋਰ ਹੈ। ਬੰਦੇ ਨੂੰ ਹੀ ਪੜ੍ਹਾਉਣ ਤੇ ਕਿਉਂ ਜ਼ੋਰ ਹੈ। ਉਸਤਾਦ ਚੰਗੀ ਤਰ੍ਹਾਂ ਸਮਝਦਾ ਹੈ ਕਿ ਬੰਦੇ ਦੀ ਬੇਸਮਝੀ ਵਿਚ ਪ੍ਰਮਾਤਮਾ ਨੇ ਸਮਝਦਾਰੀ ਰੱਖੀ ਹੋਈ ਹੈ। ਇਸ ਨੂੰ ਸਿਖਾਇਆ ਜਾ ਸਕਦਾ ਹੈ। ਬਾਣੀ ਵਿਚ ਇਸੇ ਲਈ ਕਿਹਾ ਹੈ —

**ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥**

*(ਪੰਨਾ ੯੮)*

ਮਨੁੱਖ ਬਾਹਰੀ ਗਿਆਨ ਜਿੰਨਾ ਮਰਜ਼ੀ ਹਾਸਲ ਕਰ ਲਵੇ ਪਰ ਪ੍ਰਮਾਤਮਾ ਪ੍ਰਤੀ ਉਹ ਅਗਿਆਨੀ ਹੀ ਹੈ। ਇਸ ਅਗਿਆਨ ਨੂੰ ਕਬੂਲ ਕਰਨਾ ਬਹੁਤ ਮੁਸ਼ਕਲ ਹੈ।

ਹਜ਼ਰਤ ਸ਼ੇਖ ਸਾਅਦੀ ਦਾ ਕਹਿਣਾ ਹੈ ਕਿ ਅਗਿਆਨੀ ਅੰਧਕਾਰ ਵਿਚ ਭਟਕਦੇ ਹਨ। ਪਰ ਤਥਾ ਕਥਿਤ ਗਿਆਨੀ ਮਹਾਂ ਅੰਧਕਾਰ ਵਿਚ ਭਟਕਦੇ ਹਨ। ਅਗਿਆਨੀ ਨੂੰ ਤਾਂ ਕਿਸੇ ਵਕਤ ਬੋਧ ਹੋ ਸਕਦਾ ਹੈ ਕਿ ਮੈਂ ਨਹੀਂ ਜਾਣਦਾ। ਪਰ ਗਿਆਨੀ ਕੋਲ ਉਧਾਰਾ ਗਿਆਨ ਹੈ। ਆਪਣਾ ਵੀ ਨਹੀਂ। ਇਹ ਉਧਾਰੇ ਗਿਆਨ ਦਾ ਭਰਮ ਇਹ ਬੋਧ ਵੀ ਨਹੀਂ ਹੋਣ ਦੇਂਦਾ। ਉਧਾਰੇ ਗਿਆਨ ਨਾਲ ਹਕੀਕੀ (ਅਸਲੀ) ਜੀਵਨ ਉਦੇ ਨਹੀਂ ਹੁੰਦਾ। ਕਿਉਂਕਿ ਉਧਾਰਾ ਗਿਆਨ ਬੇ-ਬੁਨਿਆਦ ਹੁੰਦਾ ਹੈ। ਇਸ ਤਰ੍ਹਾਂ ਦੇ ਗਿਆਨ ਦੀਆਂ ਜੜ੍ਹਾਂ ਨਹੀਂ ਹੁੰਦੀਆਂ। ਇਸ ਲਈ ਅਸਲੀ ਹਰਿਆਵਲ ਤੋਂ ਜੀਵਨ ਵਾਂਝਾ ਰਹਿੰਦਾ ਹੈ।

ਅੱਜ ਦੀ ਦੁਨੀਆਂ ਵਿਚ ਗਿਆਨ ਤਾਂ ਬਹੁਤ ਹੈ ਪਰ ਬੁਨਿਆਦ ਰਹਿਤ ਹੈ। ਇਸ ਵਾਸਤੇ ਅੱਜ ਦੇ ਗਿਆਨ ਨਾਲ ਜੀਵਨ ਚਲਦਾ ਜ਼ਰੂਰ ਹੈ। ਪਰ ਬਦਲਦਾ ਨਹੀਂ ਹੈ। ਪਿਤਾ ਦਾ ਕਮਾਇਆ ਹੋਇਆ ਧਨ ਵਿਰਸੇ ਵਿਚ ਮਿਲ ਜਾਵੇ ਤਾਂ ਮਨੁੱਖ ਧਨਵਾਨ ਤਾਂ ਅਖਵਾ ਸਕਦਾ ਹੈ। ਪਰ ਖ਼ੁਦ ਧਨ ਕਮਾ ਕੇ ਧਨਵੰਤ ਹੋਣਾ, ਇਹ ਅਵਸਥਾ ਕੁਝ ਹੋਰ ਹੁੰਦੀ ਹੈ।

ਪ੍ਰਸੂਤ ਦੀ ਪੀੜਾ ਤੋਂ ਲੰਘ ਕੇ ਬੱਚੇ ਦਾ ਗੋਦ ਹੋਣਾ ਹੋਰ ਗੱਲ ਹੈ। ਪਰ ਕਿਸੇ ਦਾ ਬੱਚਾ ਗੋਦ ਲੈਣਾ ਇਹ ਗੱਲ ਹੋਰ ਹੈ। ਇਸ ਨਾਲ ਇਸਤਰੀ ਮਾਂ ਨਹੀਂ ਬਣ ਸਕਦੀ। ਕਿਉਂਕਿ ਸਿਰਫ਼ ਬੱਚੇ ਦਾ ਹੀ ਜਨਮ ਨਹੀਂ ਹੁੰਦਾ। ਮਾਂ ਦਾ ਜਨਮ ਵੀ ਹੁੰਦਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਸਿਰਫ਼ ਔਰਤ ਹੈ। ਬੱਚੇ ਦੇ ਜਨਮ ਤੋਂ ਬਾਅਦ ਮਾਂ ਦਾ ਜਨਮ ਹੁੰਦਾ ਹੈ। ਬੱਚਾ ਗੋਦ ਲੈਣ ਨਾਲ ਮਮਤਾ ਉਜਾਗਰ ਨਹੀਂ ਹੁੰਦੀ। ਨੌਂ ਮਹੀਨੇ ਗਰਭ ਦੀ ਪੀੜਾ ਤੇ ਪ੍ਰਸੂਤ ਦੀ ਪੀੜਾ ਤੋਂ ਲੰਘਣ ਤੋਂ ਬਿਨਾਂ ਮਮਤਾ (ਮਾਂ) ਦਾ ਪੈਦਾ ਹੋਣਾ ਔਖਾ ਹੈ। ਜਦੋਂ ਮਾਂ ਹੀ ਪੈਦਾ ਨਹੀਂ ਹੋਈ ਤਾਂ ਬੱਚੇ ਦਾ ਪੈਦਾ ਹੋਣਾ ਝੂਠਾ ਹੈ।

ਬਾਹਰੋਂ ਇਕੱਠਾ ਕੀਤਾ ਗਿਆ ਗਿਆਨ, ਗਿਆਨੀ ਹੋਣ ਦਾ ਭਰਮ ਤਾਂ ਪੈਦਾ ਕਰ ਦੇਂਦਾ ਹੈ। ਪਰ ਅਨੁਭਵ ਹੀਣ ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਅੰਦਰ ਅਹੰਕਾਰ ਤੇ ਕਪਟ ਹੁੰਦਿਆਂ ਹੋਇਆਂ ਵੀ ਇਹ ਗਿਆਨੀ ਬਣਿਆ ਰਹਿੰਦਾ ਹੈ।

**ਰ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥**

*(ਪੰਨਾ ੬੫੪)*

ਉਪਰੋਂ ਥਾਪਿਆ ਹੋਇਆ ਗਿਆਨ ਪਾਣੀ ਰਿੜਕਣ ਬਰਾਬਰ ਹੈ। ਪਾਣੀ ਵਿਚੋਂ ਮੱਖਣ ਨਹੀਂ ਨਿਕਲਦਾ। ਅਨੁਭਵ ਹੀਣ ਗਿਆਨ ਵਿਚੋਂ ਤੱਤ ਵਸਤੂ (ਆਤਮ ਰਸ) ਦੀ ਪ੍ਰਾਪਤੀ ਨਹੀਂ ਹੁੰਦੀ। ਭੁਲੇਖਾ ਤਾਂ ਦਹੀਂ ਦੇ ਰਿੜਕਣ ਦਾ ਬਣਿਆ ਰਹਿੰਦਾ ਹੈ। ਪਰ ਅਸਲ ਵਿਚ ਪਾਣੀ ਹੀ, ਮਥਿਆ ਹੈ।

**ਐਸੋ ਅਚਰਜੁ ਦੇਖਿਓ ਕਬੀਰ॥ ਦਧਿ ਕੈ ਭੋਲੈ ਬਿਰੋਲੈ ਨੀਰੁ॥**

*(ਪੰਨਾ ੩੨੬)*

ਕਬੀਰ, ਰਵਿਦਾਸ, ਨਾਮਦੇਵ, ਜੈ-ਦੇਵ, ਸਧਨਾ ਆਦਿ ਸਾਰੇ ਭਗਤਾਂ ਕਿਤੋਂ ਗਿਆਨ ਪ੍ਰਾਪਤ ਨਹੀਂ ਕੀਤਾ। ਬਲਕਿ ਜੋ ਕੁਝ ਵੀ ਉਨ੍ਹਾਂ ਨੇ ਸੰਸਾਰ ਦੀ ਝੋਲੀ ਵਿਚ ਪਾਇਆ ਹੈ। ਉਹ ਸਾਰਾ ਉਨ੍ਹਾਂ ਦਾ ਨਿਜੀ ਅਨੁਭਵ ਹੈ। ਤਥਾ ਕਥਿਤ ਗਿਆਨੀ ਤਾਂ ਉਨ੍ਹਾਂ ਦੇ ਨਿਜੀ ਅਨੁਭਵ ਦੇ ਗਿਆਨ ਰਾਹੀਂ ਥੀਸਸ ਲਿਖਦੇ ਰਹਿੰਦੇ ਹਨ। ਲੋਕ ਪੀ. ਐਚ. ਡੀ. ਕਰਦੇ ਹਨ। ਉਨ੍ਹਾਂ ਮਹਾਪੁਰਖਾਂ ਨੂੰ ਪੜ੍ਹ ਕੇ ਬੜੇ ਬੜੇ ਡਿਪਲੋਮੇ ਪ੍ਰਾਪਤ ਕਰਦੇ ਹਨ। ਪਰ ਇਹਨਾਂ ਮਹਾਪੁਰਖਾਂ ਦਾ ਸਾਰਾ ਨਿਜੀ ਅਨੁਭਵੀ ਗਿਆਨ ਹੈ। ਬਾਹਰੋਂ ਇਕੱਠਾ ਨਹੀਂ ਕੀਤਾ। ਉਨ੍ਹਾਂ ਕੋਲ ਸੱਤ ਅਸੱਤ ਨੂੰ ਵੇਖਣ ਵਾਲੀ ਅੱਖ ਹੈ। ਜੋ ਵੇਖਿਆ ਹੈ, ਉਹ ਆਖਿਆ ਹੈ। ਜੋ ਜਾਣਿਆ ਹੈ। ਉਹ ਮਾਣਿਆ ਹੈ। ਉਸ ਦੀ ਵਿਚਾਰ ਕੀਤੀ ਹੈ।

**ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥**

*(ਪੰਨਾ ੮੯੪)*

ਕੁਰਾਨ ਕੰਠ ਕਰ ਲੈਣਾ ਬਹੁਤਾ ਔਖਾ ਨਹੀਂ। ਥੋੜ੍ਹੇ ਦਿਨਾਂ ਦੀ ਦਿਮਾਗ਼ੀ ਮਿਹਨਤ ਹੈ। ਲੇਕਿਨ ਕੁਰਾਨ ਦਾ ਰੂਪ ਹੋ ਜਾਣਾ ਔਖਾ ਹੈ। ਗੀਤਾ ਕੰਠ ਕਰ ਕੇ ਪੰਡਿਤ ਹੋਣਾ ਸੌਖਾ ਹੈ। ਪਰ ਗੀਤਾ ਦਾ ਰੂਪ ਹੋਣਾ ਔਖਾ ਹੈ। ਅਕਸਰ ਬਹੁਤੀ ਗੁਰਬਾਣੀ ਕੰਠ ਕਰ ਲੈਣ ਵਾਲਾ ਵੱਡਾ ਗਿਆਨੀ ਕਿਹਾ ਜਾਂਦਾ ਹੈ। ਸਨਮਾਨ ਮਿਲਦਾ ਹੈ। ਪਰ ਗੁਰਬਾਣੀ ਦਾ ਰੂਪ ਹੋ ਜਾਣਾ ਬਹੁਤ ਵੱਡੀ ਘਾਲਣਾ ਹੈ। ਕੰਠ ਵਿਚ ਤਾਂ ਬਹੁਤਿਆਂ ਦੇ ਵੱਸੀ ਹੈ। ਪਰ ਹਿਰਦੇ ਵਿਚ ਤਾਂ ਕੋਈ ਕੋਈ ਧਾਰਨ ਕਰਦਾ ਹੈ।

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥**

*(ਪੰਨਾ ੯੨੦)*

ਇਹ ਸੁਣ ਕੇ ਪੰਡਿਤ ਕਹਿਣ ਲਗਾ ਕਿ ਫਿਰ ਤੇ ਤੇਰੀ ਜ਼ਿੰਦਗੀ ਰੁਪਏ ਵਿਚੋਂ ਬਾਰਾਂ ਆਨੇ ਬੇਕਾਰ ਹੈ।

ਅਚਾਨਕ ਹੀ ਉਸ ਨਦੀ ਵਿਚ ਹੜ੍ਹ ਆ ਗਿਆ ਹਨੇਰੀ ਦੇ ਨਾਲ ਬਾਰਸ਼ ਵੀ ਹੋਣ ਲਗ ਪਈ। ਬੇੜੀ ਡਗਮਗਾਉਣ ਲਗ ਪਈ। ਉਸ ਗ਼ਰੀਬ ਮਲਾਹ ਨੇ ਕਿਹਾ ਪੰਡਿਤ ਜੀ! ਤੁਹਾਨੂੰ ਤਰਨਾ ਆਉਂਦਾ ਹੈ? ਪੰਡਿਤ ਕਹਿਣ ਲਗਾ! ਨਹੀਂ! ਮੈਨੂੰ ਤਾਂ ਤਰਨਾ ਨਹੀਂ ਆਉਂਦਾ। ਗ਼ਰੀਬ ਮਲਾਹ ਕਹਿਣ ਲਗਾ ਕਿ ਫਿਰ ਤੁਹਾਡੀ ਜ਼ਿੰਦਗੀ ਰੁਪਏ ਚੋਂ ਸੋਲ੍ਹਾਂ ਆਨੇ ਹੀ ਬੇਕਾਰ ਗਈ ਸਮਝੋ। ਬੇੜੀ ਡੁੱਬਣ ਦੇ ਕਰੀਬ ਹੈ। ਮੈਂ ਤਰ ਕੇ ਜਾ ਰਿਹਾ ਹਾਂ। ਤੁਸੀਂ ਆਪਣਾ ਬਚਾ ਕਰੋ ਜੇ ਹੋ ਸਕਦਾ ਹੈ ਤਾਂ।

ਜ਼ਿੰਦਗੀ ਵਿਚ ਇਹ ਜੋ Knowing about ਹੈ। ਯਾਨੀ ਕਿ ਵਸਤਾਂ ਦੇ ਸਬੰਧ ਵਿਚ ਜਾਣ ਲੈਣਾ। ਇਹ ਕੋਈ ਬਹੁਤਾ ਕੀਮਤੀ ਨਹੀਂ ਹੈ। ਸੱਚ ਦੇ ਬਾਰੇ ਵਿਚ ਜਾਣ ਲੈਣਾ, ਪਰ ਆਪ ਖ਼ੁਦ ਸੱਚਾਈ ਤੇ ਤੁਰ ਨਾ ਸਕਣਾ। ਕੁਝ ਅਰਥ ਨਹੀਂ ਰਖਦਾ। ਜਿੰਨੀ ਦੇਰ ਖ਼ੁਦ ਸੱਚ ਵਿਚ ਸੱਚਾ ਨਾ ਹੋ ਜਾਵੇ। ਉਨ੍ਹੀ ਦੇਰ ਤਕ ਸੱਚ ਬਾਰੇ ਜਾਣਿਆ ਹੋਇਆ, ਭਾਵ ਕਿ ਸੱਚ ਬਾਰੇ ਪੜ੍ਹੀ ਹੋਈ ਵਿਦਿਆ ਬੇ-ਮਤਲਬ ਹੈ।

ਭਾਸ਼ਾ ਕੋਸ਼ ਵਿਚ ਇਕ ਸ਼ਬਦ ਲਿਖਿਆ ਹੈ "ਘੋੜਾ"। ਪਰ ਇਹ ਲਿਖਿਆ ਹੋਇਆ ਪੜ੍ਹਕੇ ਵੀ ਉਸ ਉਪਰ ਅਸੀਂ ਅਸਵਾਰੀ ਨਹੀਂ ਕਰ ਸਕਦੇ। ਉਸ ਨੂੰ ਘੋੜਾ ਸਮਝ ਕੇ ਵੀ ਉਹ ਘੋੜੇ ਵਾਲਾ ਕੰਮ ਨਹੀਂ ਦੇ ਸਕਦਾ। ਸੱਚ ਦੇ ਸਬੰਧ ਵਿਚ ਜਾਣ ਲੈਣਾ ਇਹ ਬਹੁਤਾ ਕੀਮਤੀ ਨਹੀਂ ਹੈ। ਸੱਚ ਦੇ ਬਾਰੇ ਵਿਚ ਜਾਣ ਲੈਣਾ ਪਰ ਆਪ ਖ਼ੁਦ ਸਚਾਈ ਤੇ ਤੁਰ ਨਾ ਸਕਣਾ। ਜਿਤਨੀ ਦੇਰ ਖ਼ੁਦ ਸੱਚ ਵਿਚ ਸੱਚ ਨਾ ਹੋ ਜਾਵੇ ਉਨ੍ਹੀ ਦੇਰ ਤਕ ਸੱਚ ਬਾਰੇ ਜਾਣਿਆ ਹੋਇਆ, ਭਾਵ ਸੱਚ ਬਾਰੇ ਵਿਦਿਆ ਪੜ੍ਹੀ ਹੋਈ ਬੇ-ਮਤਲਬਾ ਹੈ।

ਭਾਸ਼ਾ ਕੋਸ਼ ਵਿਚ ਲਿਖਿਆ ਹੈ ਇਕ ਸ਼ਬਦ, "ਘੋੜਾ,,। ਪਰ ਇਹ ਲਿਖਿਆ ਪੜ੍ਹ ਕੇ ਵੀ ਅਸੀਂ ਉਸ ਉਪਰ ਸੁਆਰੀ ਨਹੀਂ ਕਰ ਸਕਦੇ। ਉਸ ਨੂੰ ਘੋੜਾ ਸਮਝ ਕੇ ਵੀ ਉਹ ਘੋੜੇ ਵਾਲਾ ਕੰਮ ਨਹੀਂ ਦੇ ਸਕਦਾ। ਸਚਾਈ ਦੀ ਖੋਜ ਸਮੇਂ ਅਸੀਂ ਇਕ ਲਿਖੇ ਹੋਏ ਇਸ਼ਾਰੇ ਨੂੰ ਹੀ ਸੱਚ ਮੰਨ ਲਿਆ ਹੈ। ਠੀਕ ਹੈ! ਇਸ਼ਾਰਾ ਭੀ ਹੈ ਪਰ ਇਸ਼ਾਰਾ ਮੰਜ਼ਲ ਨਹੀਂ ਹੈ। ਇਕ ਕਿਤਾਬ ਵਿਚ ਲਿਖਿਆ 'ਈਸ਼ਵਰ,। ਅਸੀਂ ਉਸ ਨੂੰ ਪੜ੍ਹ ਕੇ ਨਮਸਕਾਰ ਕਰਦੇ ਹਾਂ।

ਕੀ ਜਦੋਂ ਅਸੀਂ ਕਿਸੇ ਗੱਡੀ ਵਿਚ ਸਫ਼ਰ ਕਰਦੇ ਹਾਂ। ਫਰਜ਼ੀਆ ਅਸੀਂ ਦਿੱਲੀ ਜਾਣਾ ਹੋਵੇ। ਰਸਤੇ ਵਿਚ ਹੀ ਕਈ ਮੀਲ ਪੱਥਰਾਂ ਉਪਰ 'ਦਿਲੀ' ਸ਼ਬਦ ਲਿਖਿਆ ਮਿਲਦਾ ਹੈ। ਤਾਂ ਉਹ ਮੀਲ ਪੱਥਰ ਮੰਜ਼ਿਲ ਨਹੀਂ ਹੈ। ਮੀਲ ਪੱਥਰ ਹੀ 'ਦਿੱਲੀ' ਨਹੀਂ ਹੈ। ਮੀਲ ਪੱਥਰ ਉਪਰ ਲਿਖਿਆ ਦਿੱਲੀ ਦੀ ਤਰਫ਼ ਇਕ ਇਸ਼ਾਰਾ ਹੈ। ਇਸ਼ਾਰਾ ਵੀ ਝੂਠ ਨਹੀਂ। ਪਰ ਇਸ਼ਾਰਾ ਮੰਜ਼ਲ ਨਹੀਂ ਹੈ। ਅਸੀਂ ਸਭ ਲੋਕ ਇਸ਼ਾਰੇ ਨੂੰ ਹੀ ਮੰਜ਼ਲ ਸਮਝ ਬੈਠਦੇ ਹਾਂ।

ਰੂਸ ਵਿਚ ਇਕ ਬਹੁਤ ਅਦਭੁਤ ਵਿਚਾਰਕ ਸੀ। ਜਿਸ ਦਾ ਨਾਮ ਸੀ ਆਸਪੈਂਸਕੀ। ਇਕ ਹੋਰ ਸਾਧੂ ਵੀ ਇਕ ਪਿੰਡ ਦਾ ਰਹਿਣ ਵਾਲਾ ਸੀ। ਜਿਸ ਦਾ ਨਾਮ ਗੁਰਜਿਅਫ਼ (Gurdief) ਸੀ। ਆਸਪੈਂਸਕੀ ਉਸ ਸਾਧੂ ਨੂੰ ਮਿਲਣ ਗਿਆ। ਜਦੋਂ ਮਿਲਣ ਗਿਆ, ਉਸ ਸਮੇਂ ਉਸ ਦੀਆਂ ਕਈ ਕਿਤਾਬਾਂ ਛਪੀਆਂ ਹੋਈਆਂ ਸਨ। ਇਕ ਕਿਤਾਬ ਵਿਚ ਤਾਂ ਉਸ ਨੂੰ ਏਨ੍ਹੀ ਜ਼ਿਆਦਾ ਪ੍ਰਸਿੱਧੀ ਮਿਲੀ ਸੀ, ਕਿ ਲੋਕ ਕਹਿੰਦੇ ਸਨ, ਦੁਨੀਆਂ ਵਿਚ ਉਸ ਦੇ ਮੁਕਾਬਲੇ ਦੀਆਂ ਸਿਰਫ਼ ਤਿੰਨ ਹੀ ਕਿਤਾਬਾਂ ਹਨ। ਇਕ ਅਰਸਤੂ ਨੇ ਲਿਖੀ ਹੈ। ਜੋ ਯੂਨਾਨ ਦਾ ਦਾਰਸ਼ਨਿਕ ਸੀ। ਉਸ ਕਿਤਾਬ ਦਾ ਨਾਮ ਆਰਗਾਨਾਨ (Organon) ਹੈ। ਇਹ ਕਿਤਾਬ **ਸਚਾਈ ਦਾ ਪਹਿਲਾ ਸਿਧਾਂਤ** ਹੈ। ਫਿਰ ਬੇਕਨ ਨੇ ਦੂਸਰੀ ਕਿਤਾਬ ਲਿਖੀ **"ਨੌਵਮ ਆਰਗਾਨਮ"** (Novum Organum) **ਸਚਾਈ ਦਾ ਦੂਸਰਾ ਸਿਧਾਂਤ।** ਤੀਸਰੀ ਕਿਤਾਬ ਆਸਪੈਂਸਕੀ ਨੇ ਲਿਖੀ ਹੈ **"ਤਿਰਤੀਅਮ ਆਰਗਾਨਮ,,** (Tertium Organum) **ਸਚਾਈ ਦਾ ਤੀਸਰਾ ਸਿਧਾਂਤ।** ਲੋਕ ਕਹਿੰਦੇ ਸਨ ਕਿ ਬੱਸ ਇਹ ਤਿੰਨ ਹੀ ਕਿਤਾਬਾਂ ਅਦਭੁਤ ਹਨ। ਆਸਪੈਂਸਕੀ ਦੀ ਕਿਤਾਬ ਛਪ ਗਈ ਸੀ। ਉਸ ਦੀ ਬਹੁਤ ਕੀਰਤੀ ਤੇ ਪ੍ਰਸਿੱਧੀ ਹੋ ਰਹੀ ਸੀ। ਉਹ ਗੁਰਜਿਅਫ਼ ਨੂੰ ਮਿਲਣ ਗਿਆ। ਗੁਰਜਿਅਫ਼ ਇਕ ਬਿਲਕੁਲ ਹੀ ਸਿੱਧਾ ਸਾਧਾ ਪਿੰਡ ਦਾ ਸਾਧੂ ਸੀ। ਗੁਰਜਿਅਫ਼ ਨੂੰ ਜਾਕੇ ਉਸ ਨੇ ਪੁਛਿਆ, ਕਿ ਮੈਂ ਆਪ ਪਾਸੋਂ ਕੁਝ ਪੁਛਣ ਆਇਆ ਹਾਂ। ਆਸਪੈਂਸਕੀ ਬਹੁਤ ਵੱਡਾ ਪੰਡਿਤ ਸੀ। ਗੁਰਜਿਅਫ਼ ਨੇ ਇਕ ਕੋਰਾ ਕਾਗ਼ਜ਼ ਉਸ ਦੇ ਹੱਥ ਵਿਚ ਪਕੜਾ ਦਿਤਾ ਅਤੇ ਕਿਹਾ। ਪਹਿਲਾਂ ਆਪ ਇਸ ਕਾਗ਼ਜ਼ ਉਪਰ ਲਿਖ ਦਿਉ ਜੋ ਤੁਸੀਂ ਜਾਣਦੇ ਹੋ। ਜੋ ਨਹੀਂ ਜਾਣਦੇ ਉਹ ਵੀ ਲਿਖ ਦਿਉ। ਕਿਉਂਕਿ ਜੋ ਤੁਸੀਂ ਜਾਣਦੇ ਹੋ ਉਸ ਦੇ ਸਬੰਧ ਵਿਚ ਮੈਂ ਬਿਲਕੁਲ ਗੱਲਬਾਤ ਨਹੀਂ ਕਰਾਂਗਾ। ਕਿਉਂਕਿ ਆਪ ਜਾਣਦੇ ਹੀ ਹੋ। ਜਿਸ ਸਬੰਧ ਵਿਚ ਆਪ ਨਹੀਂ ਜਾਣਦੇ, ਉਸ ਸਬੰਧ ਵਿਚ ਗੱਲਬਾਤ ਕਰਾਂਗਾ ਤੇ ਆਪ ਨੂੰ ਕੁਝ ਫ਼ਾਇਦਾ ਹੋਏਗਾ। ਜਿਸ ਸਬੰਧ ਵਿਚ

ਆਪ ਨੇ ਪੁਛਣਾ ਹੈ। ਈਸ਼ਵਰ, ਆਤਮਾ ਜਾਂ ਮੋਖਸ਼, ਲਿਖ ਦਿਉ।

ਆਸਪੈਂਸਕੀ ਕਾਗ਼ਜ਼ ਲੈ ਕੇ ਬੈਠਾ ਅਤੇ ਬੜੀ ਮੁਸ਼ਕਲ ਵਿਚ ਫਸ ਗਿਆ। ਖ਼ਿਆਲ ਆਇਆ ਕਿ ਈਸ਼ਵਰ ਦੇ ਸਬੰਧ ਵਿਚ ਤਾਂ ਜਾਣਿਆ ਹੈ। ਪਰ ਈਸ਼ਵਰ ਨੂੰ ਤਾਂ ਨਹੀਂ ਪਾਇਆ। ਸਿਰਫ਼ ਜਾਣਿਆ ਹੀ ਹੈ। ਆਤਮਾ ਦੇ ਬਾਰੇ ਵਿਚ ਵੀ ਸਿਰਫ਼ ਇਨ੍ਹਾਂ ਹੀ ਪਤਾ ਹੈ ਕਿ ਆਤਮਾ ਹੈ। ਪਰ ਆਤਮਾ ਨੂੰ ਤਾਂ ਨਹੀਂ ਵੇਖਿਆ। ਕਈ ਘੰਟੇ ਭਰ ਕਲਮ ਦੁਵਾਤ, ਕਾਗ਼ਜ਼ ਲੈ ਕੇ ਬੈਠਾ ਰਿਹਾ। ਪਰ ਇਕ ਸ਼ਬਦ ਲਿਖਣ ਦੀ ਹਿੰਮਤ ਨਾ ਪਈ। ਅੰਤ ਵਿਚ ਕੋਰਾ ਕਾਗ਼ਜ਼ ਗੁਰਜਿਅਫ਼ ਨੂੰ ਵਾਪਸ ਕਰਕੇ ਕਿਹਾ ਕਿ ਮੁਆਫ਼ ਕਰਨਾ! ਇਹ ਤਾਂ ਮੈਨੂੰ ਅੱਜ ਤਕ ਖ਼ਿਆਲ ਹੀ ਨਹੀਂ ਆਇਆ। ਤੁਸੀਂ ਤਾਂ ਇਕ ਮੁਸੀਬਤ ਖੜੀ ਕਰ ਦਿੱਤੀ ਹੈ। ਮੈਂ ਤਾਂ ਅੱਜ ਤਕ ਸਮਝਦਾ ਸੀ ਕਿ ਮੈਂ ਪ੍ਰਮਾਤਮਾ ਬਾਰੇ ਜਾਣਦਾ ਹਾਂ। ਪਰ ਮੇਰੀ ਹਿੰਮਤ ਹੀ ਨਹੀਂ ਪੈਂਦੀ ਕਿ ਮੈਂ ਲਿਖ ਸਕਾਂ ਕਿ ਮੈਂ ਜਾਣਦਾ ਹਾਂ। ਆਪ ਨੇ ਪੁਛਿਆ ਹੀ ਇੰਨੇ ਜ਼ੋਰ ਨਾਲ ਹੈ ਕਿ ਕਿਸੇ ਪਾਸੇ ਦੌੜ ਨਹੀਂ ਸਕਦਾ। ਸਭ ਵਿਦਿਆ, ਜਾਣਿਆ ਹੋਇਆ ਗਿਆਨ ਫੇਲ੍ਹ ਹੋ ਗਿਆ ਹੈ। ਬਹੁਤ ਸਾਰੇ ਅੱਖਰ ਪੜ੍ਹ ਲਏ ਹਨ। ਪਰ ਅੱਖਰ ਹੀ ਮੰਜ਼ਲ ਨਹੀਂ ਹੈ। ਮੰਜ਼ਲ ਤਾਂ ਅਗੇ ਹੈ, ਉਥੇ ਕਮਾਈ ਨਾਲ ਹੀ ਜਾਣਾ ਪੈਂਦਾ ਹੈ। ਮੇਰਾ ਜਿਥੋਂ ਤਕ ਜਾਨਣ ਦਾ ਸੁਆਲ ਹੈ! ਮੈਂ ਕੁਝ ਵੀ ਨਹੀਂ ਜਾਣਦਾ। ਗੁਰਜਿਅਫ਼ ਨੇ ਕਿਹਾ ਫਿਰ ਹੁਣ ਆਪ ਕੁਝ ਜਾਣ ਸਕਦੇ ਹੋ। ਕਿਉਂਕਿ ਜਾਨਣ ਯੋਗ ਪਹਿਲੀ ਗੱਲ ਕੀਤੀ ਹੈ ਕਿ ਆਪ ਕੁਝ ਵੀ ਨਹੀਂ ਜਾਣਦੇ। ਏਹ ਪਹਿਲੀ ਗੱਲ ਆਪ ਨੇ ਜਾਣ ਲਈ। ਸੁਕਰਾਤ ਜਦੋਂ ਬੁੱਢਾ ਹੋ ਗਿਆ ਤਾਂ ਸੁਕਰਾਤ ਨੇ ਸਾਰੇ ਏਥਨਸ਼ ਸ਼ਹਿਰ ਵਿਚ ਖ਼ਬਰ ਕਰ ਦਿੱਤੀ ਕਿ ਭੁਲ ਕੇ ਵੀ ਮੈਨੂੰ ਕੋਈ ਗਿਆਨੀ ਨਾ ਕਹੇ। ਜਦੋਂ ਮੈਂ ਜਵਾਨ ਸੀ ਤਾਂ ਮੈਨੂੰ ਭਰਮ ਸੀ ਕਿ ਮੈਂ ਜਾਣਦਾ ਹਾਂ। ਜਿਉਂ ਜਿਉਂ ਸਮਝ ਵਧੀ ਤਾਂ ਪਤਾ ਲਗਾ ਕਿ ਮੈਂ ਕੁਝ ਵੀ ਨਹੀਂ ਜਾਣਦਾ। ਮੈਂ ਕਹਿੰਦਾ ਹਾਂ ਕਿ ਮੇਰੇ ਤੋਂ ਵਧ ਮੂਰਖ ਹੀ ਕੋਈ ਨਹੀਂ ਹੈ। ਸੋ ਮੈਂ ਕੁਝ ਨਹੀਂ ਜਾਣਦਾ।

ਸਾਰੇ ਸ਼ਹਿਰ ਦੇ ਲੋਕਾਂ ਨੇ ਇਹ ਸੁਣਿਆ ਕਿ ਸੁਕਰਾਤ ਕਹਿੰਦਾ ਹੈ ਕਿ ਮੈਂ ਕੁਝ ਵੀ ਨਹੀਂ ਜਾਣਦਾ। ਬਜ਼ੁਰਗ ਲੋਕਾਂ ਨੇ ਤਾਂ ਇਹੀ ਕਿਹਾ ਕਿ ਸੁਕਰਾਤ ਗਿਆਨ ਦੇ ਮੰਦਰ ਵਿਚ ਪ੍ਰਵੇਸ਼ ਕਰ ਗਿਆ ਹੈ। ਕਿਉਂਕਿ ਆਪਣੇ ਆਪ ਨੂੰ ਨਾ ਸਮਝ, ਸਮਝ ਕੇ ਸਭ ਕੁਝ ਸਮਝਿਆ ਜਾ ਸਕਦਾ ਹੈ। ਗਿਆਨ ਦੇ ਮੰਦਰ ਵਿਚ ਉਹੀ ਪ੍ਰਵੇਸ਼ ਕਰਦੇ ਹਨ ਜਿਨ੍ਹਾਂ ਦਾ ਗਿਆਨ ਦਾ ਭਰਮ ਦੂਰ ਹੋ ਜਾਂਦਾ ਹੈ। ਜੋ ਕਹਿੰਦਾ ਹੈ, ਮੈਂ ਨਹੀਂ ਜਾਣਦਾ। ਉਹੀ ਤਾਂ ਸਭ ਕੁਝ

ਜਾਣ ਸਕਦਾ ਹੈ। ਗਿਆਨ ਦੇ ਦੁਆਰ ਉਸ ਵਾਸਤੇ ਖੁਲ੍ਹ ਜਾਂਦੇ ਹਨ। ਕਿਉਂਕਿ ਜੋ ਸਮਝ ਲੈਂਦਾ ਹੈ ਕਿ ਮੈਂ ਨਹੀਂ ਜਾਣਦਾ। ਉਸਦੀ ਅੱਖ ਬਾਹਰੋਂ ਅੰਦਰਮੁਖੀ ਦੇਖਣਾ ਅਰੰਭ ਕਰ ਦੇਂਦੀ ਹੈ।

ਹਰ ਵਸਤੂ ਬਾਰੇ ਜਾਣਕਾਰੀ ਹਾਸਲ ਕਰਨ ਦੀ ਮਨੁੱਖ ਦੇ ਅੰਦਰ ਇਕ ਤੀਬਰ ਭੁੱਖ ਹੈ। ਮਨੁੱਖੀ ਜੀਵਨ ਦੀ ਬਹੁਤ ਹਰਕਤ ਜਾਣਕਾਰੀ ਤੇ ਖੜੀ ਹੈ। ਜ਼ਹਿਰ ਤੇ ਅੰਮ੍ਰਿਤ ਦੀ ਜਾਣਕਾਰੀ ਹੋਣੀ ਹੀ ਚਾਹੀਦੀ ਹੈ। ਜੇ ਇਹ ਪਤਾ ਹੀ ਨਾ ਹੋਵੇ ਕਿ ਇਹ ਜ਼ਹਿਰ ਹੈ ਤੇ ਇਹ ਅੰਮ੍ਰਿਤ ਹੈ। ਫਿਰ ਜੀਵਨ ਦੀ ਹਰਕਤ ਰੁਕ ਜਾਂਦੀ ਹੈ। ਬਹੁਤ ਕੁਝ ਜੋ ਹੋ ਰਿਹਾ ਹੈ, ਉਸ ਵਿਚ ਮਨੁੱਖੀ ਜਾਣਕਾਰੀ ਮਦਦਗਾਰ ਹੈ। ਜਿਸ ਤਰ੍ਹਾਂ ਸਰੀਰ ਵਿਚ ਭੋਜਨ ਦੀ ਭੁਖ ਹੈ। ਉਸੇ ਤਰ੍ਹਾਂ ਦਿਮਾਗ਼ ਵਿਚ ਗਿਆਨ ਦੀ ਭੁਖ ਹੈ। ਕਈ ਦਫ਼ਾ ਮਨੁੱਖ ਆਪਣੀ ਸਰੀਰਕ ਭੁਖ ਦੀ ਪੂਰਤੀ ਗ਼ਲਤ ਭੋਜਨ ਨਾਲ ਕਰਦਾ ਹੈ। ਇਸ ਤਰ੍ਹਾਂ ਆਪਣੇ ਸਰੀਰ ਨੂੰ ਰੋਗੀ ਬਣਾ ਲੈਂਦਾ ਹੈ। ਕਈ ਦਫ਼ਾ ਗ਼ਲਤ ਗਿਆਨ ਨਾਲ ਮਨੁੱਖ ਆਪਣੇ ਦਿਮਾਗ਼ ਨੂੰ ਭਰ ਲੈਂਦਾ ਹੈ। ਫਿਰ ਦਿਮਾਗ਼ੀ ਤੌਰ ਤੇ ਰੋਗੀ ਹੋ ਜਾਂਦਾ ਹੈ।

ਜੇ ਗਿਆਨ (ਜਾਣਕਾਰੀ) ਹੀ ਗ਼ਲਤ ਹੈ, ਤਾਂ ਜੀਵਨ ਦਾ ਪ੍ਰਵਾਹ ਗ਼ਲਤ ਦਿਸ਼ਾ ਵਿਚ ਵਹਿ ਤੁਰੇਗਾ।

ਦੂਜੇ ਪਾਸੇ ਅਨਪੜ੍ਹ ਬੰਦੇ ਕੋਲ ਜਾਣਕਾਰੀ ਹੀ ਨਹੀਂ ਹੁੰਦੀ। ਇਸ ਕਰਕੇ ਅਨਪੜ੍ਹ ਬੰਦੇ ਦਾ ਸੰਸਾਰ ਦੇ ਬਹੁਤ ਸਾਰੇ ਖਿਤੇ ਨਾਲੋਂ ਸਬੰਧ ਟੁਟਿਆ ਰਹਿੰਦਾ ਹੈ।

ਅਨਪੜ੍ਹ ਬੰਦਾ ਭਾਵੇਂ ਸੰਸਾਰ ਨੂੰ ਸਮਝਣ ਵਿਚ ਅਸਮਰਥ ਰਹਿ ਜਾਵੇ, ਲੇਕਿਨ ਕਰਤਾਰ ਨੂੰ ਸਮਝਣ ਵਿਚ ਸਮਰਥ ਹੋ ਸਕਦਾ ਹੈ। ਕਿਉਂਕਿ ਪ੍ਰਮਾਤਮਾ ਕੋਈ ਸਿਖਾਏ ਜਾਣ ਦਾ ਵਿਸ਼ਾ ਨਹੀਂ ਹੈ। ਕੇਵਲ ਸਾਧਨਾ ਦਾ ਵਿਸ਼ਾ ਹੈ। ਆਪਣੇ ਆਪ ਦੀ ਕਰਾਂਤੀ (ਤਬਦੀਲੀ) ਹੈ। ਪੜ੍ਹਾਈ ਜਾਂ ਅਨਪੜ੍ਹਤਾਂ ਦਾ ਸੁਆਲ ਨਹੀਂ ਹੈ।

**ਜੋ ਪ੍ਰਾਣੀ ਗੋਵਿੰਦੁ ਧਿਆਵੈ ॥**
**ਪੜਿਆ ਅਣਪੜਿਆ ਪਰਮਗਤਿ ਪਾਵੈ ॥੧॥**

*(ਪੰਨਾ ੧੯੭)*

ਜਿਸ ਗਿਆਨ ਨਾਲ ਮਨੁੱਖੀ ਜ਼ਿੰਦਗੀ ਵਿਚ ਤਬਦੀਲੀ ਨਹੀਂ ਆਉਂਦੀ ਉਹ ਗਿਆਨ ਵਿਅਰਥ ਬੋਝ ਹੈ।

# ਮਨੁੱਖ ਦਾ ਵਿਗਿਆਨ
# ਅਤੇ
# ਕੁਦਰਤ ਦੀ ਕਲਾ

ਵਿਗਿਆਨੀ ਪਦਾਰਥ ਦੀ ਖੋਜ ਕਰਦਾ ਹੈ। ਵਿਗਿਆਨ ਨੇ ਪਦਾਰਥ ਨਾਲ ਮਿਹਨਤ ਕਰਕੇ ਪਦਾਰਥ ਨੂੰ ਨਿਖਾਰਿਆ ਹੈ। ਇਸ ਨਿਖਾਰ ਸਦਕਾ ਪਦਾਰਥ ਦੀ ਕੀਮਤ ਵਧ ਗਈ। ਸੰਸਾਰ ਦਾ ਬਹੁਤਾ ਝੁਕਾਉ ਪਦਾਰਥ ਵੱਲ ਹੋ ਗਿਆ ਹੈ। ਵਿਗਿਆਨ ਦੇ ਰਾਹੀਂ ਪਦਾਰਥ ਤੋਂ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਸੰਸਾਰ ਨੂੰ ਪ੍ਰਦਾਨ ਹੋਈਆਂ ਹਨ।

ਰੇਲ, ਮੋਟਰ, ਹਵਾਈ ਜਹਾਜ਼ ਤੇ ਘਰ ਵਿੱਚ ਵਰਤੇ ਜਾਣ ਵਾਲੇ ਸਾਜ਼ੋ ਸਮਾਨ ਵਿਚ ਵਿਗਿਆਨ ਦਾ ਹੱਥ ਹੈ।

ਜਿਥੇ ਵਿਗਿਆਨੀ ਨੇ ਪਦਾਰਥ ਨੂੰ ਸੰਵਾਰਿਆ ਤੇ ਸ਼ਿੰਗਾਰਿਆ ਹੈ। ਉਥੇ ਬ੍ਰਹਮ ਗਿਆਨੀ ਨੇ ਆਪਣੀ ਆਤਮਾ ਨੂੰ ਸੰਵਾਰਿਆ ਤੇ ਸ਼ਿੰਗਾਰਿਆ ਹੈ। ਬ੍ਰਹਮ ਗਿਆਨੀ ਦੀ ਮਿਹਨਤ ਵਿਗਿਆਨੀ ਨਾਲੋਂ ਵੀ ਕਠਨ ਹੈ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਪਦਾਰਥ ਤੋਂ ਪਾਰਦਰਸ਼ੀ ਹੈ। ਅਗੇ ਜਾਂਦੀ ਹੈ। ਪਦਾਰਥ ਤੋਂ ਪਾਰ ਵੇਖ ਸਕਦੀ ਹੈ। ਬ੍ਰਹਮ ਗਿਆਨੀ ਨੇ ਆਪਣੇ ਅਨੁਭਵ ਨਾਲ ਪਦਾਰਥ ਨੂੰ ਕਿਸੇ ਅਚੱਲ ਆਸਰੇ ਤੇ ਚਲਦਾ ਵੇਖਿਆ ਹੈ। ਪਦਾਰਥ ਚਲਾਇਮਾਨ ਹੈ। ਦ੍ਰਿਸ਼ਮਾਨ ਸੰਸਾਰ ਬ੍ਰਹਮ ਗਿਆਨੀ ਨੂੰ ਚਲਦਾ ਹੋਇਆ ਦਿਸਿਆ ਤਾਂ ਇਸ ਖ਼ਿਆਲ ਨੇ ਜਨਮ ਲਿਆ ਕਿ ਚਲਣਾ, ਨਿਹਚਲ ਦੇ ਆਸਰੇ ਤੇ ਹੀ ਹੋ ਸਕਦਾ ਹੈ।

ਵ੍ਹੀਲ (ਚੱਕਰ) ਦਾ ਧੁਰਾ ਰੁਕਿਆ ਰਹੇ ਤਾਂ ਹੀ ਚੱਕਰ ਚੱਲ ਸਕਦਾ ਹੈ। ਬ੍ਰਹਮ ਗਿਆਨੀ ਨੇ ਆਪਣਾ ਧਿਆਨ ਇਕਾਗਰ ਕਰਕੇ ਜਦੋਂ ਪਦਾਰਥ (ਸਰੀਰ) ਤੋਂ ਪਾਰ ਵੇਖਿਆ ਤਾਂ ਆਪਣੇ ਅੰਦਰ ਆਤਮਾ (ਨਿਜ ਸਰੂਪ) ਨਿਹਚਲ ਅਵਸਥਾ ਵਿਚ ਦਿੱਸੀ। ਬ੍ਰਹਮ ਗਿਆਨੀ ਨੂੰ ਉਸ ਨਿਹਚਲ ਅਵਸਥਾ ਵਿਚ ਪਰਮ ਅਨੰਦ ਦੀ ਪ੍ਰਾਪਤੀ ਹੋਈ। ਵਿਗਿਆਨੀ ਨੇ ਪਦਾਰਥ ਦਾ ਰੂਪ ਬਦਲ ਦਿੱਤਾ ਤੇ ਬ੍ਰਹਮ ਗਿਆਨੀ ਨੇ ਆਪਣਾ ਸਰੂਪ ਜਾਣ ਲਿਆ ਤੇ ਬਦਲ ਲਿਆ।

ਵਿਗਿਆਨੀ ਨੇ ਸੰਸਾਰ ਨੂੰ ਅਨੇਕਾਂ ਸੁੱਖ ਤਾਂ ਦਿੱਤੇ। ਪਰ ਆਤਮਕ ਪਰੇਸ਼ਾਨੀ ਦੀ ਪੀੜਾ ਤੇ ਦੁਖ ਸੰਤਾਪ ਦੂਰ ਨਾ ਕਰ ਸਕਿਆ।

ਵਿਗਿਆਨੀ ਆਪ ਖ਼ੁਦ ਵੀ ਅਕਸਰ ਆਤਮਕ ਰੂਪ ਵਿਚ ਦੁਖੀ ਹੋ ਜਾਂਦੇ ਹਨ। ਪਰ ਬ੍ਰਹਮ ਗਿਆਨੀ ਆਤਮਕ ਸੁਖੀ ਵੀ ਹੁੰਦਾ ਹੈ ਤੇ ਸੰਸਾਰ ਨੂੰ ਵੀ ਆਤਮਕ ਇਕਾਗਰਤਾ ਦੀ ਪ੍ਰੇਰਣਾ ਦਿੰਦਾ ਹੈ।

ਇਹ ਠੀਕ ਹੈ ਕਿ ਵਿਗਿਆਨੀ ਆਏ ਦਿਨ ਕੋਈ ਨਾ ਕੋਈ ਨਵਾਂ ਕਰਿਸ਼ਮਾ ਕਰ ਕੇ ਵਿਖਾਉਂਦਾ ਹੈ। ਇਸ ਵਾਸਤੇ ਆਤਮਕ ਸੁਖ ਲਈ ਕੋਈ ਉਤਸ਼ਾਹਤ ਨਹੀਂ ਹੁੰਦਾ। ਪਰ ਇਕ ਹਾਲਤ ਵਿਚ ਮਨੁੱਖ ਨੂੰ ਇਹ ਮੰਨਣਾ ਪੈਂਦਾ ਹੈ ਕਿ ਸੰਸਾਰਕ ਸੁਖ ਸਾਰੇ ਮੌਜੂਦ ਹੋਣ ਦੇ ਬਾਵਜੂਦ ਵੀ ਬੰਦਾ ਉਨ੍ਹੀ ਦੇਰ ਤਕ ਸੁਖੀ ਨਹੀਂ ਹੋ ਸਕਦਾ, ਜਿੰਨੀ ਦੇਰ ਤਕ ਆਤਮ ਗਿਆਨ ਨਾ ਆਵੇ। ਸੰਸਾਰ ਕੋਲ ਸੁਖਾਂ ਦੇ ਸਾਧਨ ਸਾਰੇ ਹੀ ਮੌਜੂਦ ਹਨ। ਪਰ ਸਾਰਾ ਸੰਸਾਰ ਫਿਰ ਵੀ ਦੁਖੀ ਹੈ। ਕਾਰਨ ਕਿ ਆਤਮ ਗਿਆਨ ਦੀ ਸਮਝ ਨਹੀਂ ਹੈ। ਇਸ ਵਾਸਤੇ ਇਹ ਮੰਨਣਾ ਪਏਗਾ ਕਿ ਵਿਗਿਆਨੀ, ਬ੍ਰਹਮ ਗਿਆਨੀ ਨਾਲੋਂ ਅੱਗੇ ਜਾਕੇ ਵੀ ਪਿੱਛੇ ਹੈ। ਬ੍ਰਹਮ ਗਿਆਨੀ ਪਿੱਛੇ ਰਹਿ ਕੇ ਵੀ ਅੱਗੇ ਹੈ। ਪਦਾਰਥ ਦੀ ਖੋਜ ਨਾਲੋਂ ਆਤਮਕ ਖੋਜ ਕਠਨ ਹੈ। ਇਸ ਵਾਸਤੇ ਇਸ ਮਾਰਗ ਦੇ ਰਾਹੀ ਘੱਟ ਹਨ। ਪਰ ਬ੍ਰਹਮ ਗਿਆਨੀ ਦਾ ਵਿਸ਼ਵਾਸ ਹੈ ਕਿ ਵਿਗਿਆਨ ਜੋ ਕੁਝ ਸਾਰੇ ਬ੍ਰਹਿਮੰਡ ਦੀ ਖ਼ਾਕ ਛਾਣ ਕੇ ਪ੍ਰਾਪਤ ਕਰਦਾ ਹੈ। ਉਸ ਭੇਦ ਨੂੰ, ਬ੍ਰਹਮ ਗਿਆਨੀ ਆਪਣੇ ਪਿੰਡੇ (ਸਰੀਰ) ਵਿਚੋਂ ਹੀ ਉਜਾਗਰ ਕਰਦਾ ਹੈ। ਬ੍ਰਹਮ ਗਿਆਨੀ ਪਿੰਡੇ ਵਿਚੋਂ ਸਮੂੰਹ ਬ੍ਰਹਮੰਡ ਦਾ ਰਾਜ ਪ੍ਰਗਟ ਕਰਦਾ ਹੈ —

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**

*(ਪੰਨਾ ੬੯੫)*

ਵਿਗਿਆਨ ਨੇ ਬਾਹਰੀ ਦੁਨੀਆਂ ਨੂੰ ਬਹੁਤ ਸੁੱਖ ਦਿੱਤਾ ਹੈ। ਕਾਲੀਆਂ ਰਾਤਾਂ ਨੂੰ ਦਿਨ ਦੀ ਰੋਸ਼ਨੀ ਵਿਚ ਬਦਲਣ ਵਾਲੀਆਂ ਬਿਜਲੀਆਂ ਮੌਜੂਦ ਹਨ। ਬਾਹਰ ਦੇ ਅੰਧੇਰੇ ਦਾ ਜੋ ਡਰ ਸੀ ਉਹ ਖ਼ਤਮ ਹੋ ਗਿਆ ਹੈ। ਏਨੀ ਰੋਸ਼ਨੀ ਕਦੇ ਅਕਬਰ ਦੇ ਘਰ ਨਹੀਂ ਸੀ ਹੁੰਦੀ, ਜਿੰਨੀ ਅੱਜ ਇਕ ਗ਼ਰੀਬ ਤੋਂ ਗ਼ਰੀਬ ਦੇ ਘਰ ਵਿੱਚ ਹੈ। ਬਾਹਰ ਤਾਂ ਸੰਸਾਰ ਨੂੰ ਕਾਫ਼ੀ ਪ੍ਰਕਾਸ਼ ਮਿਲ ਗਿਆ ਹੈ। ਹੁਣ ਸਿਰਫ਼ ਅੰਦਰੂਨੀ ਪ੍ਰਕਾਸ਼ ਦੀ ਲੋੜ ਹੈ। ਅੱਜ ਦਾ ਮਨੁੱਖ ਅੰਦਰੂਨੀ ਰੂਪ ਵਿਚ ਬੜਾ ਗਹਿਰਾ ਦੁਖ ਮਹਿਸੂਸ ਕਰ ਰਿਹਾ ਹੈ। ਇਹ

ਦੁਖ ਦੂਰ ਹੁੰਦਾ ਨਹੀਂ ਦਿਸਦਾ। ਬਲਕਿ ਵਧਦਾ ਹੀ ਜਾ ਰਿਹਾ ਹੈ। ਮਨੁੱਖ ਇਸ ਦੁੱਖ ਦਾ ਇਲਾਜ ਨਹੀਂ ਲੱਭ ਰਿਹਾ। ਬਲਕਿ ਬਾਹਰ ਦੇ ਸੁੱਖਾਂ ਰਾਹੀਂ ਇਸ ਦੁੱਖ ਨੂੰ ਭੁਲਾਉਣ ਦਾ ਜਤਨ ਕਰਦਾ ਹੈ। ਇਸ ਕਰਕੇ ਮਨੁੱਖ ਦੇ ਅੰਦਰ ਆਤਮ ਗਿਆਨ ਦੀ ਭੁਖ ਨਹੀਂ ਪ੍ਰਗਟ ਹੁੰਦੀ। ਕੋਈ ਤਲਬ ਨਹੀਂ ਹੈ। ਇਸ ਵਾਸਤੇ ਜਿੰਨੀ ਮਨੁੱਖਤਾ ਅੱਜ ਭਟਕੀ ਹੋਈ ਹੈ। ਉਨ੍ਹੀ ਪਹਿਲਾਂ ਕਦੀ ਨਹੀਂ ਸੀ ਭਟਕੀ। ਕਿਉਂਕਿ ਪਹਿਲਾਂ ਮਨੁੱਖ ਪ੍ਰਾਕਿਰਤਕ ਜੀਵਨ ਜਿਉਂਦਾ ਸੀ। ਜਦੋਂ ਕਿ ਅੱਜ ਦੇ ਵਿਗਿਆਨ ਨੇ ਕੁਦਰਤ ਵਿੱਚ ਦਖ਼ਲ ਅੰਦਾਜ਼ੀ ਕੀਤੀ ਹੈ। ਅੱਜ ਦੇ ਬੰਦੇ ਦਾ ਮਨ ਭਟਕ ਗਿਆ ਹੈ। ਇਸ ਵਾਸਤੇ ਗੁਰੂ ਦੀ ਲੋੜ ਜਿੰਨੀ ਅੱਜ ਹੈ ਉਨ੍ਹੀ ਪਹਿਲਾਂ ਨਹੀਂ ਸੀ।

# ਸੰਸਾਰ ਰਚਨਾ ਅਤੇ ਕੁਦਰਤ ਦੀ ਕਲਾ

ਗੁਰਬਾਣੀ ਦੀ ਰੌਸ਼ਨੀ ਤੋਂ ਪਤਾ ਕਰੀਏ ਕਿ ਸੰਸਾਰ ਰਚਨਾ ਕਿਵੇਂ ਹੋਈ? ਜਿਸ ਢੰਗ ਨਾਲ ਸੰਸਾਰ ਰਚਨਾ ਨੂੰ ਗੁਰਬਾਣੀ ਨੇ ਮੰਨਿਆ ਹੈ। ਸੰਸਾਰ ਦੇ ਸਾਰੇ ਅਧਿਆਤਮਕ ਗ੍ਰੰਥ ਗੁਰਮਤ ਨਾਲ ਸਹਿਮਤ ਹਨ। ਸੰਸਾਰ ਦੇ ਸਮੂਹ ਅਧਿਆਤਮਕ ਲੋਕ ਵੀ ਗੁਰਬਾਣੀ ਦੀ ਵੀਚਾਰਧਾਰਾ ਨਾਲ ਸਹਿਮਤ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਹਿਣਾ ਹੈ ਕਿ ਇਸ ਦ੍ਰਿਸ਼ਟਮਾਨ ਸੰਸਾਰ ਤੋਂ ਬਹੁਤ ਸਮਾਂ ਪਹਿਲਾਂ, ਜਿਸ ਸਮੇਂ ਦੀ ਗਿਣਤੀ ਸਾਲਾਂ ਬੱਧੀ ਤਾਂ ਕੀਤੀ ਨਹੀਂ ਜਾ ਸਕਦੀ। ਇਸ ਸਮੇਂ ਬਾਰੇ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਅਰਬਦ ਨਰਬਦ ਸ਼ਬਦ ਵਰਤੇ ਹਨ। ਪਰ ਕਹਿੰਦੇ ਹਨ ਕਿ ਇਹ ਗਣਿਤ ਦੀ ਮਜਬੂਰੀ ਹੈ। ਵਰਨਾ "ਅਰਬਦ ਨਰਬਦ" ਲਫ਼ਜ਼ ਵੀ ਇਕ ਹੱਦ ਹੈ। ਪਰ ਪ੍ਰਭੂ ਰਚਨਾ ਅਨਹਦ ਪ੍ਰਵਹਿਣ ਅਜ਼ਲਾਂ ਤੋਂ ਨਿਰੰਤਰ ਵਹਿ ਰਿਹਾ ਹੈ।

ਅਰਬਦ (अर्वुद) ਯਾਨੀ ਦਸ (10) ਕਰੋੜ ਸਾਲ।

ਨਰਬਦ (नर्वुद) ਯਾਨੀ ਕਿ ਨ+ਅਰਬਦ (न + अर्वुद)

ਭਾਵ ਕਿ ਜਿਸ ਲਈ ਲਫ਼ਜ਼ "ਅਰਬਦ" ਵੀ ਨਹੀਂ ਵਰਤਿਆ ਜਾ ਸਕਦਾ।

ਉਸ ਵੇਲੇ ਨਾ ਇਹ ਧਰਤੀ ਸੀ, ਨਾ ਅਕਾਸ਼ ਸੀ, ਨਾ ਹੀ ਉਸ ਬੇਅੰਤ ਪ੍ਰਭੂ ਦੀ ਰਚਨਾ "ਮਾਇਆ" ਸੀ। ਸਿਵਾਇ ਪ੍ਰਭੂ ਤੋਂ ਹੋਰ ਕੁਝ ਵੀ ਨਹੀਂ ਸੀ। ਉਦੋਂ ਪ੍ਰਮਾਤਮਾ ਮਾਨੋਂ ਆਪਣੇ ਆਪ ਵਿੱਚ ਹੀ ਸਮਾਧੀ ਲਾਈ ਬੈਠਾ ਸੀ। ਜਿਸ ਵਿਚ ਕਿਸੇ ਕਿਸਮ ਦਾ ਕੋਈ ਫੁਰਨਾ ਨਹੀਂ ਸੀ। ਉਸ ਅਫੁੱਰ ਸਮਾਧੀ ਬਾਰੇ ਮਾਰੂ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜ਼ਿਕਰ ਕੀਤਾ ਹੈ —

**ਅਰਬਦ ਨਰਬਦ ਧੁੰਧੂਕਾਰਾ॥**

**ਧਰਣਿ ਨ ਗਗਨਾ ਹੁਕਮੁ ਅਪਾਰਾ ॥**
**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ**
**ਸੁੰਨ ਸਮਾਧਿ ਲਗਾਇਦਾ ॥੧॥** *(ਪੰਨਾ ੧੦੩੫)*

ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਇਨ੍ਹਾਂ ਵਿਚਾਰਾਂ ਨਾਲ ਹੀ ਮਿਲਦੇ ਵਿਚਾਰ "ਰਿਗ ਵੇਦ" ਦੇ ਦੋ ਮੰਤਰਾਂ ਦੇ ਵਿਚਾਰ ਹਨ।

**ਨਾਸਦਾਸੀਨ੍ਨੋ ਸਦਾਸੀਤ੍ ਤਦਾਨੀਂ,**
**ਨਾਸੀਦ੍ਰਜੋ ਨੋ ਵ੍ਯੋਸਾ ਪਰੋ ਯਤ੍ ॥**
**ਕਿਮਾਵਰੀਵ: ਕੁਹ ਕਸ੍ਯ ਸ਼ਰਮਨ੍ਨਮ੍ਭ:,**
**ਕਿਮੀਸੀਦ੍ ਗਹਨੰ ਗਭੀਰਮ੍ ॥੧॥**

*(ਮੰਤਰ ਨੰ: ੧, ਰਿਗ ਵੇਦ, ਮੰਡਲ ੧੦, ਸੂਕਤ ੧੨੯)*

ਭਾਵ ਕਿ ਉਦੋਂ ਨਾ ਹੋਂਦ ਸੀ। ਨ ਅਣਹੋਂਦ ਸੀ। ਨਾ ਵਾਯੂ ਮੰਡਲ ਸੀ। ਨਾ ਉਸ ਤੋਂ ਪਰ੍ਹੇ ਕੋਈ ਅਸਮਾਨ ਸੀ। ਕੀ ਗੁੱਝਾ ਸੀ? ਅਤੇ ਕਿਥੇ ਸੀ? ਕਿਸ ਆਸਰੇ ਸੀ? ਕੀ ਪਾਣੀ ਸੀ? ਕੀ ਸਮੁੰਦਰ ਸੀ? ਕੁਝ ਪਤਾ ਨਹੀਂ ਕੀ ਸੀ?

**ਨ ਮ੍ਰਿਤ੍ਯੁਰਾਸੀਦਾਮ੍ਰਿਤੰ ਨ ਤਰਿਹ,**
**ਨ ਰਾਤ੍ਰਯਾ ਅਹ੍ ਨ ਆਸੀਤ੍ ਪ੍ਰਕੇਤ: ॥**
**ਆਨੀਦਵਾਤੰ ਸ੍ਵਧਯਾ ਤਦੇਕੰ ਤਸ੍ਸਾਦ੍**
**ਧਾਨ੍ਯਨਨਧਰ: ਕਿ ਚਨਾਸ ॥ ੨ ॥**

*(ਮੰਤਰ ਨੰ: ੨, ਰਿਗ ਵੇਦ, ਮੰਡਲ ੧੦, ਸੂਕਤ ੧੨੯)*

ਭਾਵ ਕਿ ਉਦੋਂ ਨਾ ਮੌਤ ਸੀ। ਨ ਕਿਤੇ ਅਮਰਤਾ ਦੀ ਹੋਂਦ ਸੀ। ਨਾ ਦਿਨ ਰਾਤ ਦੀ ਵਿਭਾਜਕ ਰੇਖਾ ਸੀ। ਕੇਵਲ, ਉਹ ਆਪ ਪ੍ਰਭੂ! ਸੁਆਸ ਰਹਿਤ ਮੌਜੂਦ ਸੀ। ਉਸ ਤੋਂ ਪਰ੍ਹੇ ਕੁਝ ਵੀ ਨਹੀਂ ਸੀ।

ਏਨਾ ਰਿਗ ਵੇਦ ਦੇ ਮੰਤਰਾਂ ਵਿਚ, ਇਹ ਸਾਖੀ ਭਰੀ ਗਈ ਹੈ ਕਿ ਸੰਸਾਰ ਰਚਨਾ ਤੋਂ ਪਹਿਲਾਂ, ਵਾਕਿਆ ਹੀ, ਪ੍ਰਭੂ ਆਪ ਹੀ ਆਪ ਸੀ। ਸੁੰਨ ਸਮਾਧੀ ਵਿਚ ਸੀ। ਬਾਕੀ ਹੋਰ ਕੁਝ ਵੀ ਨਹੀਂ ਸੀ।

ਫਿਰ ਸਵਾਲ ਹੈ ਕਿ ਸ੍ਰਿਸ਼ਟੀ ਦੀ ਰਚਨਾ ਦਾ ਮੁੱਢ ਕਦੋਂ ਬੱਝਾ ?

ਇਹ ਇਕ ਗੁੰਝਲਦਾਰ ਪ੍ਰਸ਼ਨ ਹੈ। ਇਸ ਪ੍ਰਸ਼ਨ ਨੂੰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਸ੍ਰਿਸ਼ਟੀ ਦੀ ਉਮਰ ਕਿੰਨੀ ਹੈ?

ਇਸ ਪ੍ਰਸ਼ਨ ਵਿੱਚ ਸਮੇਂ (Time) ਦੀ ਗੱਲ ਕੀਤੀ ਗਈ ਹੈ। ਦਿਨ, ਵਾਰ ਤੇ ਤਾਰੀਕ ਪੁੱਛੀ ਗਈ ਹੈ।

ਪੱਛਮੀ ਦਰਸ਼ਨ ਦੀ ਸ਼ਬਦਾਵਲੀ ਵਿੱਚ, ਸੰਸਾਰ ਇਤਿਹਾਸ ਦੀ ਲਿਖਾਈ ਹੈ। Chronology of the world ਉਸ ਲਿਖਾਈ ਅਨੁਸਾਰ ਵਿਚਾਰਵਾਨਾਂ ਦੇ ਦੋ ਧੜੇ ਹਨ। ਇਕ ਧੜਾ ਭੌਤਿਕਵਾਦੀਆਂ ਦਾ ਹੈ। ਦੂਜਾ ਧੜਾ ਅਧਿਆਤਮਵਾਦੀਆਂ ਦਾ ਹੈ। ਭੌਤਿਕਵਾਦੀ ਤਾਂ ਸ੍ਰਿਸ਼ਟੀ ਨੂੰ ਅਨਾਦਿ ਮੰਨਦੇ ਹਨ। ਉਨ੍ਹਾਂ ਅਨੁਸਾਰ, ਸ੍ਰਿਸ਼ਟੀ ਧੁਰ ਅਜ਼ਲਾਂ ਤੋਂ ਇੱਕ ਨਿਰੰਤਰ ਪ੍ਰਵਾਹ ਹੈ। ਜੋ ਕਦੇ ਰੁਕਿਆ ਨਹੀਂ। ਸ੍ਰਿਸ਼ਟੀ ਦਾ ਨਾ ਕੋਈ ਆਦਿ (ਮੁੱਢ) ਹੈ ਅਤੇ ਨਾ ਕੋਈ ਅੰਤ ਹੈ। ਇਹ ਸਵੈਚਲਿਤ ਵਹਿਣ ਹੈ।

ਪਰ ਦੂਜੇ ਪਾਸੇ ਉਹ ਬ੍ਰਹਮ ਵਿਚਾਰਕ ਮਹਾਪੁਰਖ ਹਨ। ਜਿਨ੍ਹਾਂ ਦੀ ਖੋਜ ਅਧਿਆਤਮਕ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਅਨੇਕਾਂ ਯੁੱਗ ਇਸ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੀ ਨਹੀਂ ਸੀ। ਆਪ ਹੀ ਪ੍ਰਮਾਤਮਾ ਸਮਾਧੀ ਸਥਿਤ ਸੀ। ਉਸ ਧੁੰਧੂਕਾਰ ਵਿੱਚ ਆਪ ਹੀ ਪ੍ਰਮਾਤਮਾ ਨਿਰਲੇਪ ਬੈਠਾ ਸੀ। ਉਹ ਸੈਭੰ ਹੈ। ਆਪਣੇ ਆਪ ਤੋਂ ਆਪ ਹੈ। ਅਨੇਕਾਂ ਹੀ ਯੁੱਗ ਇਸ ਘੁੱਪ ਹਨੇਰੇ ਦੇ ਲੰਘ ਗਏ। ਭਾਵ ਕਿ ਸ੍ਰਿਸ਼ਟੀ-ਰਚਨਾ ਤੋਂ ਬਿਅੰਤ ਸਮਾਂ ਪਹਿਲਾਂ ਅਜਿਹੀ ਹਾਲਤ ਸੀ। ਉਸ ਹਾਲਤ ਬਾਰੇ ਯਕੀਨ ਨਾਲ ਕੁਝ ਸਮਝ ਨਹੀਂ ਆ ਸਕਦੀ। ਅਧਿਆਤਮਕ ਵਿਦਿਆ ਅਨੁਸਾਰ, ਉਦੋਂ ਅਪਰ ਅਪਾਰ ਪ੍ਰਮਾਤਮਾ ਨੇ, ਆਪਣੇ ਆਪ ਵਿਚ, ਆਪ ਹੀ ਸਮਾਧੀ ਲਾਈ ਹੋਈ ਸੀ। ਉਦੋਂ ਨਾਹੀ ਇਸ ਜਗਤ ਦਾ ਖਲਾਰਾ ਸੀ। ਨਾ ਹੀ ਮੋਹ ਮਾਇਆ ਦਾ ਚੱਕਰ ਸੀ। ਅਧਿਆਤਮਕ ਵਿਦਿਆ ਅਨੁਸਾਰ, ਉਸ ਪਰੀਪੂਰਨ ਪ੍ਰਮਾਤਮਾ ਨੇ ਘੁੱਪ ਹਨੇਰੇ ਦੇ ਛੱਤੀ ਯੁਗ ਇਸੇ ਤਰ੍ਹਾਂ ਹੀ ਵਰਤਾਈ ਰਖੇ। ਜਿਵੇਂ ਉਸ ਨੂੰ ਚੰਗਾ ਲੱਗਾ, ਉਵੇਂ ਹੀ ਉਹ ਉਸ ਘੁੱਪ ਅੰਧੇਰੇ ਵਾਲੀ ਕਾਰ ਹੀ ਚਲਾਉਂਦਾ ਰਿਹਾ। ਉਸ ਦੇ ਬਰਾਬਰ ਉਸ ਦਾ ਕੋਈ ਸ਼ਰੀਕ ਨਹੀਂ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ —

**ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੈ॥**
**ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ॥ ੧॥**
**ਜੁਗ ਛਤੀਹ ਤਿਨੈ ਵਰਤਾਏ॥ ਜਿਉ ਤਿਸੁ ਭਾਣਾ ਤਿਵੈ ਚਲਾਏ॥**
**ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ॥ ੨॥**

*(ਮਾਰੂ ਮ: ੧, ਪੰਨਾ ੧੦੨੬)*

ਧੰਨ ਗੁਰੂ ਅਮਰ ਦਾਸ ਜੀ ਦੇ ਵਿਚਾਰ ਵੀ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਹੀ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ —

**ਜੁਗ ਛਤੀਹ ਕੀਓ ਗੁਬਾਰਾ॥**
**ਤੂ ਆਪੇ ਜਾਣਹਿ ਸਿਰਜਣਹਾਰਾ॥**
**ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ**
**ਤੂ ਆਪੇ ਕੀਮਤਿ ਪਾਇਦਾ॥੧॥** *(ਪੰਨਾ ੧੦੬੧)*

ਦਰਅਸਲ ਗੁਰਮਤ ਨੇ ਇਹ ਫ਼ੈਸਲਾ ਦਿੱਤਾ ਹੈ ਕਿ ਉਹ ਪ੍ਰਮਾਤਮਾ, ਜਿਸ ਤੋਂ ਪਰ੍ਹੇ ਹੋਰ ਕੁਝ ਵੀ ਨਹੀਂ। ਨਿਰੋਲ ਆਪੇ ਹੀ ਆਪ ਹੈ। ਉਹ ਆਪਣੀ ਕਲਾ ਨਾਲ ਯਾਨੀ ਕਿ ਕੁਦਰਤ ਨਾਲ ਸਦਾ ਸੁੰਨ ਵੀ ਵਰਤਾ ਸਕਦਾ ਹੈ ਅਤੇ ਆਪ ਹੀ ਆਪਣੀ ਕਲਾ ਨਾਲ ਯਾਨੀ ਕਿ ਕੁਦਰਤ ਨਾਲ ਰਚਨਾ ਰਚਦਾ ਹੈ।

**ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥**
**ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥੧॥**
**ਪਉਣੁ ਪਾਣੀ ਸੁੰਨੈ ਤੇ ਸਾਜੇ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥**
**ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥**
*(ਪੰਨਾ ੧੦੩੭)*

ਇਸ ਤਰ੍ਹਾਂ ਦੇ ਵਿਚਾਰ ਪੁਰਾਤਨ ਗ੍ਰੰਥ ਰਿਗ ਵੇਦ ਵਿੱਚ ਫਿਰ ਮਿਲਦੇ ਹਨ।

**ਤਮ ਅਸੀਤ੍ ਤਮਸਾ ਗੂਵਵਹ ਮਗਾਪ੍ਰਕੇਤੰ ਸਲਿਲੰ ਸਰਵਮਾਂ ਇਦਮ॥**
**ਤੁਚਛਯੇ ਨਾਭ, ਵਪਿਹਤੇ ਯਦਾ ਸੀਤ੍ ਤਪਸਸਤਨਮਹਿਨਾਜਾਯਤੈਕਸ॥੩॥**
*(ਮੰਤਰ ਨੰ: ੩, ਰਿਗ ਵੇਦ, ਮੰਡਲ ੧੦, ਸੂਕਤ ੧੨੯)*

ਭਾਵ ਕਿ ਉਦੋਂ ਅੰਧਕਾਰ ਸੀ। ਜੋ ਕੁਝ ਵੀ ਸੀ, ਉਹ ਸਾਰਾ ਉਥੱਲ ਪੁਥੱਲ ਸੀ। ਅੰਧੇਰਾ ਹੀ ਅੰਧੇਰਾ ਸੀ। ਜੋ ਕੁਝ ਉਸ ਵੇਲੇ ਹੋਂਦ ਵਿੱਚ ਸੀ, ਉਹ ਅਕਾਰ ਰਹਿਤ ਤੇ ਸੁੰਨ ਸੀ। ਉਦੋਂ ਹੀ ਸੁੰਨਧਾਰੀ ਪ੍ਰਮਾਤਮਾ ਦੀ ਮਹਾਨ ਸ਼ਕਤੀ ਤੋਂ ਸ੍ਰਿਸ਼ਟੀ ਦੀ ਸਾਜਨਾ ਸ਼ੁਰੂ ਹੋਈ। ਇਹ ਰਚਨਾ ਕਦੋਂ ਹੋਈ? ਇਹ ਦਿਨ, ਵਾਰ ਤੇ ਤਾਰੀਖ਼ ਨਾ ਕਿਸੇ ਅਧਿਆਤਮਕਵਾਦੀ ਬ੍ਰਹਮ ਵਿਚਾਰਕ ਮਹਾਂਪੁਰਖ ਨੇ ਦੱਸੀ ਹੈ ਅਤੇ ਨਾ ਹੀ ਕਿਸੇ ਭੌਤਿਕਵਾਦੀ ਵਿਗਿਆਨੀ ਨੇ